# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUAMANTRY AMRITSAR TIMES

West/East Coast Edition | Volume 6 | Issue 13 | 29 March to 04 April 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਖਾਲਸਾ ਸਾਜਨਾ ਦਿਵਸ ਨੂੰ 'ਸਿੱਖ ਦਿਵਸ' ਵਜੋਂ ਪ੍ਰਵਾਨਗੀ ਲਈ ਅਮਰੀਕੀ ਸਿੱਖ ਜਥੇਬੰਦੀਆਂ ਸਰਗਰਮ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੀ ਸੰਸਦ ਵੱਲੋਂ ਅਮਰੀਕਾ ਵਿੱਚ ਖਾਲਸਾ ਸਾਜਨਾ ਦਿਵਸ (ਵਿਸਾਖੀ) ਨੂੰ 'ਨੈਸ਼ਨਲ ਸਿੱਖ ਡੇਅ' ਵਜੋਂ ਪ੍ਰਵਾਨਗੀ ਦਿਵਾਉਣ ਲਈ ਇਥੋਂ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਨੇ ਸਰਗਰਮੀਆਂ ਆਰੰਭ ਦਿੱਤੀਆਂ ਹਨ। ਇਸ ਸਬੰਧੀ ਬਣਾਈ ਗਈ ਸਿੱਖ ਤਾਲਮੇਲ ਕਮੇਟੀ ਈਸਟ ਕੋਸਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਦੱਸਿਆ ਕਿ ਵਿਸਾਖੀ ਦੇ ਦਿਹਾੜੇ ਨੂੰ ਅਮਰੀਕਾ ਦਾ 'ਨੈਸ਼ਨਲ ਸਿੱਖ ਡੇਅ' ਸਥਾਪਤ ਕਰਾਉਣ ਲਈ ਯਤਨ ਸ਼ੁਰੂ ਕੀਤੇ ਗਏ ਹਨ। ਹੁਣ ਤੱਕ 92 ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਨੇ ਇਕਮੁੱਠਤਾ ਪ੍ਰਗਟਾਉਂਦਿਆਂ ਇਸ ਫੈਸਲੇ ਸਬੰਧੀ ਮਤੇ ਪਾ ਕੇ ਸਹਿਮਤੀ ਦਿੱਤੀ ਹੈ। ਇਸ ਤੋਂ ਪਹਿਲਾਂ ਅਮਰੀਕਾ ਦੀ ਸੰਸਦ ਵਿੱਚ ਵਿਸਾਖੀ ਦੇ ਦਿਹਾੜੇ ਨੂੰ ਅਮਰੀਕਾ ਦਾ 'ਨੈਸ਼ਨਲ ਸਿੱਖ ਡੇਅ' ਸਥਾਪਤ ਕਰਾਉਣ ਲਈ ਜ਼ੋਰ ਪਾਇਆ ਜਾਵੇਗਾ। ਜੇ ਅਮਰੀਕਾ ਵਿੱਚ ਇਸ ਦਿਨ ਨੂੰ ਮਾਨਤਾ ਦੇ ਦਿੱਤੀ ਗਈ ਤਾਂ ਮਗਰੋਂ ਪੂਰੇ ਵਿਸ਼ਵ ਵਿੱਚ ਇਸ ਦਿਨ ਨੂੰ 'ਵਿਸ਼ਵ ਸਿੱਖ ਦਿਵਸ' ਸਥਾਪਤ ਕਰਾਉਣ ਲਈ ਕੰਮ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 8 ਅਪ੍ਰੈਲ ਨੂੰ ਵਾਸ਼ਿੰਗਟਨ ਡੀਸੀ ਵਿਚ ਨੈਸ਼ਨਲ ਸਿੱਖ ਡੇਅ ਪਰੇਡ ਕਰਨ ਵਾਸਤੇ ਅਮਰੀਕਾ ਦੀਆਂ ਗੁਰਦੁਆਰਾ ਕਮੇਟੀਆਂ, ਸਿੱਖ ਜਥੇਬੰਦੀਆਂ ਵੱਲੋਂ ਮਤੇ ਪਾ ਕੇ ਫੈਸਲੇ ਕੀਤੇ ਜਾ ਰਹੇ ਹਨ।

# ਕੈਪਟਨ ਸਰਕਾਰ ਦੀ ਮੜ੍ਹਕ, ਲੋਕ ਮਸਲਿਆਂ ਦੀ ਰੜਕ

• ਨੌਜਵਾਨਾਂ ਨੂੰ 'ਕਰਜ਼ਦਾਰ' ਬਣਾ ਕੇ ਦਿੱਤਾ ਜਾਵੇਗਾ ਰੁਜ਼ਗਾਰ • ਕਿਸਾਨਾਂ ਦੀ ਜ਼ਮੀਨ ਤਾਂ ਕੁਰਕ ਨਹੀਂ ਹੋਵੇਗੀ, ਕਰਜ਼ਾ ਮੁਆਫ਼ੀ ਬਾਰੇ ਪਤਾ ਨਹੀਂ

### ਛੋਟੇ-ਮੋਟੇ 200 ਨਸ਼ਾ ਤਸਕਰ ਫੜ ਕੇ ਪਿੱਠ ਠੋਕੀ, ਵੱਡੇ ਸਿਆਸੀ ਆਗੂਆਂ ਨੂੰ ਕਲੀਨ ਚਿੱਟ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿਚੋਂ ਚਿੱਟੇ ਸਮੇਤ ਹੋਰ ਨਸ਼ਿਆਂ ਦਾ ਖਾਤਮਾ ਤੇ ਨੌਜਵਾਨਾਂ ਨੂੰ ਰੁਜ਼ਗਾਰ, ਕਿਸਾਨਾਂ ਨੂੰ ਖ਼ੁਦਕੁਸ਼ੀਆਂ ਦੇ ਰਾਹ ਪੈਣ ਤੋਂ ਰੋਕਣ ਵਰਗੇ ਅਹਿਮ ਮਸਲੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ 'ਸਵਾਗਤ' ਵਿਚ ਬਾਹਾਂ ਉਲਾਰੀ ਖੜ੍ਹੇ ਹਨ। 'ਦੋ ਪਬ ਘੱਟ ਤੁਰਨਾ ਪਰ ਤੁਰਨਾ ਮੜ੍ਹਕ ਦੇ ਨਾਲ' ਵਾਂਗ ਕੈਪਟਨ ਸਰਕਾਰ ਬੋਚ ਬੋਚ ਪਬ ਧਰ ਰਹੀ ਹੈ ਪਰ 'ਸ਼ਾਹੀ ਅੰਦਾਜ਼' ਵਾਲੀ ਮੜ੍ਹਕ ਟਪੂਸੀਆਂ ਮਾਰ ਰਹੀ ਹੈ। ਸਰਕਾਰ ਦੇ ਪਹਿਲੇ ਹੀ ਫੈਸਲੇ ਵਿਚ ਉਸ ਨੇ ਵੀ.ਵੀ.ਆਈ.ਪੀ. ਕਲਚਰ ਖ਼ਤਮ ਕਰਨ ਦਾ ਫੁਰਮਾਨ ਸੁਣਾਉਂਦਿਆਂ ਗੱਡੀਆਂ ਤੋਂ ਲਾਲ ਬੱਤੀਆਂ ਲਾਹ ਦਿੱਤੀਆਂ ਪਰ ਕੈਪਟਨ ਸਰਕਾਰ ਦੇ ਕੁਝ ਮੰਤਰੀ ਅੰਦਰੋ-ਅੰਦਰੀ ਔਖੇ ਹੋਏ ਕਿ ਉਨ੍ਹਾਂ ਤਾਂ ਗੋਡੇ ਰਗੜ ਕੇ ਲਾਲ ਬੱਤੀਆਂ ਲਈਆਂ ਹਨ, ਫੇਰ ਕਿਉਂ ਨਾ ਲਾਉਣ। ਕੈਪਟਨ ਸਰਕਾਰ ਦੇ ਮੰਤਰੀ ਲਾਲ ਬੱਤੀਆਂ ਲਾਉਣ ਜਾਂ ਨਾ, ਫ਼ਰਕ ਫੇਰ ਵੀ ਨਹੀਂ ਪੈਣ ਵਾਲਾ। ਮੰਤਰੀਆਂ, ਵਿਧਾਇਕਾਂ ਦੀ ਗੱਲ ਤਾਂ ਦੂਰ, ਪੰਜਾਬ ਵਿਚਲੇ ਡੇਰਿਆਂ ਦੇ ਬਾਬੇ ਤੇ ਹੋਰ ਰਸੂਖ਼ ਵਾਲੇ ਵਿਅਕਤੀਆਂ ਨਾਲ ਸੁਰੱਖਿਆ ਗਾਰਦਾਂ ਦੇ ਵਾਹਨ ਅੱਗੇ ਪਿਛੇ ਚਲਦੇ ਹਨ, ਜੋ ਸਾਰਾ ਟਰੈਫਿਕ ਰੋਕ ਕੇ ਆਪਣੇ ਲਈ ਖ਼ਾਸ ਮਾਰਗ ਬਣਾਉਂਦੇ ਹਨ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਪੀਕਰ ਰਾਣਾ ਕੇ.ਪੀ.ਸਿੰਘ ਤੇ ਮੰਤਰੀ ਬ੍ਰਹਮ ਮਹਿੰਦਰਾ ਮੰਗਲਵਾਰ ਨੂੰ ਪੰਜਾਬ ਵਿਧਾਨ ਸਭਾ ਦੇ ਪਲੇਠੇ ਸੈਸ਼ਨ ਦੌਰਾਨ ਰਾਜਪਾਲ ਵੀ.ਪੀ.ਸਿੰਘ ਬਦਨੌਰ ਦਾ ਸਵਾਗਤ ਕਰਦੇ ਹੋਏ।

ਚਾਰ ਹਫ਼ਤਿਆਂ ਵਿਚ ਨਸ਼ਾ ਖ਼ਤਮ ਕਰਨ ਦੇ ਵਾਅਦੇ ਨਾਲ ਸੱਤਾ ਵਿਚ ਆਈ ਕੈਪਟਨ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਵਿਸ਼ੇਸ਼ ਜਾਂਚ ਟੀਮ ਨੇ ਨਸ਼ਿਆਂ ਨਾਲ ਸਬੰਧਤ 200 ਵਿਅਕਤੀ ਫੜੇ ਹਨ ਪਰ ਹੈਰਾਨੀ ਹੁੰਦੀ ਹੈ ਕਿ ਸਰਕਾਰ ਨੇ ਨਸ਼ਾ ਤਸਕਰੀ ਵਿਚ ਸ਼ਾਮਲ ਜਿਨ੍ਹਾਂ ਵੱਡੀ ਸਿਆਸੀ ਆਗੂਆਂ ਦੇ ਨਾਂ ਆ ਰਹੇ ਸਨ, ਉਨ੍ਹਾਂ ਸਾਰਿਆਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਵੀ ਨਮੋਸ਼ੀ ਤੋਂ ਬਚਣ ਲਈ ਕਈ ਵਿਅਕਤੀਆਂ

ਬਾਕੀ ਸਫ਼ਾ 30 'ਤੇ

## ਲਾਲ ਬੱਤੀ ਮਾਮਲੇ 'ਤੇ ਫਜੀਹਤ ਮਗਰੋਂ ਕੈਪਟਨ ਸਰਕਾਰ ਨੇ ਪਰਤਿਆ ਫ਼ੈਸਲਾ

### ਸਵੇਰੇ ਦਿੱਤਾ ਪ੍ਰਵਾਨਗੀ ਦਾ ਨੋਟੀਫਿਕੇਸ਼ਨ, ਸ਼ਾਮੀ ਲਿਆ ਵਾਪਸ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲਾਲ ਬੱਤੀ ਕਲਚਰ ਖਤਮ ਕਰਨ ਦੇ ਮੁੱਦੇ 'ਤੇ ਸਰਕਾਰ ਦੀ ਸਥਿਤੀ ਸਪਸ਼ਟ ਕਰਦਿਆਂ ਕਿਹਾ ਕਿ ਮੁੱਖ ਮੰਤਰੀ, ਮੰਤਰੀ, ਵਿਧਾਇਕ ਆਪਣੀਆਂ ਕਾਰਾਂ 'ਤੇ ਲਾਲ ਬੱਤੀ ਨਹੀਂ ਲਾਉਣਗੇ। ਇਸ ਤੋਂ ਪਹਿਲਾਂ ਟਰਾਂਸਪੋਰਟ ਵਿਭਾਗ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਸੀ ਕਿ ਪੰਜਾਬ ਵਿੱਚ ਐਮਰਜੈਂਸੀ, ਹਸਪਤਾਲ, ਐਂਬੂਲੈਂਸ, ਫਾਇਰ ਬ੍ਰਿਗੇਡ, ਮੁੱਖ ਮੰਤਰੀ, ਕੈਬਨਿਟ ਮੰਤਰੀ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਅਤੇ ਜੱਜਾਂ ਦੀਆਂ ਗੱਡੀਆਂ ਤੋਂ ਇਲਾਵਾ ਸਾਰੀਆਂ ਗੱਡੀਆਂ 'ਤੇ ਲਾਲ ਬੱਤੀ ਲਾਉਣ ਦੀ ਮਨਾਹੀ ਹੋਵੇਗੀ। ਇਸ ਨੋਟੀਫਿਕੇਸ਼ਨ ਦੀ ਕਾਪੀ ਮਿਲਦਿਆਂ ਹੀ ਸੋਸ਼ਲ ਮੀਡੀਆ 'ਤੇ ਰੌਲਾ ਪੈ ਗਿਆ ਕਿ ਕੈਪਟਨ ਸਰਕਾਰ ਲਾਲ ਬੱਤੀ ਕਲਚਰ ਖਤਮ ਕਰਨ ਤੋਂ ਪਿੱਛੇ ਹੱਟ ਗਈ ਹੈ। ਜ਼ਿਕਰਯੋਗ ਹੈ ਕਿ ਕੈਪਟਨ ਸਰਕਾਰ ਦੀ ਵਜ਼ਾਰਤ ਦੀ ਪਹਿਲੀ ਮੀਟਿੰਗ 18 ਮਾਰਚ ਨੂੰ ਹੋਈ ਸੀ, ਜਿਸ ਵਿੱਚ ਫ਼ੈਸਲਾ ਕੀਤਾ ਗਿਆ ਸੀ ਕਿ ਮੁੱਖ ਮੰਤਰੀ ਸਮੇਤ ਕੋਈ ਮੰਤਰੀ ਆਪਣੀ ਗੱਡੀ 'ਤੇ ਲਾਲ ਬੱਤੀ ਨਹੀਂ ਲਾਵੇਗਾ ਤੇ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਪਹਿਲਾਂ ਉਸੇ ਦਿਨ ਹੀ ਮੁੱਖ ਮੰਤਰੀ ਤੇ ਮੰਤਰੀਆਂ ਨੇ ਲਾਲ ਬੱਤੀਆਂ ਲਾਹ ਦਿੱਤੀਆਂ ਸਨ।

ਬਾਕੀ ਸਫ਼ਾ 30 'ਤੇ

# ਸਾਕਾ ਨਕੋਦਰ 'ਚ ਸ਼ਹੀਦ ਹੋਣ ਵਾਲੇ ਸਿੱਖ ਨੌਜਵਾਨਾਂ ਦੀ ਕੁਰਬਾਨੀ ਸਮੁੱਚੀ ਕੌਮ ਲਈ ਪ੍ਰੇਰਨਾ ਸਰੋਤ : ਪ੍ਰੋ. ਬਡੂੰਗਰ

## ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੋਣਗੀਆਂ ਸ਼ਹੀਦ ਸਿੱਖ ਨੌਜਵਾਨਾਂ ਦੀਆਂ ਤਸਵੀਰਾਂ

ਅੰਮ੍ਰਿਤਸਰ/ਬਿਊਰੋ ਨਿਊਜ਼ :
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸ਼ਹੀਦ ਕੌਮ ਦਾ ਵੱਡਮੁੱਲਾ ਸਰਮਾਇਆ ਹੁੰਦੇ ਹਨ, ਇਸ ਲਈ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਵਿਸਾਰਨਾ ਨਹੀਂ ਚਾਹੀਦਾ ਤੇ ਉਨ੍ਹਾਂ ਵੱਲੋਂ ਕੀਤੀਆਂ ਮਿਸਾਲੀ ਕੁਰਬਾਨੀਆਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਉਹ ਗੁਰਦੁਆਰਾ ਬੋਹੜਾਂ-ਵਾਲਾ ਪਿੰਡ ਲਿੱਤਰਾਂ (ਨਕੋਦਰ) ਨੇੜੇ ਸਿੱਖ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸਮਾਗਮ ਵਿਚ ਸ਼ਿਰਕਤ ਕਰਨ ਆਏ ਸਨ। ਜ਼ਿਕਰਯੋਗ ਹੈ ਕਿ ਜਲੰਧਰ ਵਿਖੇ 4 ਫਰਵਰੀ 1986 ਨੂੰ ਨਕੋਦਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਲਈ ਚਾਰ ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ ਲਿੱਤਰਾ, ਭਾਈ ਹਰਮਿੰਦਰ ਸਿੰਘ ਸ਼ਾਮ ਚੁਰਾਸੀ, ਭਾਈ ਬਲਧੀਰ ਸਿੰਘ ਫੌਜੀ ਰਾਮਗੜ੍ਹ ਤੇ ਭਾਈ ਝਲਮਣ ਸਿੰਘ ਸ਼ਹੀਦ ਹੋ ਗਏ ਸਨ। ਉਨ੍ਹਾਂ ਦੀ 31ਵੀਂ ਯਾਦ ਨੂੰ ਸਮਰਪਿਤ ਇੱਥੇ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਪ੍ਰੋ. ਬਡੂੰਗਰ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਦੀ ਸ਼ਾਨ ਨੂੰ ਬਹਾਲ ਰੱਖਣ ਹਿਤ ਸਾਕਾ ਨਕੋਦਰ ਵਿੱਚ ਸ਼ਹੀਦ ਹੋਣ ਵਾਲੇ 4 ਸਿੱਖ ਨੌਜਵਾਨਾਂ ਦੀ ਅਦੁੱਤੀ ਕੁਰਬਾਨੀ ਸਮੁੱਚੀ ਕੌਮ ਲਈ ਪ੍ਰੇਰਨਾ ਦਾ ਸਰੋਤ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਕਾ ਨਕੋਦਰ ਵਿੱਚ ਸ਼ਹੀਦ ਹੋਣ ਵਾਲੇ ਚਾਰੇ ਸਿੱਖ ਨੌਜਵਾਨਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਸੁਸ਼ੋਭਿਤ ਕਰਨ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਦਲ ਖਾਲਸਾ ਦੇ ਹਰਪਾਲ ਸਿੰਘ ਚੀਮਾ ਅਤੇ ਕੰਵਰਪਾਲ ਸਿੰਘ ਬਿੱਟੂ ਸਾਕਾ ਨਕੋਦਰ ਵਿੱਚ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਕਰਦੇ ਹੋਏ।

ਬਾਕੀ ਸਫ਼ਾ 30 'ਤੇ


## ਵਿਸ਼ੇਸ਼ ਸੂਚਨਾ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

ਜੈ ਸਿੰਘ

ਫੋਨ ਨੰਬਰ

510-677-2777
















GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF
All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99
All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF
Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਏਜੀਪੀਸੀ ਨੇ ਬਾਬਾ ਢੱਡਰੀਆਂ ਵਾਲੇ ਵੱਲੋਂ ਗੁਰੂ ਸਾਹਿਬ ਬਾਰੇ ਕੀਤੇ ਵਿਚਾਰਾਂ 'ਤੇ ਉਪਜੇ ਵਿਵਾਦ ਨੂੰ ਮਿਲ-ਬੈਠ ਕੇ ਸੁਲਝਾਉਣ ਦੀ ਕੀਤੀ ਅਪੀਲ

**ਸੈਨਹੋਜ਼ੇ/ਬਿਊਰੋ ਨਿਊਜ਼,** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਾਬਾ ਬਕਾਲਾ ਸਾਹਿਬ ਵਿਖੇ ਸਥਿਤ ਇਤਿਹਾਸਕ ਅਸਥਾਨ 'ਤੇ ਤਪ ਸਬੰਧੀ ਪ੍ਰਗਟਾਏ ਵਿਚਾਰਾਂ 'ਤੇ ਕੁਝ ਸੰਸਥਾਵਾਂ ਵੱਲੋਂ ਕੀਤੇ ਵਿਰੋਧ 'ਤੇ ਸਮੂਹ ਸਿੱਖ ਜਥੇਬੰਦੀਆਂ ਨੂੰ ਇਸ ਮਸਲੇ ਨੂੰ ਆਪਸ 'ਚ ਮਿਲ-ਬੈਠ ਕੇ ਨਜਿੱਠਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸ: ਅਮਰੀਕ ਸਿੰਘ ਅਜਨਾਲਾ ਜਿਨ੍ਹਾਂ ਨੇ ਇਸ ਮੁੱਦੇ ਨੂੰ ਉਠਾਇਆ ਹੈ, ਨੂੰ ਬੇਨਤੀ ਕੀਤੀ ਕਿ ਉਹ ਵਿਵਾਦ ਨੂੰ ਹੋਰ ਗਹਿਰਾ ਕਰਨ ਦੇਣ ਦੀ ਬਜਾਏ ਇਸ ਦੇ ਯੋਗ ਹੱਲ ਲਈ ਸਹਿਯੋਗ ਕਰਨ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕਿ ਕੋਈ ਸ਼ਰਾਰਤੀ ਅਨਸਰ ਇਸ ਨੂੰ ਰਾਜਨੀਤਿਕ ਮੁੱਦੇ ਵਜੋਂ ਉਭਾਰ ਕੇ ਸਿੱਖ ਕੌਮ 'ਚ ਆਪਸੀ ਫੁੱਟ ਪਾਉਣ ਦੀ ਕੋਸ਼ਿਸ਼ ਕਰੇ, ਇਸ ਨੂੰ ਸਮਾਂ ਰਹਿੰਦਿਆਂ ਹੀ ਸਮੂਹ ਸਿੱਖ ਜਥੇਬੰਦੀਆਂ ਸ਼ਾਂਤੀਪੂਰਵਕ ਢੰਗ ਨਾਲ ਸੁਲਝਾਅ ਲੈਣ। ਇਸ ਮੌਕੇ ਏਜੀਪੀਸੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਸ. ਪ੍ਰਿਤਪਾਲ ਸਿੰਘ ਨੇ ਆਪਣੇ ਜਾਰੀ ਬਿਆਨ 'ਚ ਕਿਹਾ ਕਿ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਤਪ ਅਸਥਾਨ ਸ੍ਰੀ ਭੋਰਾ ਸਾਹਿਬ ਇਤਿਹਾਸਕ ਗੁਰਦੁਆਰਾ ਨੌਵੀਂ ਪਾਤਸ਼ਾਹੀ, ਬਾਬਾ ਬਕਾਲਾ ਸਾਹਿਬ ਬਾਬਤ ਇਕ ਵੀਡਿਓ 'ਚ ਕਿਹਾ ਜਾ ਰਿਹਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸ੍ਰੀ ਭੋਰਾ ਸਾਹਿਬ 'ਚ ਬੈਠ ਕੇ ਤਪੱਸਿਆ ਨਹੀਂ ਕੀਤੀ।

ਉਨ੍ਹਾਂ ਇਸ ਸਬੰਧੀ ਬਾਬਾ ਢੱਡਰੀਆਂ ਵਾਲਿਆਂ ਨੂੰ ਬੇਨਤੀ ਕੀਤੀ ਕਿ ਉਹ ਇਸ ਸਬੰਧੀ ਆਪਣਾ ਸਹੀ ਤੇ ਉਚਿੱਤ ਸਮਾਂ ਨਿਰਧਾਰਿਤ ਕਰਕੇ ਸਿੱਖ ਜਥੇਬੰਦੀਆਂ ਨਾਲ ਵਿਚਾਰ-ਚਰਚਾ ਕਰਨ ਤਾਂ ਜੋ ਸਿੱਖ ਕੌਮ 'ਚ ਕੋਈ ਨਵੀਂ ਦੁਬਿਧਾ ਪੈਦਾ ਨਾ ਹੋ ਸਕੇ। ਉਨ੍ਹਾਂ ਇਸ ਮੌਕੇ ਕਿਹਾ ਕਿ ਅਮਰੀਕ ਸਿੰਘ ਅਜਨਾਲਾ ਵੱਲੋਂ ਇਸ ਮੁੱਦੇ 'ਤੇ ਦਿੱਤਾ ਗਿਆ ਧਰਨਾ ਉਨ੍ਹਾਂ ਨੂੰ ਸ਼ੋਭਾ ਨਹੀਂ ਦਿੰਦਾ, ਸਗੋਂ ਉਹ ਇਸ ਮਸਲੇ ਨੂੰ ਵਿਚਾਰਾਂ ਰਾਹੀਂ ਮਿਲ ਬੈਠ ਕੇ ਸਮਾਪਤ ਕਰਨ ਲਈ ਸਹਿਯੋਗ ਦੇਣ।

# ਨਾਰਥ ਕੈਲੀਫੋਰਨੀਆ ਦੇ ਗੁਰੂ ਘਰਾਂ ਦੀ ਸੈਂਟਰਲ ਬਾਡੀ ਬਣਾਉਣ ਦਾ ਫੈਸਲਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਨਾਰਥ ਕੈਲੀਫੋਰਨੀਆ ਦੇ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਵਲੋਂ ਗੁਰੂ ਘਰਾਂ ਦੀ ਸੈਂਟਰਲ ਬਾਡੀ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਬਾਰੇ ਸਹਿਮਤੀ ਗੁਰੂ ਘਰਾਂ ਦੇ ਨੁਮਾਇੰਦਿਆਂ ਦੀ 22 ਮਾਰਚ ਬੁੱਧਵਾਰ ਨੂੰ ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਖੇ ਹੋਈ ਇੱਕ ਵਿਸ਼ੇਸ਼ ਮੀਟਿੰਗ ਵਿੱਚ ਹੋਈ ।

ਇਸ ਮੀਟਿੰਗ ਵਿਚ ਮਤੇ ਪਾਸ ਕੀਤੇ ਗਏ ਮਤਿਆਂ ਅਨੁਸਾਰ ਜਿਸ ਵਕਤ ਕੋਈ ਗ੍ਰੰਥੀ ਸਿੰਘ ਗੁਰਦੁਆਰਾ ਸਾਹਿਬ ਦੀ ਸੇਵਾ ਛੱਡ ਕੇ ਜਾਵੇ ਤਾਂ ਕੁਝ ਹਫਤਿਆਂ ਤੱਕ ਉਸ ਦੀ ਜਾਣਕਾਰੀ ਸੰਗਤਾਂ ਵਿਚ ਫੋਟੋ ਦਿਖਾ ਕੇ ਅਨਾਊਂਸਮੈਂਟ ਰਾਹੀਂ ਸੰਗਤ ਨੂੰ ਦਿੱਤੀ ਜਾਵੇ।

ਦੂਜੇ ਮਤੇ ਅਨੁਸਾਰ ਸਾਰੇ ਗੁਰੂ ਘਰਾਂ ਵੱਲੋਂ ਇਸ ਗੱਲ 'ਤੇ ਸਹਿਮਤੀ ਬਣੀ ਕਿ ਸਾਰੇ ਨਾਰਥ ਕੈਲੀਫੋਰਨੀਆ ਦੇ ਗੁਰੂ ਘਰਾਂ ਵੱਲੋਂ ਸੈਂਟਰਲ ਬਾਡੀ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ।

ਇਹ ਫੈਸਲਾ ਵੀ ਹੋਇਆ ਕਿ ਜਿਹੜੇ ਪਰਿਵਾਰ ਗੁਰੂ ਘਰਾਂ ਤੋਂ ਪ੍ਰੋਗਰਾਮ ਕਰਵਾਉਣ ਦੀ ਬਜਾਏ ਬਾਹਰੋਂ ਸੇਵਾ ਮੁਕਤ ਬੰਦਿਆਂ ਤੋਂ ਪ੍ਰੋਗਰਾਮ ਕਰਵਾਉਂਦੇ ਹਨ, ਉਨ੍ਹਾਂ ਪਰਿਵਾਰਾਂ ਨਾਲ ਸੰਪਰਕ ਕਰਕੇ ਉਨ੍ਹਾਂ ਦੀ ਗੱਲ ਸੁਣਨ ਤੋਂ ਇਲਾਵਾ ਉਨ੍ਹਾਂ ਨੂੰ ਐਜੂਕੇਟ ਕੀਤਾ ਜਾਵੇ ਤਾਂ ਕਿ ਉਹ ਗੁਰੂ ਘਰਾਂ ਤੋਂ ਹੀ ਪ੍ਰੋਗਰਾਮ ਕਰਵਾਉਣ। ਮੀਟਿੰਗ ਤੋਂ ਬਾਅਦ ਜਾਰੀ ਕੀਤੇ ਲਿਖਤੀ ਪ੍ਰੈਸ ਬਿਆਨ ਰਾਹੀਂ ਦਸਿਆ ਗਿਆ ਕਿ ਇਹ ਸਾਰੇ ਫੈਸਲੇ ਲੈਣ ਦਾ ਮੁੱਖ ਕਾਰਨ ਗੁਰੂ ਗ੍ਰੰਥ ਸਾਹਿਬ ਦਾ ਵੱਧ ਤੋਂ ਵੱਧ ਸਤਿਕਾਰ ਕਾਇਮ ਰੱਖਣਾ ਹੈ ਕਿਉਂਕਿ ਇਹ ਵੀ ਨੋਟਿਸ ਵਿਚ ਆਇਆ ਹੈ ਕਿ ਕਈ ਬੰਦੇ ਪ੍ਰਾਈਵੇਟ ਤੌਰ 'ਤੇ ਘਰਾਂ ਵਿਚ ਪ੍ਰੋਗਰਾਮ ਕਰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦਾ ਬਿੱਲਕੁਲ ਧਿਆਨ ਨਹੀਂ ਰੱਖਦੇ। ਕਈ ਤਾਂ ਝੂਠੀਆਂ ਰਸੀਦ ਬੁੱਕਾਂ ਵੀ ਛਪਵਾ ਕੇ ਸੰਗਤਾਂ ਕੋਲੋਂ ਝੂਠ ਬੋਲ ਕੇ ਪੈਸਾ ਇਕੱਠਾ ਕਰਦੇ ਹਨ ਅਤੇ ਉਸ ਪੈਸੇ ਨੂੰ ਆਪਣੇ ਨਿੱਜੀ ਕੰਮਾਂ ਲਈ ਵਰਤਦੇ ਹਨ। ਦੂਸਰਾ ਜੇ ਸੰਗਤ ਵੱਲੋਂ ਕੋਈ ਵੀ ਪ੍ਰੋਗਰਾਮ ਗੁਰੂ ਘਰ ਤੋਂ ਕਰਵਾਇਆ ਜਾਂਦਾ ਹੈ ਤਾਂ ਉਸ ਦੀ ਸਾਰੀ ਜ਼ਿੰਮੇਵਾਰੀ ਗੁਰੂ ਘਰ ਦੀ ਹੁੰਦੀ ਹੈ, ਪਰ ਜੇ ਕੋਈ ਬਾਹਰੋ ਪ੍ਰਾਈਵੇਟ ਬੰਦਿਆਂ ਤੋਂ ਘਰਾਂ ਵਿਚ ਪ੍ਰੋਗਰਾਮ ਕਰਵਾਉਂਦੇ ਹਨ ਤਾਂ ਉਸ ਸਮੇਂ ਦਰਮਿਆਨ ਅਗਰ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਿਚ ਅਤੇ ਗੁਰ ਮਰਿਆਦਾ ਸਬੰਧੀ ਕੋਈ ਊਣਤਾਈ ਹੁੰਦੀ ਹੈ ਤਾਂ ਉਸ ਦੀ ਸਾਰੀ ਜ਼ਿੰਮੇਵਾਰੀ ਉਸ ਪਰਿਵਾਰ ਦੀ ਜੋ ਪ੍ਰੋਗਰਾਮ ਕਰਵਾ ਰਹੇ ਹਨ ਅਤੇ ਉਨ੍ਹਾਂ ਪ੍ਰਾਈਵੇਟ ਬੰਦਿਆਂ ਦੀ ਹੋਵੇਗੀ।

ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਇਹ ਹੁਕਮ ਹੈ ਕਿ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਬਾਹਰ ਹਾਲਾਂ ਵਿਚ ਜਾਂ ਅਜਿਹੀਆਂ ਥਾਵਾਂ ਉੱਤੇ ਲਿਜਾ ਕੇ ਪ੍ਰਕਾਸ਼ ਨਾ ਕੀਤੇ ਜਾਣ ਅਤੇ ਉਥੇ ਕੋਈ ਵੀ ਧਾਰਮਿਕ ਪ੍ਰੋਗਰਾਮ ਨਾ ਕੀਤਾ ਜਾਵੇ।

ਮੀਟਿੰਗ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਲੋਂ ਸ. ਬਲਬੀਰ ਸਿੰਘ ਢਿਲੋਂ (ਸਿੱਖ ਟੈਂਪਲ ਵੈਸਟ ਸੈਕਰਾਮੈਂਟੋ), ਸ. ਬਲਰਾਜ ਸਿੰਘ ਰੰਧਾਵਾ (ਸਿੱਖ ਟੈਂਪਲ ਰੋਜ਼ਵਿਲੇ), ਸ. ਪਰਮਜੀਤ ਸਿੰਘ (ਸਿੱਖ ਟੈਂਪਲ ਦਸ਼ਮੇਸ਼ ਦਰਬਾਰ ਸੈਕਰਾਮੈਂਟੋ), ਸ. ਗੁਰਿੰਦਰ ਸਿੰਘ (ਸਿੱਖ ਟੈਂਪਲ ਸਟਾਕਟਨ), ਸ. ਗੁਰਨਾਮ ਸਿੰਘ (ਸਿੱਖ ਟੈਂਪਲ ਐਲ ਸੋਬਰਾਂਤੇ), ਸ. ਲਖਵੀਰ ਸਿੰਘ ਔਜਲਾ (ਸਿੱਖ ਟੈਂਪਲ ਬਰਾਡਸ਼ਾਅ), ਡਾ. ਗੁਰਤੇਜ ਸਿੰਘ (ਸਿੱਖ ਸੈਂਟਰ ਸੈਕਰਾਮੈਂਟੋ), ਸ. ਦੀਪ ਸਿੰਘ (ਸਿੱਖ ਟੈਂਪਲ ਟਰੇਸੀ), ਸ. ਸਰਬਜੋਤ ਸਿੰਘ ਸਵੱਦੀ (ਸਿੱਖ ਟੈਂਪਲ ਸੈਨ ਹੋਜ਼ੇ) ਅਤੇ ਸ. ਸਰਬਜੀਤ ਸਿੰਘ ਥਿਆੜਾ (ਸਿੱਖ ਟੈਂਪਲ ਯੂਬਾ ਸਿਟੀ) ਸ਼ਾਮਲ ਹੋਏ।

# ਵਿਪਸਾ ਵਲੋਂ ਪੰਜਾਬੀ ਰੇਡੀਓ ਯੂ.ਐਸ.ਏ. ਵਿਖੇ ਯਾਦਗਾਰੀ ਕਵੀ ਦਰਬਾਰ

## *ਵਿਪਸਾ ਕਾਰਜਕਾਰਨੀ ਦੀ ਚੋਣ 22 ਅਪ੍ਰੈਲ ਨੂੰ ਫਰੀਮੌਂਟ ਵਿਚ ਹੋਵੇਗੀ*

**ਸੈਨ ਹੋਜ਼ੇ/ਬਿਊਰੋ ਨਿਊਜ਼ :** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਅਹਿਮ ਮੀਟਿੰਗ ਅਤੇ ਕਵੀ ਦਰਬਾਰ ਪੰਜਾਬੀ ਰੇਡੀਓ, ਯੂ.ਐਸ.ਏ. ਦੇ ਸਟੂਡੀਓ ਵਿਚ ਹੋਇਆ। ਇਸ ਪ੍ਰੋਗਰਾਮ ਦੀ ਮੇਜ਼ਬਾਨੀ ਕਰਦਿਆਂ ਸ. ਹਰਜੋਤ ਸਿੰਘ ਖਾਲਸਾ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਸਭ ਤੋਂ ਪਹਿਲਾਂ ਅਕੈਡਮੀ ਦੇ ਸਰਕਰਦਾ ਮੈਂਬਰ ਸੁਖਵਿੰਦਰ ਕੰਬੋਜ ਦੇ ਸਹੁਰਾ ਸਾਹਿਬ ਜਨਾਬ ਵਲੈਤੀ ਰਾਮ ਗੁਪਤਾ ਦੇ ਅਕਾਲ ਚਲਾਣੇ 'ਤੇ ਸ਼ੋਕ ਮਤਾ ਪਾਸ ਕੀਤਾ ਗਿਆ ਅਤੇ ਇਕ ਮਿੰਟ ਦੀ ਖਾਮੋਸ਼ੀ ਵਿਚ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸੁਖਵਿੰਦਰ ਕੰਬੋਜ ਨੇ ਉਨ੍ਹਾਂ ਪ੍ਰਤੀ ਵੱਡ ਮੁੱਲੇ ਸ਼ਬਦਾਂ ਨਾਲ ਉਨ੍ਹਾਂ ਦੀ ਉਸਾਰੂ, ਅਗਾਂਹ ਵਧੂ ਅਤੇ ਉਪਜਾਓ ਜੀਵਨ ਯਾਤਰਾ ਪ੍ਰਤੀ ਚਾਨਣ ਪਾਇਆ। ਇਸ ਤੋਂ ਬਾਅਦ ਵਿਪਸਾ ਦੀਆਂ ਅਗਾਂਹ ਵਧੂ ਗਤੀਵਿਧੀਆਂ ਦਾ ਜ਼ਿਕਰ ਕਰਦਿਆਂ ਇਸ ਦੀ ਨਵੀਂ ਕਾਰਜਕਾਰਨੀ ਲਈ ਚੋਣ ਮਤਾ ਪਾਸ ਕੀਤਾ ਗਿਆ। ਇਹ ਚੋਣ 22 ਅਪ੍ਰੈਲ ਨੂੰ ਫਰੀਮੌਂਟ ਵਿਚ ਵਿਪਸਾ ਦੇ ਸੰਵਿਧਾਨ ਅਨੁਸਾਰ ਹੋਵੇਗੀ। ਇਸ ਦੇ ਚੋਣ ਕਮਿਸ਼ਨਰ ਡਾ. ਗੁਰੂਮੇਲ ਸਿੱਧੂ ਹੋਣਗੇ। ਸਮੇਂ ਅਤੇ ਸਥਾਨ ਪ੍ਰਤੀ ਜਾਣਕਾਰੀ ਅਗਲੀ ਸੂਚਨਾ ਅਨੁਸਾਰ ਦਿੱਤੀ ਜਾਵੇਗੀ। ਇਸ ਮੌਕੇ ਹੋਏ ਕਵੀ ਦਰਬਾਰ ਵਿਚ ਜਨਾਬ ਅਜ਼ਾਦ ਜਲੰਧਰੀ, ਵਿਪਸਾ ਦੇ ਉਪ ਚੇਅਰਮੈਨ ਕੁਲਵਿੰਦਰ, ਈਸ਼ਰ ਸਿੰਘ ਮੋਮਨ, ਮੋਹਨ ਸਿੰਘ ਚਰਖਾ, ਗੁਰਮੀਤ ਬਰਸਾਲ, ਕਮਲਦੇਵ ਪਾਲ, ਹਰਭਜਨ ਸਿੰਘ ਢਿੱਲੋਂ, ਸੁਖਵਿੰਦਰ ਕੰਬੋਜ ਅਤੇ ਗਗਨ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਕਵੀ ਦਰਬਾਰ ਦਾ ਸੰਚਾਲਨ ਸੁਖਵਿੰਦਰ ਕੰਬੋਜ ਨੇ ਕੀਤਾ। ਇਸ ਮੌਕੇ ਜਨਾਬ ਤਾਂਗੜੀ, ਤਾਰਾ ਸਿੰਘ ਸਾਗਰ, ਸੁਰਿੰਦਰ ਸੀਰਤ ਅਤੇ ਪੰਜਾਬੀ ਰੇਡੀਓ ਯੂ.ਐਸ.ਏ. ਦੇ ਸਰਕਦਾ ਮੈਂਬਰ ਸ਼ਾਮਲ ਰਹੇ। ਜ਼ਿਕਰਯੋਗ ਹੈ ਕਿ ਹਰ ਸ਼ਨਿੱਚਰਵਾਰ ਨੂੰ ਸ਼ਾਮ 4:00 ਤੋਂ 5:30 ਵਜੇ ਤਕ 6 ਵਰ੍ਹਿਆਂ ਤੋਂ ਹਰਭਜਨ ਸਿੰਘ ਢਿੱਲੋਂ ਦੀ ਸਰਪਰਸਤੀ ਹੇਠ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ।





FLY AIR TRAVEL
# Fly Air Travel
Best Deals to India

Flights-Hotels-Cars-Vacations

Visa & Passport Services
Best Deals to
India - Fiji - Europe
Australia - Asia
Corporate Travel Management
Domestic Special Fares & Packages
Group Specials

Fly Air Travel
39111 Paseo Padre Parkway Suite 201A
Fremont, CA 94538
Please Contact : Preeti Kang
Phone : 510-744-5152, 510-509-8890
Email: info@flyairtravel.us
VISA MasterCard DISCOVER NETWORK AMERICAN EXPRESS



Opening Soon

Help wanted
★ Cook
★ Tandoria
★ server and
★ other helpers

Please call Manit Nagra at
317-750-1900.
Tiffin Indian Restaurant
1480 N State Road 1, Cambridge City, IN 47327
Truckers Best Truck Stop Dhaba Restaurant

CHAAT BHAVAN RESTAURANT
# CHAAT BHAVAN®
Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐੱਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM

## ਮੁਸਲਿਮ ਪੁਲੀਸ ਅ.ਫਸਰ ਨੂੰ ਨਸਲੀ ਟਿੱਪਣੀਆਂ ਖ਼ਿਲਾ.ਫ ਸ਼ਿਕਾਇਤ ਕਰਨ ’ਤੇ ਮਿਲੀ ਬਰਖ਼ਾਸਤਗੀ ਦੀ ‘ਸਜ਼ਾ’

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਵਿਚ ਇਰਾਨੀ ਮੂਲ ਦੇ ਸਾਬਕਾ ਪੁਲੀਸ ਅ.ਫਸਰ ਰਮਤੀਨ ਸਾਬੇਤ ਨੇ ਪਿਛਲੇ ਮਹੀਨੇ ਆਪਣੇ ਵਿਰੁੱਧ ਹੋਈ ਵਿਭਾਗੀ ਕਾਰਵਾਈ ਲਈ ਸੰਘੀ ਅਦਾਲਤ ਵਿਚ ਮੁਕੱਦਮਾ ਦਾਇਰ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਉਸ ਦੇ ਸਹਿਯੋਗੀਆਂ ਨੇ ਉਸ ਨੂੰ ਵਾਰ ਵਾਰ ਅੱਤਵਾਦੀ ਕਹਿ ਕੇ ਬੁਲਾਇਆ। ਨੌਰਥ ਸ਼ਿਕਾਗੋ ਪੁਲੀਸ ਵਿਭਾਗ ਵਿਖੇ ਉਸ ਦੇ ਸਹਿਯੋਗੀਆਂ ਨੇ ਉਸ ਨੂੰ ‘ਆਈ.ਐਸ.ਆਈ.ਐਸ. ਲੀਡਰ’ ਕਿਹਾ। ਰਮਤੀਨ ਨੇ ਦੱਸਿਆ ਕਿ ਜਦੋਂ ਉਨ੍ਹਾਂ ਇਸ ਦੀ ਸ਼ਿਕਾਇਤ ਆਪਣਏ ਸੁਪਰਵਾਈਜ਼ ਨੂੰ ਕੀਤੀ, ਤਾਂ ਉਲਟਾ ਉਸ ਖ਼ਿਲਾ.ਫ ਹੀ ਕਾਰਵਾਈ ਕਰ ਦਿੱਤੀ ਗਈ। ਜ਼ਿਕਰਯੋਗ ਹੈ ਕਿ ਰਮਤੀਨ ਨੇ 2007 ਵਿਚ ਇੱਥੇ ਜੁਆਇਨ ਕੀਤਾ ਸੀ ਅਤੇ ਕੰਮ ਦੌਰਾਨ ਉਸ ਖ਼ਿਲਾ.ਫ ਨਸਲੀ ਟਿੱਪਣੀਆਂ ਕੀਤੀਆਂ ਗਈਆਂ। ਰਮਤੀਨ ਨੇ ਇਕੁਲ ਇੰਪਲਾਇਮੈਂਟ ਓਪਰਚਿਊਨਿਟੀ ਕਮਿਸ਼ਨ ਕੋਲ ਵੀ ਦੋ ਵੱਖ ਵੱਖ ਸ਼ਿਕਾਇਤਾਂ ਦਰਜ ਕਰਵਾਈਆਂ। ਉਧਰ ਨੌਰਥ ਸ਼ਿਕਾਗੋ ਦੇ ਅਧਿਕਾਰੀਆਂ ਨੇ ਰਮਤੀਨ ਨਾਲ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਤੇ ਨਸਲੀ ਟਿੱਪਣੀਆਂ ਹੋਣ ਤੋਂ ਇਨਕਾਰ ਕੀਤਾ ਹੈ। ਪੁਲੀਸ ਮੁਖੀ ਰਿਚਰਡ ਵਿਲਸਨ ਨੇ ਕਿਹਾ ਕਿ ਇਹ ਸ਼ਹਿਰ ਵੱਖ ਵੱਖ ਭਾਈਚਾਰਿਆਂ ਦਾ ਸਨਮਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਰਮਤੀਨ ਨੂੰ ਪੁਲੀਸ ਵਿਭਾਗ ਦੇ ਨਿਯਮ ਤੋੜਨ ਕਾਰਨ ਬਰਖ਼ਾਸਤ ਕੀਤਾ ਗਿਆ ਹੈ।



## ਔਰੇਗਨ ਦੇ ਗੁਰਦੁਆਰਾ ਸਾਹਿਬ ’ਚ ਨਸ਼ੇੜੀ ਨੇ ਔਰਤ ਨਾਲ ਕੀਤੀ ਬਦਸਲੂਕੀ, ਗ੍ਰਿ.ਫਤਾਰ

**ਔਰੇਗਨ/ਬਿਊਰੋ ਨਿਊਜ਼ :** ਅਮਰੀਕਾ ਵਿਚ ਓਰੇਗਨ ਸੂਬੇ ਦੇ ਇਕ ਗੁਰਦੁਆਰਾ ਸਾਹਿਬ ਵਿਚ ਔਰਤ ’ਤੇ ਹਮਲਾ ਕਰਨ ਵਾਲੇ 37 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ’ਤੇ ਜਿਨਸੀ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕਰਨ ਅਤੇ ਹਮਲਾ ਕਰਨ ਦੇ ਦੋਸ਼ ਲੱਗੇ ਹਨ। ਐਤਵਾਰ ਦੀ ਰਾਤ ਨੂੰ ਟਿਮੋਥੀ ਵਾਲਟਰ ਸ਼ਿਮਟ ਨਾਂ ਦਾ ਵਿਅਕਤੀ ਨਸ਼ੇ ਵਿਚ ਸੀ ਅਤੇ ਗ੍ਰੇਸ਼ਮ ਦੇ ਓਰੇਗਨ ਸ਼ਹਿਰ ਵਿਚ ਬਣੇ ਗੁਰਦੁਆਰੇ ਕੋਲ ਘੁੰਮ ਰਿਹਾ ਸੀ। ਇਸ ਮਗਰੋਂ ਉਸ ਨੇ

ਬਾਕੀ ਸਫ਼ਾ 30 ’ਤੇ

## ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਹੋਲਾ ਮਹੱਲਾ ਨੂੰ ਸਮਰਪਤ ਧਾਰਮਿਕ ਕਵੀ ਦਰਬਾਰ ਸਜਾਇਆ

**ਫਰੀਮੌਂਟ/ਬਿਊਰੋ ਨਿਊਜ਼:** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਹ.ਫਤਾਵਾਰੀ ਸਜਦੇ ਦੀਵਾਨਾਂ ਵਿਚ ਵਿਸ਼ੇਸ਼ ਤੌਰ ਤੇ ਹੋਲਾ ਮਹੱਲਾ ਨੂੰ ਸਮਰਪਤਿ ਧਾਰਮਿਕ ਕਵੀ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਦਰਬਾਰ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਸਭ ਤੋਂ ਪਹਿਲਾਂ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਇਤਿਹਾਸ ਤੇ ਝਾਤ ਪੁਆਉਂਦਿਆਂ ਦਸਿਆ ਕਿ ਹੋਲਾ ਮਹੱਲਾ ਸਿੱਖ ਇਤਿਹਾਸ ਦੇ ਸ਼ਾਨ ਮਤੇ ਗੌਰਵਮਈ ਵਿਲੱਖਣ ਵਿਰਸੇ ਸ਼ਕਤੀ ਅਤੇ ਅਣਖ ਪ੍ਰਤੀਕ ਹੈ ਜੋ ਬੀਰਰਸੀ ਰਵਾਇਤਾਂ ਅਤੇ ਜੰਗੀ ਹੁਨਰ ਦੀ ਯਾਦ ਦੁਆਉਂਦਾ ਹੈ। ਖਾਲਸਾਈ ਜਾਹੋ ਜਹਾਲ ਅਤੇ ਚੜ੍ਹਦੀ ਕਲਾ ਦੀ ਹਾਮੀ ਭਰਨ ਹੈ। ਉਪਰੰਤ ਜਸਦੀਪ ਸਿੰਘ ਫਰੀਮੋਂਟ ਵੱਲੋਂ ਖਾਲਸੇ ਦੀਆਂ ਜੰਗੀ ਜਿੱਤਾਂ ਦੀ ਬੀਰਰਸੀ ਕਵਿਤਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਪ੍ਰੋਗਰਾਮ ਨੂੰ ਸ.ਫਲ ਬਨਾਉਣ ਵਿਚ ਭਾਈ ਜਸਦੇਵ ਸਿੰਘ, ਭਾਈ ਕਮਲਜੀਤ ਸਿੰਘ ਅਟਵਾਲ, ਭਾਈ ਸੁਖਵੰਤ ਸਿੰਘ ਢਿੱਲੋਂ ਅਤੇ ਭਾਈ ਗੁਰਾ ਸਿੰਘ ਦਾ ਭਰਪੂਰ ਯੋਗਦਾਨ ਰਿਹਾ। ਵਰਨਣਯੋਗ ਹੈ ਕਿ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਕਾਵਿ ਪ੍ਰਵਾਹ ਤੋਂ ਸੇਧ ਲੈ ਕੇ ਸਥਾਨਕ ਅਤੇ ਦੂਰ ਦੁਰਾਡੇ ਦੇ ਗੁਰਦੁਆਰਾ ਸਾਹਿਬਾਨ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਇਹ ਕਵੀ ਦਰਬਾਰ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਪ੍ਰੋਗਰਾਮ ਸ.ਫਲ ਹੁੰਦੇ ਹਨ। ਧਾਰਮਿਕ ਕਵੀ ਦਰਬਾਰ ਸਜਾਉਣ ਲਈ ਸੰਪਰਕ 510-781-0487 ਜਾਂ 408-528-4489 ਹੈ।



## ਸ਼ਿਵ ਸੈਨਾ ਮੋਹਨ ਭਾਗਵਤ ਨੂੰ ਰਾਸ਼ਟਰਪਤੀ ਬਣਾਉਣ ਦੇ ਹੱਕ ’ਚ

***ਕਿਹਾ : ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਅਜਿਹਾ ਕਰਨਾ ਵਾਜ਼ਬ***

ਮੁੰਬਈ/ਸਿੱਖ ਸਿਆਸਤ ਬਿਊਰੋ: ਭਾਰਤ ਦੇ ਅਗਲੇ ਰਾਸ਼ਟਰਪਤੀ ਦੀ ਚੋਣ ਲਈ ਚੱਲ ਰਹੀਆਂ ਸਰਗਰਮੀਆਂ ਦੌਰਾਨ ਭਾਜਪਾ ਵਲੋਂ ਇਸ ਅਹੁਦੇ ਵਾਸਤੇ ਲਾਲ ਕ੍ਰਿਸ਼ਨ ਅਡਵਾਨੀ ਨੂੰ ਦਾਅਵੇਦਾਰ ਮੰਨਿਆ ਜਾ ਰਿਹਾ ਹੈ, ਪਰ ਮੀਡੀਆ ਰਿਪੋਰਟਾਂ ਮੁਤਾਬਕ ਸ਼ਿਵ ਸੈਨਾ ਨੇ ਆਰ ਐਸ ਐਸ ਮੁਖੀ ਮੋਹਨ ਭਾਗਵਤ ਨੂੰ ਰਾਸ਼ਟਰਪਤੀ ਬਣਾਉਣ ਦੀ ਮੰਗ ਕੀਤੀ ਹੈ। ਪਾਰਟੀ ਦੇ ਸੰਸਦ ਮੈਂਬਰ ਸੰਜੈ ਰਾਊਤ ਦਾ ਕਹਿਣਾ ਹੈ ਕਿ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਭਾਗਵਤ ਹੀ ਅਗਲੇ ਰਾਸ਼ਟਰਪਤੀ ਵਜੋਂ ਸਹੀ ਚੋਣ ਹੋਣਗੇ। ਇਹ ਦੇਸ਼ ਦਾ ਸਭ ਤੋਂ ਉੱਚਾ ਅਹੁਦਾ ਹੈ, ਇਸ ਲਈ ਕਿਸੇ ਸਾਫ ਅਕਸ ਵਾਲੇ ਸ਼ਖਸ ਨੂੰ ਹੀ ਚੁਣਿਆ ਜਾਣਾ ਚਾਹੀਦਾ ਹੈ, ਤੇ ਕਿਹਾ ਜਾ ਰਿਹਾ ਹੈ ਕਿ ਜਿਹੜੇ ਨਾਵਾਂ ’ਤੇ ਚਰਚਾ ਹੋ ਰਹੀ ਹੈ, ਉਹਨਾਂ ਵਿੱਚ ਭਾਗਵਤ ਦਾ ਵੀ ਨਾਮ ਹੈ। ਸ਼ਿਵ ਸੈਨਾ ਭਾਗਵਤ ਦਾ ਨਾਮ ਐਲਾਨ ਸਕਦੀ ਹੈ, ਜਲਦੀ ਹੀ ਉਦੈ ਠਾਕਰੇ ਇਸ ਬਾਰੇ ਐਲਾਨ ਕਰਨਗੇ। ਇਸ ਦੇ ਇਲਾਵਾ ਭਾਜਪਾ ਦੇ ਇਕ ਸੀਨੀਅਰ ਆਗੂ ਨੇ ਦਾਅਵਾ ਕੀਤਾ ਹੈ ਕਿ ਲਾਲਕ੍ਰਿਸ਼ਨ ਅਡਵਾਨੀ, ਸੁਮਿਸਤਰਾ ਮਹਾਜਨ, ਸੁਸ਼ਮਾ ਸਵਰਾਜ ਅਤੇ ਝਾਰਖੰਡ ਦੇ ਰਾਜਪਾਲ ਦਰੋਪਦੀ ਮੁਰਮੂ ਦੇ ਨਾਂ ਅਗਲੇ ਰਾਸ਼ਟਰਪਤੀ ਲਈ ਵਿਚਾਰ ਅਧੀਨ ਹਨ। ਜ਼ਿਕਰਯੋਗ ਹੈ ਕਿ ਮੌਜੂਦਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਦਾ ਕਾਰਜਕਾਲ 25 ਜੁਲਾਈ ਨੂੰ ਖਤਮ ਹੋ ਰਿਹਾ ਹੈ, ਇਸ ਤੋਂ ਪਹਿਲਾਂ ਹੀ ਅਗਲਾ ਰਾਸ਼ਟਰਪਤੀ ਚੁਣਿਆ ਜਾਣਾ ਹੈ।




LAW OFFICE OF

PARDEEP S. GREWAL

ਪ੍ਰਦੀਪ ਸਿੰਘ ਗਰੇਵਾਲ

Bankruptcy

Immigration • Divorce

ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear

Family Law • Divorce

Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ

510.889.1999

email : info@pardeeplaw.com

20980 REDWOOD ROAD, SUITE 240 • CASTRO VALLEY CA 94546



SFO/LAX to DELHI




FARE as LOW as
Starting from
695 to 895
With Senior Citizens & Students Discount
(including taxes)

Flights to Amritsar available at higher airfare

INFINITY TRAVEL (408-245-8444)

Low season fare subject to availability
Restrictions apply (cst# 1007726-10)



SINGH EXPRESS INC

- ਸਾਨੂੰ ਔਕਲੈਂਡ ਪੋਰਟ ’ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ ’ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ ’ਤੇ ਸੰਪਰਕ ਕਰੋ

ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901

# ਸਮਾਜ ਸੇਵੀ ਉਦਮੀ ਰਾਜ ਪੰਜਾਬੀ ਦਾ ਨਾਂਅ ਫਾਰਚੂਨ ਦੀ ਵਿਸ਼ਵ ਦੇ ਉੱਘੇ ਆਗੂਆਂ ਦੀ ਸੂਚੀ ਵਿਚ ਸ਼ਾਮਿਲ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਫਾਰਚੂਨ ਮੈਗਜ਼ੀਨ ਨੇ ਵਿਸ਼ਵ ਦੇ 50 ਮਹਾਨ ਆਗੂਆਂ ਦੀ ਸੂਚੀ ਵਿਚ ਭਾਰਤੀ ਮੂਲ ਦੇ ਅਮਰੀਕੀ ਡਾਕਟਰ ਅਤੇ ਸਮਾਜਸੇਵੀ ਉਦਮੀ ਰਾਜ ਪੰਜਾਬੀ ਦਾ ਨਾਂਅ ਸ਼ਾਮਿਲ ਕੀਤਾ ਹੈ ਜੋ ਕਿ ਪੰਜਾਬ ਲਈ ਬਹੁਤ ਮਾਣ ਵਾਲੀ ਗੱਲ ਹੈ। ਉਹ ਪੰਜਾਬੀ ਲਾਭ ਰਹਿਤ ਸੰਸਥਾ ਲਾਸਟ ਮਾਈਲ ਹੈਲਥ ਦੇ ਸਹਿ ਸੰਸਥਾਪਕ ਦੇ ਸੀ ਈ ਓ ਹਨ। ਇਹ ਸੰਸਥਾ ਦੂਰ ਦਰਾਜ ਰਹਿੰਦੇ ਗਰੀਬਾਂ ਜਿਨ੍ਹਾਂ ਕੋਲ ਕੋਈ ਵੀ ਨਹੀਂ ਪਹੁੰਚ ਸਕਦਾ ਉਥੇ ਆਖਰੀ ਪੜਾਅ 'ਤੇ ਸਮਾਨ ਸੇਵਾਵਾਂ ਤੇ ਡਾਕਟਰੀ ਸਹਾਇਤਾ ਮੁਹਈਆ ਕਰਵਾਉਂਦੀ ਹੈ। ਸਾਲ 2014 ਵਿਚ ਲਾਇਬੇਰੀਆ ਵਿਚ ਇਬੋਲਾ ਦੇ



ਵਿਆਪਕ ਫੈਲਾਅ ਦੌਰਾਨ ਇਸ ਸੰਸਥਾ ਨੇ ਸ਼ਲਾਘਾ ਯੋਗ ਕੰਮ ਕੀਤਾ ਸੀ। ਇਹ ਸੰਸਥਾ ਵਿਕਾਸਸ਼ੀਲ ਦੇਸ਼ਾਂ ਵਿਚ ਸਥਾਨਕ ਲੋਕਾਂ ਨੂੰ ਆਪਣਾ ਬਚਾਅ ਕਰਦਿਆਂ ਮਹਾਂਮਾਰੀ ਫੈਲਣ ਅਤੇ ਸੁਰਖਿਅਤ ਤਰੀਕੇ ਨਾਲ ਮ੍ਰਿਤਕਾਂ ਨੂੰ ਦਫਨਾ ਕੇ ਆਪਣਾ ਬਚਾਅ ਕਰਨ ਦੀ ਸਿਖਲਾਈ ਦਿੰਦੀ ਹੈ। ਫਾਰਚੂਨ ਦੀ ਸੂਚੀ ਵਿਚ 28ਵੇਂ ਪਾਏਦਾਨ 'ਤੇ ਇਸ ਸਮੇਂ ਉਹ ਹਾਰਵਰਡ ਮੈਡੀਕਲ ਸਕੂਲ ਅਤੇ ਬ੍ਰਿਘਾਮ ਅਤੇ ਔਰਤਾਂ ਦੇ ਹਸਪਤਾਲ ਬੋਸਟਨ ਵਿਚ ਆਪਣੀ ਸੇਵਾ ਦੇ ਰਹੇ ਹਨ। ਮੂਲ ਤੌਰ 'ਤੇ ਲਾਇਬੇਰੀਆ ਦੇ ਵਾਸੀ ਰਾਜ ਪੰਜਾਬੀ 9 ਸਾਲ ਦੀ ਉਮਰ ਵਿਚ ਆਪਣੇ ਦੇਸ਼ ਵਿਚ ਛਿੜੀ ਸਿਵਲ ਜੰਗ 'ਚੋਂ ਬਚ ਕੇ ਇਥੇ ਆ ਗਏ ਸਨ। 24 ਸਾਲ ਦੀ ਉਮਰ ਵਿਚ ਉਹ ਵਾਪਸ ਆਪਣੇ ਦੇਸ਼ ਗਿਆ ਸੀ ਮੈਡੀਕਲ ਵਿਦਿਆਰਥੀ ਦੇ ਤੌਰ 'ਤੇ ਤਾਂ ਜੋ ਪਿਛੇ ਛੱਡ ਕੇ ਆਏ ਲੋਕਾਂ ਦੀ ਸੇਵਾ ਕਰ ਸਕਾਂ ਤੇ ਲਾਸਟ ਮਾਈਲ ਹੈਲਥ ਨਾਂਅ ਦੀ ਸੰਸਥਾ ਬਣਾਈ। ਇਸ ਤੋਂ ਪਹਿਲਾਂ 2016 ਵਿਚ ਟਾਈਮ ਮੈਗਜ਼ੀਨ ਨੇ ਪੰਜਾਬੀ ਨੂੰ ਵਿਸ਼ਵ ਦੇ 100 ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀਆਂ ਦੀ ਆਪਣੀ ਸਾਲਾਨਾ ਸੂਚੀ ਵਿਚ ਸ਼ਾਮਿਲ ਕੀਤਾ ਸੀ। ਦਸਣਯੋਗ ਹੈ ਕਿ ਭਾਰਤ ਤੋਂ ਭਾਰਤੀ ਸਟੇਟ ਬੈਂਕ ਦੀ ਮੁਖੀ ਅਰੁੰਧਾਤੀ ਭੱਟਾਚਾਰੀਆ ਨੂੰ ਫਾਰਚੂਨ ਦੀ ਸੂਚੀ ਵਿਚ 26ਵੇਂ ਪਾਏਦਾਨ 'ਤੇ ਰਖਿਆ ਗਿਆ ਜੋ ਕਿ ਇਕੋ ਇਕ ਭਾਰਤੀ ਕਾਰਪੋਰੇਟ ਲੀਡਰ ਹੈ।

# ਪਾਕਿਸਤਾਨ ਸਿੱਖ ਕੌਂਸਲ ਵਲੋਂ ਸਿੰਧ ਤੇ ਬਲੋਚਿਸਤਾਨ ਦੇ ਗੁਰੂ ਘਰਾਂ ਵਾਸਤੇ ਸਾਂਝੀ ਕਮੇਟੀ ਦਾ ਗਠਨ

**ਕਰਾਚੀ/ਬਿਊਰੋ ਨਿਊਜ਼:** ਪਾਕਿਸਤਾਨ ਸਿੱਖ ਕੌਂਸਲ ਦੇ ਸਹਿਯੋਗ ਨਾਲ ਸਿੰਧ ਅਤੇ ਬਲੋਚਿਸਤਾਨ ਦੇ ਗੁਰੂਘਰਾਂ ਦੇ ਪ੍ਰਬੰਧਕਾਂ ਦੀ ਇੱਕ ਸਾਂਝੀ ਮੀਟਿੰਗ ਗੁਰਦੁਆਰਾ ਗੁਰੂ ਤੇਗ ਬਹਾਦੁਰ ਸਾਹਿਬ ਸਿੱਖ ਸਭਾ ਕਾਧਕੋਟ (ਸਿੰਧ) ਵਿੱਚ ਕੀਤੀ ਗਈ । ਇਸ ਵਿੱਚ ਸਿੰਧ ਅਤੇ ਬਲੋਚਿਸਤਾਨ ਗੁਰੂਘਰਾਂ ਦੇ ਬਣੇ ਹੋਏ ਨੁਮਾਇੰਦਿਆਂ ਤੋਂ ਇਲਾਵਾ ਸਥਾਨਕ ਪ੍ਰਮੁੱਖ ਸਖਸ਼ੀਅਤਾਂ ਨੇ ਹਿੱਸਾ ਲਿਆ। ਰਮੇਸ਼ ਸਿੰਘ ਖਾਲਸਾ ਮੁੱਖ ਸੇਵਾਦਾਰ ਪਾਕਿਸਤਾਨ ਸਿੱਖ ਕੌਂਸਲ ਨੇ ਦੱਸਿਆ ਕਿ ਇਸ ਮੀਟਿੰਗ ਦਾ ਮੁੱਖ ਉਦੇਸ਼ ਆਮ ਅਤੇ ਖਾਸ ਗੁਰੂ ਘਰਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨਾ ਹੈ। ਇਸ ਤੋਂ ਇਲਾਵਾ ਕਮਿਊਨਿਟੀ ਨੂੰ ਆਉਣ ਵਾਲੀਆਂ ਮਸ਼ਕਲਾਂ ਅਤੇ ਸੁਵਿਧਾਵਾਂ ਸਬੰਧੀ ਵੀ ਯਤਨ ਕੀਤੇ ਜਾਣਗੇ ਤਾਂ ਜੋ ਸਿੱਖ ਸੌਖੇ ਤੌਰ ਤੇ ਪਾਕਿਸਤਾਨ ਵਿੱਚ ਵਿਚਰ ਸਕਣ। ਇਸ ਉਪਰਾਲੇ ਨੂੰ ਨੇਪਰੇ ਚਾੜ੍ਹਨ ਲਈ ਰਮੇਸ਼ ਸਿੰਘ ਖਾਲਸਾ ਨੂੰ ਸਨਮਾਨਤ ਵੀ ਕੀਤਾ ਗਿਆ। ਗੌਰਤਲਬ ਹੈ ਕਿ ਹਰੇਕ ਗੁਰੂਘਰ



ਤੋਂ ਦੋ-ਦੋ ਨੁਮਾਇੰਦੇ ਇਸ ਕਮੇਟੀ ਵਿੱਚ ਲਏ ਜਾਣਗੇ ਜੋ ਸਥਾਨਕ ਮੁਸ਼ਕਲਾਂ ਅਤੇ ਗੁਰੂਘਰਾਂ ਦੀਆਂ ਔਕੜਾਂ ਦਾ ਉਲਥਾ ਲਿਖਤੀ ਰੂਪ ਵਿੱਚ ਇਸ ਕਮੇਟੀ ਨੂੰ ਦੇਣਗੇ। ਇਸ ਸਬੰਧੀ ਕਮੇਟੀ ਸਬੰਧਤ ਮਹਿਕਮੇ ਨਾਲ ਰਾਬਤਾ ਕਾਇਮ ਕਰਕੇ ਇਸ ਦਾ ਹੱਲ ਕਰਵਾਉਣਗੇ। ਸਿੰਧ ਅਤੇ ਬਲੋਚਿਸਤਾਨ ਦੇ ਸਾਰੇ ਗੁਰੂਘਰਾਂ ਦੇ ਪ੍ਰਬੰਧਕਾਂ ਨੇ ਸੁਝਾਅ ਪੇਸ਼ ਕੀਤੇ ਅਤੇ ਸਾਂਝੀ ਸੰਸਥਾ ਨੂੰ ਰਜਿਸਟਰ ਕਰਕੇ ਇਸ ਨੂੰ ਅਮਲੀ ਰੂਪ ਦੇਣ ਦਾ ਵਾਅਦਾ ਕੀਤਾ ਹੈ। ਆਸ ਹੈ ਕਿ ਇਹ ਸਾਂਝੀ ਸੰਸਥਾ ਪਾਕਿਸਤਾਨ ਦੇ ਸਿੱਖਾਂ ਲਈ ਬਿਹਤਰੀ ਨਾਲ ਕੰਮ ਕਰੇਗੀ ਅਤੇ ਗੁਰੂਘਰਾਂ ਦੇ ਵਿਕਾਸ ਲਈ ਲਾਹੇਵੰਦ ਸਾਬਤ ਹੋਵੇਗੀ।

# ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ 'ਤੇ' 8 ਅਪ੍ਰੈਲ ਨੂੰ ਸਟਾਕਟਨ ਵਿੱਚ

**ਸਟਾਕਟਨ/ਬਿਊਰੋ ਨਿਊਜ਼ :** ਪੰਜਾਬ ਆਰਟਸ ਐਂਡ ਕਲਚਰ ਪ੍ਰੋਮੋਸ਼ਨਜ਼ ਸਟਾਕਟਨ ਦੇ ਉੱਦਮ ਨਾਲ ਡਾਇਰੈਕਟਰ ਅਸ਼ੋਕ ਟਾਂਗਰੀ ਦੁਆਰਾ ਨਿਰਦੇਸ਼ਤ ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ 'ਤੇ' 8 ਅਪ੍ਰੈਲ, ਸ਼ਨੀਵਾਰ ਸ਼ਾਮ 7:00 ਵਜੇ ਯੂਨੀਵਰਸਿਟੀ ਆਫ ਪੈਸੀਫਿਕ ਸਟਾਕਟਨ ਦੇ 'ਫੇ ਸਪੈਨੋਜ਼ ਕੰਸਰਟ ਹਾਲ' ਵਿੱਚ ਖੇਡਿਆ ਜਾਵੇਗਾ। ਕੁਲਦੀਪ ਸਿੰਘ ਦੀਪ ਦਾ ਲਿਖਿਆ ਇਹ ਨਾਟਕ ਬੀਤੇ ਸਾਲ ਇਸੇ ਟੀਮ ਵਲੋਂ ਬੇ ਏਰੀਏ ਵਿੱਚ ਸਫਲਤਾ ਪੂਰਵਕ ਖੇਡਿਆ ਜਾ ਚੁੱਕਾ ਹੈ। ਨਿਰਮਾਤਾ ਤਾਰਾ ਸਿੰਘ ਸਾਗਰ ਦੀ ਇਸ ਸ਼ਾਹਕਾਰ ਪੇਸ਼ਕਸ਼ ਵਿੱਚ ਜਸਵੰਤ ਸਿੰਘ ਸ਼ਾਦ , ਡਿੰਪਲ ਬੈਂਸ ਅਤੇ ਅਸ਼ੋਕ ਟਾਂਗਰੀ ਨਾਟਕ ਦੇ ਮੁੱਖ ਪਾਤਰ ਹਨ। ਗੇਟ 6:00 ਵਜੇ ਖੁੱਲ੍ਹਣਗੇ। ਟਿਕਟਾਂ ਦੀ ਕੀਮਤ 10 ਅਤੇ 20 ਡਾਲਰ ਹੈ। ਵੀ.ਆਈ.ਪੀ. ਟਿਕਟਾਂ ਬਾਰੇ ਜਾਂ ਕੋਈ ਹੋਰ ਜਾਣਕਾਰੀ ਲੈਣ ਲਈ ਜਸਵਿੰਦਰ ਸਿੰਘ ਸੰਧੂ ਨਾਲ 209-639-2100 ਜਾਂ ਅਵਤਾਰ ਲਾਖਾ ਨਾਲ 209-200-0818 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।





BAISAKHI 2017 CELEBRATION
KEERTAN DARBAR & NAGAR KEERTAN
Commemorating
Sri Guru Gobind Singh Ji's 350th Birthday

ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰ ਚੇਲਾ
"Wondrous! Wondrous! Gobind Singh
He is the Guru and the Disciple"



Takht Sri Harimandir Patna Sahib - Birthplace of Sri Guru Gobind Singh Ji

Sunday, April 9, 2017 • 7:00 am - 5:00 pm
Los Angeles Convention Center

AMRIT VELA PROGRAM
GURU RAM DAS ASHRAM
1620 Preuss Rd., Los Angeles, CA 90035

3:30 am Japji Sahib
3:50 am Asa di Var
6:30 am Grand Motorcade Procession of Siri Guru Granth Sahib Ji to Convention Center

KEERTAN DARBAR PROGRAM
Convention Center, Concourse Hall

7:00 am Prakash of Siri Guru Granth Sahib Ji, followed by Children's Jethas from Southern CA Gurudwaras, Ragi Jethas from Southern CA Gurudwaras, Guest Ragi Jethas & Honored Guests
*Baisakhi Bazaar*
*Children's Activities Room*
*Langar served all day*
3:00 pm Grand Procession of Siri Guru Granth Sahib Ji to the Guru's Nagar Keertan Float

NAGAR KEERTAN PROGRAM
Gilbert Lindsey Plaza and Downtown Los Angeles
*Gatka Demonstrations*
*Delicious snacks served after the parade*
3:00 pm - 5:00 pm

AMRIT SANCHAR
Saturday, April 8, 2017
at Guru Ram Das Ashram
Please contact:
Sat Daya Singh Khalsa (310) 570-3558

*For more Baisakhi Celebration information, visit*
www.gururamdasashram.org

ਆਪ ਜੀ ਸਾਰੇ ਪਰਿਵਾਰ ਸਮੇਤ ਸੇਵਾ ਵਿੱਚ ਸ਼ਾਮਿਲ ਹੋਵੋ, ਅਤੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਮੁਤਵਾਜ਼ੀ ਜਥੇਦਾਰਾਂ ਨੇ ਢੱਡਰੀਆਂ ਵਾਲੇ ਖ਼ਿਲਾਫ਼ ਪਰਮੇਸ਼ਰ ਦੁਆਰ ਦੇ ਬਾਹਰ ਕੀਤਾ ਇਕੱਠ

## *ਲਾਇਆ ਦੋਸ਼-ਸਿੱਖ ਇਤਿਹਾਸ ਨਾਲ ਭਾਈ ਢੱਡਰੀਆਂ ਵਾਲੇ ਨੇ ਕੀਤੀ ਛੇੜ-ਛਾੜ*



ਗੁਰਦੁਆਰਾ ਪਰਮੇਸ਼ਰ ਦੁਆਰ ਅੱਗੇ ਬੈਠੇ ਭਾਈ ਅਜਨਾਲਾ ਤੇ ਸਾਥੀ।

**ਪਟਿਆਲਾ/ਬਿਊਰੋ ਨਿਊਜ਼ :** ਤਖ਼ਤ ਕੇਸਗੜ੍ਹ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਦਮਦਮੀ ਟਕਸਾਲ ਦੇ ਵਿਦਿਆਰਥੀਆਂ ਅਤੇ ਹੋਰ ਸਤਿਕਾਰ ਕਮੇਟੀਆਂ ਦੇ ਸਿੰਘਾਂ ਦੇ ਜਥੇ ਸਮੇਤ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਖ਼ਿਲਾਫ਼ ਉਨ੍ਹਾਂ ਦੇ ਹੈੱਡਕੁਆਰਟਰ ਗੁਰਦੁਆਰਾ ਪਰਮੇਸ਼ਰ ਦੁਆਰ ਸਾਹਮਣੇ ਇਕੱਤਰਤਾ ਕੀਤੀ ਤੇ ਦੋਸ਼ ਲਾਇਆ ਕਿ ਭਾਈ ਢੱਡਰੀਆਂ ਵਾਲੇ ਆਪਣੇ ਦੀਵਾਨਾਂ ਦੌਰਾਨ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਹਨ। ਪੁਲੀਸ ਨੂੰ ਜਿਉਂ ਹੀ ਇਸ ਇਕੱਤਰਤਾ ਦੀ ਭਿਣਕ ਪਈ, ਵੱਡੀ ਗਿਣਤੀ ਪੁਲੀਸ ਮੁਲਾਜ਼ਮ ਸੁਰੱਖਿਆ ਲਈ ਤਾਇਨਾਤ ਕਰ ਦਿੱਤੇ ਗਏ। ਇਸ ਦੌਰਾਨ ਜਥੇ ਨੇ ਕਈ ਘੰਟੇ ਇਕੱਤਰਤਾ ਕਰਕੇ ਭਾਈ ਢੱਡਰੀਆਂ ਵਾਲਿਆਂ ਨਾਲ ਦੁਵੱਲੀ ਮੀਟਿੰਗ ਦੀ ਉਡੀਕ ਕੀਤੀ।

ਭਾਈ ਅਮਰੀਕ ਸਿੰਘ ਅਜਨਾਲਾ ਨੇ ਇੱਥੇ ਮੀਡੀਆ ਨਾਲ ਗੱਲਬਾਤ ਦੌਰਾਨ ਆਖਿਆ ਕਿ ਭਾਈ ਢੱਡਰੀਆਂ ਵਾਲੇ ਦੀਵਾਨਾਂ ਦੌਰਾਨ ਹਰਿਮੰਦਰ ਸਾਹਿਬ ਨੂੰ ਆਮ ਇਮਾਰਤ, ਜਦੋਂਕਿ ਪਵਿਤਰ ਸਰੋਵਰ ਨੂੰ ਆਮ ਪਾਣੀ ਦੱਸਦੇ ਹਨ ਤੇ ਸੰਤ ਸ਼ਬਦ ਨੂੰ ਵੀ ਨਿੰਦ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਭਾਈ ਢੱਡਰੀਆਂ ਵਾਲੇ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਦੇ ਬਾਬਾ ਬਕਾਲਾ ਵਿੱਚ ਭੋਰੇ ਵਿਚ ਕੀਤੇ ਤਪ ਸਬੰਧੀ ਕਈ ਤਰ੍ਹਾਂ ਦੇ ਮਨਮਾਨੇ ਖਿਆਲ ਸੰਗਤ ਅੱਗੇ ਰੱਖ ਰਹੇ ਹਨ। ਉਨ੍ਹਾਂ ਆਖਿਆ ਕਿ ਉਹ ਭਾਈ ਢੱਡਰੀਆਂ ਵਾਲਿਆਂ ਕੋਲੋਂ ਇਸ ਸਬੰਧੀ ਜਵਾਬ ਮੰਗਣ ਆਏ ਸਨ। ਭਾਈ ਅਜਨਾਲਾ ਨੇ ਗਿਲਾ ਕੀਤਾ ਕਿ ਉਨ੍ਹਾਂ ਨੂੰ ਪਹਿਲਾਂ ਆਖਿਆ ਗਿਆ ਕਿ ਭਾਈ ਢੱਡਰੀਆਂ ਵਾਲੇ ਦੋ ਵਜੇ ਗੱਲਬਾਤ ਕਰਨਗੇ, ਫਿਰ ਆਖਿਆ ਕਿ ਉਹ ਬਾਹਰ ਗਏ ਹੋਏ ਹਨ।

ਇਸ ਦੌਰਾਨ ਐਸਪੀ.ਐਚ. ਸੁਖਦੇਵ ਸਿੰਘ ਵਿਰਕ ਨੇ ਕਿਹਾ ਕਿ ਦੋਹਾਂ ਧਿਰਾਂ ਦਰਮਿਆਨ ਫੋਨ ਰਾਹੀਂ ਗੱਲਬਾਤ ਹੋਣ ਮਗਰੋਂ ਤੈਅ ਹੋਇਆ ਹੈ ਕਿ ਅਗਲੇ ਦਿਨਾਂ ਵਿੱਚ ਦੋਵੇਂ ਧਿਰਾਂ ਦੇ ਪੰਜ ਪੰਜ ਸਿੰਘ ਇੱਕਤਰ ਹੋ ਕੇ ਸਾਂਝੀ ਬੈਠਕ ਕਰਕੇ ਮਸਲੇ ਨੂੰ ਸੁਲਝਾਉਣ ਦਾ ਯਤਨ ਕਰਨਗੇ। ਭਾਈ ਅਜਨਾਲਾ ਨੇ ਦੱਸਿਆ ਕਿ ਪ੍ਰਸ਼ਾਸਨ ਨੇ ਉਨ੍ਹਾਂ ਦੀ ਗੱਲਬਾਤ 27 ਮਾਰਚ ਨੂੰ ਕਰਵਾਉਣੀ ਤੈਅ ਕੀਤੀ ਹੈ। ਉਧਰ, ਭਾਈ ਢੱਡਰੀਆਂ ਵਾਲਿਆਂ ਦੇ ਪੀਏ ਭਾਈ ਕੁਲਦੀਪ ਸਿੰਘ ਨੇ ਦੱਸਿਆ ਕਿ ਭਾਈ ਅਜਨਾਲਾ ਦਰਜਨਾਂ ਸਾਥੀਆਂ ਸਮੇਤ 10 ਵਜੇ ਹੀ ਗੁਰਦੁਆਰੇ ਦੇ ਗੇਟ ਤੋਂ ਕੁਝ ਦੂਰ ਬੈਠ ਗਏ ਤੇ ਪ੍ਰਸ਼ਾਸਨ ਦੇ ਦਖ਼ਲ ਨਾਲ ਗੱਲਬਾਤ ਹੋਣ ਮਗਰੋਂ ਬਾਅਦ ਦੁਪਹਿਰ ਵਾਪਸ ਗਏ। ਉਨ੍ਹਾਂ ਆਖਿਆ ਕਿ ਭਾਈ ਢੱਡਰੀਆਂ ਵਾਲੇ ਪੰਥਕ ਮਰਿਆਦਾ ਅਨੁਸਾਰ ਹੀ ਪ੍ਰਚਾਰ ਕਰ ਰਹੇ ਹਨ। ਇਸ ਲਈ ਉਨ੍ਹਾਂ 'ਤੇ ਲਾਏ ਦੋਸ਼ ਬੇਬੁਨਿਆ ਹਨ।

## ਮੈਂ ਮੁਤਵਾਜ਼ੀ ਜਥੇਦਾਰਾਂ ਨਾਲ ਨਹੀਂ ਕਰਾਂਗਾ ਮੁਲਾਕਾਤ: ਢੱਡਰੀਆਂ ਵਾਲੇ

**ਪਟਿਆਲਾ/ਬਿਊਰੋ ਨਿਊਜ਼ :** ਤਖ਼ਤ ਕੇਸਗੜ੍ਹ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਅਮਰੀਕ ਸਿੰਘ ਅਜਨਾਲਾ ਵੱਲੋਂ ਸਤਿਕਾਰ ਕਮੇਟੀ ਦੇ ਮੈਂਬਰਾਂ ਤੇ ਦਮਦਮੀ ਟਕਸਾਲ ਦੇ ਸਿੰਘਾਂ ਨਾਲ ਮਿਲ ਕੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਹੈਡਕੁਆਰਟਰ ਗੁਰਦੁਆਰਾ ਪਰਮੇਸ਼ਰ ਦੁਆਰ ਸਾਹਮਣੇ ਇਕੱਤਰਤਾ ਕਰਨ ਸਮੇਂ



ਕੀਤੇ ਸਵਾਲਾਂ ਦਾ ਜਵਾਬ ਭਾਈ ਢੱਡਰੀਆਂ ਵਾਲਿਆਂ ਨੇ ਫੇਸਬੁੱਕ ਅਤੇ ਯੂਟਿਊਬ ਪਾ ਕੇ ਦਿੱਤਾ ਹੈ ਅਤੇ ਉਨ੍ਹਾਂ ਨਾਲ ਮੀਟਿੰਗ ਕਰਨ ਤੋਂ ਸਿੱਧੇ ਤੌਰ 'ਤੇ ਇਨਕਾਰ ਕਰ ਦਿੱਤਾ ਹੈ। ਜਥੇਦਾਰ ਅਜਨਾਲਾ ਦੀ ਕਾਰਵਾਈ ਖ਼ਿਲਾਫ਼ 'ਜੀਓ ਤੇ ਜੀਣ ਦਿਓ' ਸਿਰਲੇਖ ਹੇਠ ਜਾਰੀ ਕੀਤੇ ਆਪਣੇ ਵੀਡੀਓ ਸੰਦੇਸ਼ ਵਿੱਚ ਭਾਈ ਢੱਡਰੀਆਂ ਵਾਲੇ ਨੇ ਦੋਸ਼ ਲਾਇਆ ਕਿ ਜਥੇਦਾਰ ਅਜਨਾਲਾ ਨੇ ਗੁਰਦੁਆਰਾ ਪਰਮੇਸ਼ਵਰ ਦੁਆਰ ਅੱਗੇ ਧਰਨੇ ਸਮੇਂ ਇਤਰਾਜ਼ਯੋਗ ਰਵੱਈਆ ਅਪਣਾਈ ਰੱਖਿਆ। ਜਦੋਂ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੇ ਉਨ੍ਹਾਂ ਨਾਲ ਮੋਬਾਈਲ ਫੋਨ 'ਤੇ ਗੱਲ ਕਰਨ ਵਾਸਤੇ ਆਖਿਆ ਤਾਂ ਉਨ੍ਹਾਂ ਨੇ ਗੱਲ ਕਰਨ ਦੀ ਥਾਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਹ ਤਾਂ ਢੱਡਰੀਆਂ ਵਾਲਿਆਂ ਕੋਲੋਂ ਮੁਆਫੀ ਮੰਗਵਾਉਣ ਆਏ ਹਨ ਤੇ ਉਸ ਤੋਂ ਜਵਾਬ ਲੈਣਾ ਹੈ। ਭਾਈ ਢੱਡਰੀਆਂ ਵਾਲਿਆਂ ਨੇ ਕਿਹਾ ਕਿ ਉਹ ਸੰਗਤ ਪ੍ਰਤੀ

ਬਾਕੀ ਸਫ਼ਾ 30 'ਤੇ




## ਲੁਧਿਆਣਾ 'ਚ ਕੂੜੇ ਦੇ ਢੇਰ 'ਚੋਂ ਗੁਟਕਾ ਸਾਹਿਬ ਦੇ ਪੰਨੇ ਖਿਲਰੇ ਮਿਲੇ

**ਲੁਧਿਆਣਾ/ਬਿਊਰੋ ਨਿਊਜ਼ :** ਸਨਅਤੀ ਸ਼ਹਿਰ ਵਿੱਚ ਇੱਕ ਵਾਰ ਫਿਰ ਗੁਟਕਾ ਸਾਹਿਬ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ, ਇਹ ਘਟਨਾ ਬਸਤੀ ਜੋਧੇਵਾਲ ਇਲਾਕੇ ਦੇ ਨੂਰਵਾਲਾ ਰੋਡ ਸਥਿਤ ਆਨੰਦਪੁਰੀ ਕਲੋਨੀ ਦੀ ਹੈ। ਜਿੱਥੇ ਗੁਰਦੁਆਰੇ ਮੱਥਾ ਟੇਕਣ ਜਾ ਰਹੀ ਸੰਗਤ ਨੇ ਇਲਾਕੇ ਵਿਚ ਪਏ ਕੂੜੇ ਦੇ ਢੇਰਾਂ 'ਤੇ ਗੁਟਕਾ ਸਾਹਿਬ ਦੇ ਪੰਨੇ ਖਿਲਰੇ ਵੇਖੇ। ਇਲਾਕੇ ਦੀ ਸੰਗਤ ਨੇ ਤੁਰੰਤ ਇਸ ਦੀ ਜਾਣਕਾਰੀ ਗੁਰਦੁਆਰੇ ਦੇ ਪ੍ਰਧਾਨ ਨੂੰ ਦਿੱਤੀ ਜਿਸ ਨੇ ਮੌਕੇ 'ਤੇ ਆ ਕੇ ਪੁਲੀਸ ਨੂੰ ਇਸ ਸਬੰਧੀ ਦੱਸਿਆ। ਸੂਚਨਾ ਮਿਲਣ ਉੱਤੇ ਏਡੀਸੀਪੀ ਕ੍ਰਾਈਮ ਬਲਕਾਰ ਸਿੰਘ, ਏਡੀਸੀਪੀ-4 ਸੰਦੀਪ ਸ਼ਰਮਾ, ਏਡੀਸੀਪੀ 3 ਸੁਰਿੰਦਰ ਲਾਂਬਾ, ਏਸੀਪੀ ਪੂਰਬੀ ਸੌਰਵ ਜਿੰਦਲ, ਥਾਣਾ ਬਸਤੀ ਜੋਧੇਵਾਲ, ਡਿਵੀਜ਼ਨ ਨੰ. 7, ਸੀਆਈਏ-1 ਤੇ 2 ਦੀ ਪੁਲੀਸ ਮੌਕੇ 'ਤੇ ਪੁੱਜੀ। ਪੁਲੀਸ ਨੇ ਇਲਾਕਾ ਵਾਸੀਆਂ ਨਾਲ ਮਿਲ ਕੇ ਪੂਰੇ ਆਦਰ ਸਤਿਕਾਰ ਨਾਲ ਪਵਿੱਤਰ ਅੰਗਾਂ ਨੂੰ ਇੱਕਠੇ ਕੀਤਾ ਤੇ ਸੁਰੱਖਿਅਤ ਸਥਾਨਾਂ 'ਤੇ ਰਖਵਾਇਆ। ਜਾਂਚ ਦੌਰਾਨ ਪਤਾ ਲੱਗਾ ਕਿ ਦੋ ਦਿਨ ਪਹਿਲਾਂ ਇਲਾਕੇ ਵਿਚ ਰਹਿਣ ਵਾਲੇ ਹਰਪ੍ਰੀਤ ਸਿੰਘ ਨੇ ਆਪਣਾ ਘਰ ਬਦਲਿਆ ਹੈ। ਜਿਸ ਨੇ ਸਾਰਾ ਕੂੜਾ ਘਰ ਦੇ ਬਾਹਰ ਸੁੱਟਿਆ ਹੈ ਤੇ ਉਸ ਵਿਚ ਪਵਿੱਤਰ ਪੋਥੀ ਦੇ ਪੰਨੇ ਪਾੜ ਕੇ ਸੁੱਟੇ ਗਏ ਹਨ। ਪੁਲੀਸ ਨੇ ਤੁਰੰਤ ਹਰਪ੍ਰੀਤ ਦੇ ਖਿਲਾਫ਼ ਕੇਸ ਦਰਜ ਕਰਕੇ ਉਸ ਨੂੰ ਕਾਬੂ ਕਰ ਲਿਆ। ਦੂਸਰੇ ਪਾਸੇ ਹਰਪ੍ਰੀਤ ਦੇ ਪਰਿਵਾਰ ਵਾਲਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਬੱਚਿਆਂ ਤੋਂ ਗ਼ਲਤੀ ਨਾਲ ਇਹ ਧਾਰਮਿਕ ਗ੍ਰੰਥ ਦੇ ਪੰਨੇ ਫਟ ਗਏ। ਉਸ ਨੇ ਦੱਸਿਆ ਕਿ ਉਹ ਖੁਦ ਵੀ ਸਿੱਖ ਪਰਿਵਾਰ ਨਾਲ ਸਬੰਧ ਰੱਖਦਾ ਹੈ। ਏਡੀਸੀਪੀ ਕ੍ਰਾਈਮ ਬਲਕਾਰ ਸਿੰਘ ਨੇ ਕਿਹਾ ਕਿ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।






# ਸਾਬਕਾ ਅਕਾਲੀ ਮੰਤਰੀ ਗੁਰਦੇਵ ਸਿੰਘ ਬਾਦਲ ਨਹੀਂ ਰਹੇ



**ਲੁਧਿਆਣਾ/ਬਿਊਰੋ ਨਿਊਜ਼:** ਪੰਜਾਬ ਦੇ ਸਾਬਕਾ ਖੇਤੀਬਾੜੀ ਮੰਤਰੀ ਅਤੇ ਸੀਨੀਅਰ ਅਕਾਲੀ ਆਗੂ ਸ.ਗੁਰਦੇਵ ਸਿੰਘ ਬਾਦਲ ਨਹੀਂ ਰਹੇ। ਉਹ 85 ਸਾਲਾਂ ਦੇ ਸਨ। ਉਹ ਪਿਛਲੇ ਕਈ ਦਿਨਾਂ ਤੋਂ ਬਿਮਾਰ ਰਹਿਣ ਬਾਅਦ ਮੰਗਲਵਾਰ ਨੂੰ ਲੁਧਿਆਣਾ ਦੇ ਦਯਾ ਨੰਦ ਮੈਡੀਕਲ ਕਾਲਜ ਹਸਪਤਾਲ ਵਿੱਚ ਦਮ ਤੋੜ ਗਏ। ਉਨ੍ਹਾਂ ਦਾ ਕਾਫ਼ੀ ਸਮੇਂ ਉੱਥੇ ਇਲਾਜ ਚੱਲ ਰਿਹਾ ਸੀ। ਫਰੀਦਕੋਟ ਜਿਲ੍ਹੇ ਦੇ ਪੰਜ ਗਰਾਈਆਂ ਹਲਕੇ ਤੋ ਪੰਜ ਵਾਰ ਵਿਧਾਇਕ ਰਹੇ ਦਲਿਤ ਨੇਤਾ ਸ. ਗੁਰਦੇਵ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਸ.ਪ੍ਰਕਾਸ਼ ਸਿੰਘ ਬਾਦਲ ਦੇ ਬੜੇ ਨੇੜਲਿਆਂ ਵਿਚੋਂ ਸਨ। ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਲਈ ਪਹਿਲੀ ਚੋਣ 1977 ਵਿੱਚ ਲੜੀ। ਇੱਥੋਂ ਜਿੱਤਣ ਬਾਅਦ ਉਹ 1980, 1985, 1997 ਅਤੇ 2002 ਵਿੱਚ ਵੀ ਜੇਤੂ ਰਹੇ। ਪਰ ਸੰਨ 2007 ਦੀਆਂ ਚੋਣਾਂ ਵਿੱਚ ਉਹ ਕਾਂਗਰਸੀ ਉਮੀਦਵਾਰ ਜੋਗਿੰਦਰ ਸਿੰਘ ਹੱਥੋਂ ਹਾਰ ਗਏ। ਇਸ ਸਾਲ ਫਰਵਰੀ ਵਿੱਚ ਹੋਈਆਂ ਚੋਣਾਂ 'ਚ ਪੰਜ ਗਰਾਈਆਂ ਦੀ ਥਾਂ ਜੈਤੋ ਰੀਜ਼ਰਵ ਸੀਟ ਹੋਣ ਕਾਰਨ ਉਨ੍ਹਾਂ ਦੀ ਥਾਂ ਉਨ੍ਹਾਂ ਦੇ ਪੁੱਤਰ ਸੂਬਾ ਸਿੰਘ ਬਾਦਲ ਨੇ ਚੋਣ ਲੜੀ ਪਰ ਉਹ ਵੀ ਹਾਰ ਗਿਆ।

# ਲਾਲ ਸਿੰਘ ਮੰਡੀਕਰਨ ਬੋਰਡ ਦੇ ਚੇਅਰਮੈਨ ਬਣੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਕੈਪਟਨ ਸਰਕਾਰ ਨੇ ਪੰਜਾਬ ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ ਅਤੇ 40 ਵਰ੍ਹਿਆਂ ਤੋਂ ਲਗਾਤਾਰ ਕਾਂਗਰਸ ਦੇ ਅਹੁਦੇਦਾਰ ਚਲੇ ਆ ਰਹੇ ਸਾਬਕਾ ਮੰਤਰੀ ਲਾਲ ਸਿੰਘ ਨੂੰ ਪੰਜਾਬ ਮੰਡੀ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਉਨ੍ਹਾਂ ਨੂੰ ਇਸ ਤਹਿਤ ਕੈਬਨਿਟ ਮੰਤਰੀ ਦਾ ਦਰਜਾ ਦਿੱਤਾ ਗਿਆ ਹੈ। ਗ਼ੌਰਤਲਬ ਹੈ ਕਿ ਐਮਰਜੈਂਸੀ ਤੋਂ ਬਾਅਦ 1977 ਵਿਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ 117



ਸੀਟਾਂ ਵਿਚੋਂ 17 ਸੀਟਾਂ ਹੀ ਜਿੱਤੀਆਂ ਸਨ, ਜਿਨ੍ਹਾਂ ਵਿੱਚ ਲਾਲ ਸਿੰਘ ਪਹਿਲੀ ਵਾਰ ਵਿਧਾਇਕ ਬਣੇ ਸਨ। ਉਹ 1977 ਤੋਂ 2012 ਤੱਕ ਇਕੋ ਹਲਕੇ (ਪਹਿਲਾਂ ਡਕਾਲਾ ਤੇ ਫਿਰ ਨਵੇਂ ਬਣੇ ਹਲਕੇ ਸਨੌਰ) ਤੋਂ ਅੱਠ ਵਾਰ ਵਿਧਾਨ ਸਭਾ ਚੋਣ ਲੜੇ ਤੇ ਛੇ ਵਾਰ ਜੇਤੂ ਰਹੇ। ਇਸ ਵਾਰ ਕਾਂਗਰਸ ਵੱਲੋਂ 'ਇਕ ਪਰਿਵਾਰ-ਇਕ ਟਿਕਟ' ਦੇ ਸਿਧਾਂਤ ਤਹਿਤ ਉਨ੍ਹਾਂ ਦੇ ਲੜਕੇ ਰਾਜਿੰਦਰ ਸਿੰਘ ਨੂੰ ਹੀ ਸਮਾਣਾ ਤੋਂ ਟਿਕਟ ਦਿੱਤੀ ਗਈ, ਜੋ ਦਸ ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਜੇਤੂ ਰਹੇ।

ਸ੍ਰੀ ਲਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਤਿੰਨ ਮੁੱਖ ਮੰਤਰੀਆਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਤੇ ਉਹ 11 ਅਹਿਮ ਮਹਿਕਮਿਆਂ ਦੇ ਮੰਤਰੀ ਰਹੇ। ਸਾਲ 2009 ਵਿਚ ਲੋਕ ਸਭਾ ਚੋਣਾਂ ਸਮੇਂ ਉਹ ਛੇ ਮਹੀਨੇ ਕਾਂਗਰਸ ਦੇ ਐਕਟਿੰਗ ਪ੍ਰਧਾਨ ਰਹੇ। ਉਨ੍ਹਾਂ ਦੀ ਅਗਵਾਈ ਵਿਚ ਕਾਂਗਰਸ ਨੇ 13 ਲੋਕ ਸਭਾ ਸੀਟਾਂ ਵਿਚੋਂ ਅੱਠ ਜਿੱਤੀਆਂ। ਉਨ੍ਹਾਂ ਕਿਹਾ ਕਿ ਮੰਡੀ ਬੋਰਡ ਦਾ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਤੇ ਪਿੰਡਾਂ ਨਾਲ ਸਿੱਧਾ ਸਬੰਧ ਹੈ ਤੇ ਉਹ ਪਹਿਲ ਦੇ ਅਧਾਰ 'ਤੇ ਕਿਸਾਨਾਂ ਨੂੰ ਮੰਡੀਆਂ ਵਿਚ ਸਹੂਲਤਾਂ ਦੇਣ ਤੇ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਹਾਲਤ ਸੁਧਾਰਨ ਵੱਲ ਧਿਆਨ ਦੇਣਗੇ।

# ਰੁਜ਼ਗਾਰ ਦੇ ਜੁਗਾੜ ਦੀ ਥਾਂ ਜੁਗਾੜੂ ਨਿਯੁਕਤੀਆਂ

ਚੰਡੀਗੜ੍ਹ/ਤਰਲੋਚਨ ਸਿੰਘ :ਕੈਪਟਨ ਸਰਕਾਰ ਘਰ-ਘਰ ਨੌਕਰੀਆਂ ਦੇਣ ਦੇ ਵਾਅਦੇ ਦੀ ਥਾਂ ਜੁਗਾੜੂ ਨਿਯੁਕਤੀਆਂ ਕਰਨ ਦੇ ਰਾਹ ਪੈ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵਿੱਤ ਕਮਿਸ਼ਨਰ ਸਕੱਤਰੇਤ ਵਿੱਚ ਖਾਲੀ ਆਸਾਮੀਆਂ ਭਰਨ ਲਈ ਨਵੀਂ ਭਰਤੀ ਦੀ ਥਾਂ ਹੋਰ ਵਿਭਾਗਾਂ ਤੋਂ ਬਦਲੀ ਰਾਹੀਂ ਕਲਰਕਾਂ ਦੀ ਨਿਯੁਕਤੀ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਪੰਜਾਬ ਦੇ ਰਾਜਪਾਲ ਵੀਪੀ ਸਿੰਘ ਬਦਨੌਰ ਨੇ 15ਵੀਂ ਵਿਧਾਨ ਸਭਾ ਦੇ ਸਮਾਗਮ ਨੂੰ ਸੰਬੋਧਨ ਕਰਦਿਆਂ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਲਈ ਘਰ ਘਰ ਵਿੱਚ ਨੌਕਰੀ ਦੇਣ ਦਾ ਐਲਾਨ ਕੀਤਾ ਹੈ ਜਦਕਿ ਦੂਜੇ ਪਾਸੇ ਵਿੱਤ ਕਮਿਸ਼ਨਰ ਸਕੱਤਰੇਤ ਵੱਲੋਂ ਜਾਰੀ ਪੱਤਰ ਰਾਹੀਂ ਅਦਾਰੇ ਵਿਚਲੀਆਂ ਖਾਲੀ ਆਸਾਮੀਆਂ ਭਰਨ ਲਈ ਨਵੀਂ ਭਰਤੀ ਦੀ ਥਾਂ ਰਾਜ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਕੰਮ ਕਰ ਰਹੇ ਕਲਰਕਾਂ ਵਿਚੋਂ ਯੋਗ ਪ੍ਰਣਾਲੀ ਰਾਹੀਂ ਭਰਤੀ ਕਰਨ ਦਾ ਫ਼ੈਸਲਾ ਕੀਤਾ ਹੈ। ਵਿੱਤ ਕਮਿਸ਼ਨਰ ਸਕੱਤਰੇਤ ਵੱਲੋਂ ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁਖੀਆਂ, ਮੰਡਲ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ, ਪੰਜਾਬ ਵਿਧਾਨ ਸਭਾ, ਉਪ ਮੰਡਲ ਅਫ਼ਸਰਾਂ ਅਤੇ ਆਮ ਰਾਜ ਪ੍ਰਬੰਧ ਵਿਭਾਗ ਨੂੰ ਪੱਤਰ ਲਿਖ ਕੇ ਇਨ੍ਹਾਂ ਵਿਭਾਗਾਂ ਦੇ ਚਾਹਵਾਨ ਕਲਰਕਾਂ ਕੋਲੋਂ ਉਨ੍ਹਾਂ ਦੇ ਦਫ਼ਤਰ ਵਿੱਚ ਬਦਲੀ ਦੀ ਵਿਧੀ ਰਾਹੀਂ ਭਰਤੀ ਹੋਣ ਲਈ ਅਰਜ਼ੀਆਂ ਦੇਣ ਲਈ ਕਿਹਾ ਗਿਆ ਹੈ। ਵਿੱਤ ਕਮਿਸ਼ਨਰ ਸਕੱਤਰੇਤ ਵਿੱਚ ਬਦਲੀ ਦੀ ਵਿਧੀ ਰਾਹੀਂ ਕਲਰਕਾਂ ਦੀ ਭਰਤੀ ਰੂਲਜ਼ 1986 ਅਤੇ ਪੰਜਾਬ ਸਿਵਲ ਸਰਵਿਸਿਜ਼ ਜਨਰਲ ਐਂਡ ਕਾਮਨ ਕੰਡੀਸ਼ਨ ਆਫ਼ ਸਰਵਿਸ ਰੂਲਜ਼-1994 ਵਿੱਚ ਦਰਜ ਸ਼ਰਤਾਂ ਅਧੀਨ ਕੀਤੀ ਜਾ ਰਹੀ ਹੈ। ਹੋਰ ਵਿਭਾਗਾਂ ਦੇ ਕਲਰਕਾਂ ਨੂੰ ਬਦਲੀ ਦੀ ਵਿਧੀ ਰਾਹੀਂ ਭਰਤੀ ਹੋਣ ਲਈ 26 ਅਪ੍ਰੈਲ ਤੱਕ ਅਰਜ਼ੀਆਂ ਦੇਣ ਲਈ ਵੀ ਕਿਹਾ ਗਿਆ ਹੈ। ਜਿਹੜੇ ਕਲਰਕਾਂ ਦਾ ਸਬੰਧਤ ਵਿਭਾਗ ਵਿੱਚ ਦੋ ਸਾਲਾਂ ਦਾ ਪਰਖ ਕਾਲ ਦਾ ਸਮਾਂ ਕਲੀਅਰ ਹੋਵੇਗਾ, ਸਿਰਫ਼ ਉਨ੍ਹਾਂ ਨੂੰ ਹੀ ਵਿੱਤ ਕਮਿਸ਼ਨਰ ਦਫ਼ਤਰ ਵਿੱਚ ਭਰਤੀ ਕੀਤਾ ਜਾਵੇਗਾ। ਸਬੰਧਤ ਵਿਭਾਗਾਂ ਦੇ ਮੁਖੀਆਂ ਕੋਲੋਂ ਇਤਰਾਜ਼ਹੀਣਤਾ ਸਰਟੀਫਿਕੇਟ ਵੀ ਹਾਸਲ ਕੀਤੇ ਜਾਣਗੇ ਅਤੇ ਵਿੱਤ ਕਮਿਸ਼ਨਰ ਵੱਲੋਂ ਉਮੀਦਵਾਰਾਂ ਕੋਲੋਂ ਮੁੜ ਕੰਪਿਊਟਰ ਉਪਰ ਟਾਈਪ ਟੈਸਟ ਲਿਆ ਜਾਵੇਗਾ। ਦੱਸਣਯੋਗ ਹੈ ਕਿ ਕੈਪਟਨ ਸਰਕਾਰ ਨੇ ਸਾਲ 2002-07 ਦੌਰਾਨ ਮੁਲਾਜ਼ਮਾਂ ਦੇ ਹਰੇਕ ਵਰਗ ਵਿੱਚ ਤਰੱਕੀ ਹੋਣ, ਰਿਟਾਇਰਮੈਂਟ ਜਾਂ ਮੌਤ ਹੋਣ ਦੀ ਸੂਰਤ ਵਿੱਚ ਖਾਲੀ ਹੋਣ ਵਾਲੀਆਂ ਫੀਡਰ (ਸਭ ਤੋਂ ਹੇਠਲੀਆਂ) ਆਸਾਮੀਆਂ ਖਤਮ ਕਰਨ ਦਾ ਫ਼ੁਰਮਾਨ ਜਾਰੀ ਕੀਤਾ ਸੀ ਜਿਸ ਕਾਰਨ ਤਕਰੀਬਨ ਹਰੇਕ ਵਿਭਾਗ ਵਿੱਚ ਖਾਸ ਕਰਕੇ ਕਲਰਕਾਂ ਦੀਆਂ ਹਜ਼ਾਰਾਂ ਅਸਾਮੀਆਂ ਉਪਰ ਲਕੀਰ ਫੇਰ ਦਿੱਤੀ ਗਈ ਸੀ। ਹੁਣ ਜੇਕਰ ਵੱਖ-ਵੱਖ ਵਿਭਾਗਾਂ ਵਿਚਲੇ ਕਲਰਕਾਂ ਨੂੰ ਵਿੱਤ ਕਮਿਸ਼ਨਰ ਦਫ਼ਤਰ ਵਿੱਚ ਭਰਤੀ ਕੀਤਾ ਗਿਆ ਤਾਂ ਸਬੰਧਤ ਵਿਭਾਗਾਂ ਵਿੱਚ ਮੁੜ ਕਲਰਕਾਂ ਦੀ ਤੋਟ ਆਉਣੀ ਸੁਭਾਵਿਕ ਹੈ। ਹੁਣ ਸਰਕਾਰ ਨੇ ਨਵੀਂ ਭਰਤੀ ਕਰ ਕੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਇਹ ਨਿਵੇਕਲੀ ਨੀਤੀ ਅਪਣਾ ਲਈ ਹੈ। ਸੂਤਰਾਂ ਅਨੁਸਾਰ ਪਿਛਲੇ ਸਮੇਂ ਵਿੱਤ ਕਮਿਸ਼ਨਰ ਸਕੱਤਰੇਤ ਨੂੰ ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਨਵੇਂ ਭਰਤੀ ਕੀਤੇ ਕਲਰਕ ਭੇਜੇ ਗਏ ਸਨ, ਜਿਨ੍ਹਾਂ ਨੂੰ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਵਿੱਚ ਵਿਆਪਕ ਪੱਧਰ 'ਤੇ ਖਾਲੀ ਆਸਾਮੀਆਂ ਉਪਰ ਤਾਇਨਾਤ ਕਰ ਦਿੱਤਾ ਗਿਆ ਸੀ ਜਿਸ ਕਾਰਨ ਇਸ ਦਫ਼ਤਰ ਵਿੱਚ ਕਲਰਕਾਂ ਦੀਆਂ ਕਈ ਆਸਾਮੀਆਂ ਖਾਲੀ ਪਈਆਂ ਸਨ। ਜਾਣਕਾਰੀ ਅਨੁਸਾਰ ਵਿੱਤ ਕਮਿਸ਼ਨਰ ਸਕੱਤਰੇਤ ਵਿੱਚ ਸੀਨੀਅਰ ਸਹਾਇਕਾਂ ਦੀਆਂ ਵੀ ਕਈ ਆਸਾਮੀਆਂ ਖਾਲੀ ਹੋਣ ਕਾਰਨ ਮੌਜੂਦਾ ਮੁਲਾਜ਼ਮ ਦੂਹਰੇ-ਤੀਹਰੇ ਦਫ਼ਤਰੀ ਬੋਝ ਹੇਠ ਦੱਬੇ ਪਏ ਹਨ। ਇਸ ਦਫ਼ਤਰ ਵੱਲੋਂ ਪਹਿਲਾਂ ਬਦਲੀ ਦੀ ਵਿਧੀ ਰਾਹੀਂ ਹੀ ਡਰਾਈਵਰ ਭਰਤੀ ਕਰਨ ਦੀ ਜਾਣਕਾਰੀ ਵੀ ਮਿਲੀ ਹੈ। ਸਰਕਾਰ ਦੀ ਇਸ ਨੀਤੀ ਕਾਰਨ ਸਰਕਾਰੀ ਦਫ਼ਤਰਾਂ ਵਿੱਚ ਨੇੜਲੇ ਭਵਿੱਖ ਵਿੱਚ ਨਵੀਂ ਭਰਤੀ ਕਰਨ ਦੀ ਸੰਭਾਵਨਾ ਨਹੀਂ ਜਾਪਦੀ।

# ਢੀਂਡਸਾ ਨੇ ਰਾਜ ਸਭਾ 'ਚ ਅਕਾਸ਼ਵਾਣੀ ਤੋਂ ਪੰਜਾਬੀ ਬੁਲੇਟਿਨ ਬੰਦ ਹੋਣ ਦਾ ਖਦਸ਼ਾ ਪ੍ਰਗਟਾਇਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਰਾਜ ਸਭਾ ਸੰਸਦ ਮੈਂਬਰ ਸ. ਸੁਖਦੇਵ ਸਿੰਘ ਢੀਂਡਸਾ ਨੇ ਰਾਜ ਸਭਾ ਵਿਚ ਅਕਾਸ਼ਵਾਣੀ ਤੋਂ ਪੰਜਾਬੀ ਬੁਲੇਟਿਨ ਬੰਦ ਕਰਨ ਦੇ ਖਦਸ਼ਿਆਂ ਦਾ ਮੁੱਦਾ ਚੁੱਕਿਆ। ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰਾਂ ਨੇ ਸਿਫਰਕਾਲ ਵਿਚ ਮੁੱਦਾ ਚੁੱਕਦਿਆਂ ਕਿਹਾ ਕਿ ਅਕਾਸ਼ਵਾਣੀ ਤੋਂ ਖੇਤਰੀ ਭਾਸ਼ਾਵਾਂ ਦੇ ਬੁਲੇਟਿਨ ਦਾ ਪ੍ਰਸਾਰਨ ਉਸ ਵੇਲੇ ਤੋਂ ਚੱਲਿਆ ਆ ਰਿਹਾ ਹੈ, ਜਦ ਤੋਂ ਸਰਦਾਰ ਪਟੇਲ ਪਹਿਲੇ ਸੂਚਨਾ ਅਤੇ ਪ੍ਰਸਾਰਨ ਮੰਤਰੀ ਬਣੇ ਸਨ। ਉਨਾਂ ਕਿਹਾ ਕਿ ਉਸ ਵੇਲੇ ਪੰਜਾਬੀ ਸਮੇਤ ਹੋਰ 6 ਭਾਸ਼ਾਵਾਂ (ਅਸਮਿਆ, ਡੋਗਰੀ, ਕਸ਼ਮੀਰੀ, ਮਲਿਆਲਮ) ਭਾਸ਼ਾਵਾਂ ਦੇ ਬੁਲੇਟਿਨ ਸ਼ੁਰੂ ਕਰਵਾਏ ਗਏ, ਜਦ ਦਿੱਲੀ ਵਿਚ ਖੇਤਰੀ ਭਾਸ਼ਾਵਾਂ ਦੀ ਸੋਝੀ ਰੱਖਣ ਵਾਲੇ ਵਿਅਕਤੀ ਦਿੱਲੀ ਵਿਚੋਂ ਮਿਲਣੇ ਤਕਰੀਬਨ ਨਾਮੁਮਕਿਨ ਸੀ। ਪਰ ਸਮੇਂ ਦੇ ਨਾਲ ਬਦਲੇ ਹਾਲਾਤ ਤੋਂ ਬਾਅਦ ਹੁਣ ਦਿੱਲੀ ਵਿਚ ਖੇਤਰੀ ਭਾਸ਼ਾਵਾਂ ਦੇ ਮਾਹਰਾਂ ਦੀ ਕੋਈ ਘਾਟ ਨਹੀਂ ਹੈ। ਰਾਜ ਸਭਾ ਸੰਸਦ ਮੈਂਬਰਾਂ ਨੇ ਸੂਚਨਾ ਅਤੇ ਪ੍ਰਸਾਰਨ ਰਾਜ ਮੰਤਰੀ ਰਾਜਵਰਧਨ ਰਾਠੌਰ ਵੱਲੋਂ ਲੋਕ ਸਭਾ ਵਿਚ ਇਕ ਲਿਖਤੀ ਸਵਾਲ ਦੇ ਜਵਾਬ ਦਾ ਹਵਾਲਾ ਦਿੰਦਿਆਂ ਕਿਹਾ ਕਿ ਮੰਤਰੀ ਮੁਤਾਬਿਕ 4 ਖੇਤਰੀ ਭਾਸ਼ਾਵਾਂ ਅਸਮਿਆ, ਉੜੀਆ, ਮਲਿਆਲਮ ਅਤੇ ਤਾਮਿਲ ਦੇ ਖਬਰਾਂ ਦੇ ਬੁਲੇਟਿਨ ਨੂੰ ਸੰਬੰਧਤ ਰਾਜਾਂ ਵਿਚ ਸ਼ਿਫਟ ਕਰਨ ਦੇ ਹੁਕਮ ਦੇ ਦਿੱਤੇ ਗਏ ਹਨ।









# ਸੁਪਰੀਮ ਕੋਰਟ ਨੇ ਸਿੱਖ ਕਤਲੇਆਮ ਮਾਮਲੇ 'ਚ ਬੰਦ ਕੀਤੇ 199 ਕੇਸਾਂ ਦੀਆਂ ਫਾਈਲਾਂ ਮੰਗੀਆਂ

### *ਅਗਲੀ ਸੁਣਵਾਈ 25 ਅਪ੍ਰੈਲ ਨੂੰ*

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਨੇ 1984 ਸਿੱਖ ਵਿਰੋਧੀ ਕਤਲੇਆਮ ਮਾਮਲੇ ਦੀ ਸੁਣਵਾਈ ਕਰਦਿਆਂ ਬੰਦ ਕੇਸਾਂ ਦੀਆਂ 199 ਫਾਈਲਾਂ ਅਦਾਲਤ ਵਿਚ ਜਮਾਂ ਕਰਵਾਉਣ ਦੇ ਹੁਕਮ ਦਿੱਤੇ ਹਨ। ਐਸ.ਆਈ.ਟੀ. ਨੇ ਇਹ ਫਾਈਲਾਂ ਬੰਦ ਕਰ ਦਿੱਤੀਆਂ ਸਨ। ਸਿੱਖ ਵਿਰੋਧੀ ਕਤਲੇਆਮ ਨੂੰ ਲੈ ਕੇ ਦਾਇਰ ਇਕ ਜਨਹਿੱਤ ਪਟੀਸ਼ਨ 'ਤੇ ਸੁਪਰੀਮ ਕੋਰਟ ਸੁਣਵਾਈ ਕਰ ਰਿਹਾ ਹੈ। ਇਸ ਤੋਂ ਪਹਿਲਾਂ ਸੁਣਵਾਈ ਵਿਚ ਸੁਪਰੀਮ ਕੋਰਟ ਨੇ ਪਟੀਸ਼ਨਕਰਤਾ ਤੋਂ ਜਾਂਚ ਦੇ ਸਬੰਧ ਵਿਚ ਸੁਝਾਅ ਮੰਗੇ ਸਨ। ਇਸ ਦੇ ਇਲਾਵਾ ਪਿਛਲੀ ਸੁਣਵਾਈ ਦੌਰਾਨ ਅਦਾਲਤ ਨੇ ਕਤਲੇਆਮ ਦੀ ਜਾਂਚ ਲਈ ਗਠਿਤ ਕੀਤੀ ਐਸ.ਆਈ.ਟੀ. ਨੂੰ ਸਟੇਟਸ ਰਿਪੋਰਟ ਸੌਂਪਣ ਲਈ ਆਖਿਆ ਗਿਆ ਸੀ। ਇਸ ਮਾਮਲੇ ਦੀ ਅਗਲੀ ਸੁਣਵਾਈ 25 ਅਪ੍ਰੈਲ ਨੂੰ ਹੋਵੇਗੀ। ਇਸ ਮਾਮਲੇ ਦੀ ਜਾਂਚ ਲਈ 2014 ਵਿਚ ਐਸ.ਆਈ.ਟੀ. ਦਾ ਗਠਨ ਕੀਤਾ ਗਿਆ ਸੀ। ਪਟੀਸ਼ਨਕਰਤਾ ਜੀ.ਐਸ. ਕਾਹਲੋਂ ਨੇ ਜਸਟਿਸ ਦੀਪਕ ਮਿਸ਼ਰਾ ਅਤੇ ਜਸਟਿਸ ਆਰ. ਭਾਨੂਮਤੀ 'ਤੇ ਆਧਾਰਤ ਬੈਂਚ ਨੂੰ ਦੱਸਿਆ ਸੀ ਕਿ ਐਸ.ਆਈ.ਟੀ. ਜਾਂਚ ਵਿਚ ਬੁਰੀ ਤਰਾਂ ਅਸਫਲ ਰਹੀ ਹੈ। ਇਸ ਤੋਂ ਬਾਅਦ ਅਦਾਲਤ ਨੇ ਸਟੇਟਸ ਰਿਪੋਰਟ ਪੇਸ਼ ਕਰਨ ਲਈ ਆਖਿਆ ਸੀ। ਇਸ ਤੋਂ ਪਹਿਲਾਂ ਕੇਂਦਰ ਨੇ ਅਦਾਲਤ ਨੂੰ ਦੱਸਿਆ ਸੀ ਕਿ 221 ਮਾਮਲਿਆਂ ਵਿਚੋਂ 21 ਦੀ ਜਾਂਚ ਚੱਲ ਰਹੀ ਹੈ। ਇਸ ਦੇ ਨਾਲ ਹੀ ਇਕ ਹੋਰ ਮਾਮਲੇ ਵਿਚ ਦਿੱਲੀ ਦੀ ਕੜਕੜਡੂਮਾ ਅਦਾਲਤ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਲਾਈ ਡਿਟੈਕਟਰ ਟੈਸਟ ਸਬੰਧੀ ਸੀ.ਬੀ.ਆਈ. ਦੀ ਪਟੀਸ਼ਨ 'ਤੇ 30 ਅਪ੍ਰੈਲ ਨੂੰ ਸੁਣਵਾਈ ਕਰਨ ਦਾ ਫ਼ੈਸਲਾ ਕੀਤਾ ਹੈ।

## ਚੰਡੀਗੜ੍ਹ ਹਵਾਈ ਅੱਡੇ ਦੇ ਨਾਂ ਦਾ ਮੁੱਦਾ ਰਾਜ ਸਭਾ ਵਿਚ ਮੁੜ ਗੂੰਜਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦੇ ਸ਼ਹੀਦੀ ਦਿਹਾੜੇ ਮੌਕੇ ਰਾਜ ਸਭਾ ਵਿੱਚ ਚੰਡੀਗੜ੍ਹ ਦੇ ਕੌਮਾਂਤਰੀ ਹਵਾਈ ਅੱਡੇ ਦੇ ਨਾਂ ਦਾ ਮੁੱਦਾ ਗੂੰਜਿਆ। ਵਿਰੋਧੀ ਧਿਰ ਨੇ ਇਹ ਮੁੱਦਾ ਉਠਾਉਂਦਿਆਂ ਕਿਹਾ ਕਿ ਹਰਿਆਣਾ ਦੀ ਭਾਜਪਾ ਸਰਕਾਰ ਹਵਾਈ ਅੱਡੇ ਦਾ ਨਾਂ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਨਾਂ ਉਪਰ ਨਹੀਂ ਰੱਖਣਾ ਚਾਹੁੰਦੀ। ਸਿਫ਼ਰ ਕਾਲ ਦੌਰਾਨ ਸੀਪੀਆਈ (ਐਮ) ਦੇ ਰੀਤਾਬਰਾਤਾ ਬੈਨਰਜੀ ਨੇ ਚੰਡੀਗੜ੍ਹ ਹਵਾਈ ਅੱਡੇ ਦਾ ਮਾਮਲਾ ਉਠਾਇਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਵਾਈ ਅੱਡੇ ਦਾ ਨਾਂ ਸ਼ਹੀਦੇ-ਆਜ਼ਮ ਦੇ ਨਾਂ ਉਪਰ ਰੱਖਣ ਲਈ ਰਾਜ਼ੀ ਸੀ ਜਦਕਿ ਹਰਿਆਣਾ ਸਰਕਾਰ ਇਸ ਅੱਡੇ ਦਾ ਨਾਂ ਸਾਬਕਾ ਉਪ ਮੁੱਖ ਮੰਤਰੀ ਮੰਗਲ ਸੈਨ ਦੇ ਨਾਂ ਉਪਰ ਰੱਖਣ ਲਈ ਬਜ਼ਿੱਦ ਸੀ। ਸ੍ਰੀ ਬੈਨਰਜੀ ਨੇ ਕਿਹਾ ਕਿ ਇਸ ਮੁੱਦੇ ਨੂੰ ਲੈ ਕੇ ਅੰਦੋਲਨ ਵੀ ਹੋਏ ਹਨ। ਕਾਂਗਰਸੀ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਵੀ ਇਹ ਮੁੱਦਾ ਉਠਾਇਆ। ਮਗਰੋਂ ਵਿਰੋਧੀ ਧਿਰ ਨਾਲ ਸਬੰਧਤ ਹੋਰਨਾਂ ਪਾਰਟੀਆਂ ਦੇ ਮੈਂਬਰ ਵੀ ਉੱਠ ਖੜ੍ਹੇ ਤੇ ਉਨ੍ਹਾਂ ਖਾਸਾ ਰੌਲਾ ਰੱਪਾ ਪਾਇਆ। ਸੰਸਦੀ ਮਾਮਲਿਆਂ ਬਾਰੇ ਰਾਜ ਮੰਤਰੀ ਮੁਖ਼ਤਾਰ ਅੱਬਾਸ ਨਕਵੀ ਨੇ ਵਿਰੋਧੀ ਧਿਰਾਂ ਵੱਲੋਂ ਲਾਏ ਦੋਸ਼ਾਂ ਦਾ ਬਚਾਓ ਕਰਦਿਆਂ ਕਿਹਾ ਕਿ ਭਾਜਪਾ ਦੀ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਬਦਲਣ ਦੀ ਕਦੇ ਕੋਈ ਮਨਸ਼ਾ ਨਹੀਂ ਰਹੀ ਤੇ ਅਜਿਹੇ ਬਿਆਨ ਸਹੀ ਨਹੀਂ ਹਨ। ਸ੍ਰੀ ਨਕਵੀ ਨੇ ਕਿਹਾ ਕਿ ਭਗਤ ਸਿੰਘ ਮਹਾਨ ਸ਼ਹੀਦ ਸਨ, ਜਿਨ੍ਹਾਂ ਦਾ ਹਰ ਕੋਈ ਸਨਮਾਨ ਕਰਦਾ ਹੈ। ਮਗਰੋਂ ਬਹਿਸ ਵਿੱਚ ਜਨਤਾ ਦਲ (ਯੂ) ਦੇ ਸ਼ਰਦ ਯਾਦਵ ਤੇ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਗੁਲਾਮ ਨਬੀ ਆਜ਼ਾਦ ਵੀ ਸ਼ਾਮਲ ਹੋ ਗਏ। ਰੌਲਾ ਰੱਪਾ ਨਾ ਘਟਿਆ ਤਾਂ ਡਿਪਟੀ ਚੇਅਰਮੈਨ ਪੀ.ਜੇ. ਕੁਰੀਅਨ ਨੇ ਸ੍ਰੀ ਨਕਵੀ ਨੂੰ ਸੰਸਦ ਮੈਂਬਰਾਂ ਦੀ ਸਲਾਹ ਨੋਟ ਕਰਨ ਲਈ ਕਿਹਾ। ਯਾਦ ਰਹੇ ਕਿ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦਾ ਉਦਘਾਟਨ 11 ਸਤੰਬਰ, 2015 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ ਸੀ। ਪਹਿਲਾਂ ਵੀ ਰਾਜ ਸਭਾ ਮੈਂਬਰ ਰਹੇ ਡਾ. ਮਨੋਹਰ ਸਿੰਘ ਗਿੱਲ ਨੇ ਇਸ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ ਉਪਰ ਰੱਖਣ ਦਾ ਮੁੱਦਾ ਕੇਂਦਰ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਸੀ। ਭਾਜਪਾ ਦੇ ਆਗੂ ਕਮਲ ਸ਼ਰਮਾ ਨੇ ਵੀ ਸ਼ਹੀਦੇ-ਆਜ਼ਮ ਦੇ ਨਾਂ ਉਪਰ ਚੰਡੀਗੜ੍ਹ ਹਵਾਈ ਅੱਡੇ ਦਾ ਨਾਂ ਰੱਖਣ ਲਈ ਕੇਂਦਰ ਨੂੰ ਪੱਤਰ ਲਿਖਿਆ ਸੀ।

# ਅਮਨੈਸਟੀ ਇੰਟਰਨੈਸ਼ਨਲ ਨੇ ਕੈਪਟਨ ਤੋਂ '84 ਕਤਲੇਆਮ ਪੀੜਤ ਪਰਿਵਾਰਾਂ ਦੇ ਸੰਘਰਸ਼ ਦੀ ਹਮਾਇਤ ਮੰਗੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਅਮਨੈਸਟੀ ਇੰਟਰਨੈਸ਼ਨਲ ਇੰਡੀਆ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਹੈ ਕਿ ਸਰਕਾਰ '84 ਕਤਲੇਆਮ ਪੀੜਤ ਪਰਿਵਾਰਾਂ ਦੇ ਸੰਘਰਸ਼ ਦੀ ਹਮਾਇਤ ਕੀਤੀ ਜਾਵੇ।

ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਸਨਮ ਸੁਤਿਰਥ ਵਜ਼ੀਰ, ਪੱਤਰਕਾਰ ਹਰਮਿੰਦਰ ਕੌਰ ਤੇ ਵਕੀਲ ਨਵਕਿਰਨ ਸਿੰਘ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ '84 ਕਤਲੇਆਮ ਦੇ ਕੇਸਾਂ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਹੈ। ਉਨ੍ਹਾਂ ਕਿਹਾ ਕਿ ਸਿੱਟ ਦੀ ਮਿਆਦ ਤੀਜੀ ਵਾਰੀ ਵਧਾਉਣ ਨਾਲ ਇਨਸਾਫ਼ ਪ੍ਰਕਿਰਿਆ 'ਤੇ ਸਵਾਲੀਆ ਨਿਸ਼ਾਨ ਲੱਗਿਆ ਹੋਇਆ ਹੈ। ਸੀਨੀਅਰ ਪੱਤਰਕਾਰ ਹਰਮਿੰਦਰ ਕੌਰ ਨੇ ਕਿਹਾ ਕਿ ਸਰਕਾਰ ਨੂੰ ਨਵਾਂ ਕਾਨੂੰਨ ਬਣਾਉਣਾ




ਮੀਡੀਆ ਨਾਲ ਗੱਲਬਾਤ ਕਰਦੇ ਹੋਏ ਸੁਤਿਰਥ ਵਜ਼ੀਰ, ਵਕੀਲ ਨਵਕਿਰਨ ਸਿੰਘ ਤੇ ਪੱਤਰਕਾਰ ਹਰਮਿੰਦਰ ਕੌਰ।

ਚਾਹੀਦਾ ਹੈ ਤਾਂ ਜੋ ਕਿਸੇ ਵੀ ਤਰਾਂ ਦੀ ਫ਼ਿਰਕੂ ਹਿੰਸਾ ਦੌਰਾਨ ਆਪਣੇ ਫਰਜ਼ਾਂ ਦਾ ਪਾਲਣ ਨਾ ਕਰਨ ਵਾਲੇ ਸਿਆਸੀ ਆਗੂਆਂ, ਪੁਲੀਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਡਿਊਟੀ ਵਿੱਚ ਲਾਪ੍ਰਵਾਹੀ ਲਈ ਜ਼ਿੰਮੇਵਾਰ ਠਹਿਰਾਇਆ ਜਾ ਸਕੇ। ਸਨਮ ਸੁਤਿਰਥ ਵਜ਼ੀਰ ਕਿਹਾ ਕਿ ਸਿੱਟ ਨੇ ਦੋ ਸਾਲਾਂ ਵਿੱਚ ਸਿਰਫ਼ ਚਾਰ ਦੋਸ਼ ਪੱਤਰ ਹੀ ਦਾਖ਼ਲ ਕੀਤੇ ਹਨ ਤੇ ਇਸ ਦੀ ਕਾਰਜਪ੍ਰਣਾਲੀ ਪਾਰਦਰਸ਼ੀ ਨਹੀਂ ਹੈ।

ਉਨ੍ਹਾਂ ਕਿਹਾ ਕਿ ਸਿੱਟ ਨੇ ਸੁਪਰੀਮ ਕੋਰਟ ਵਿੱਚ ਜਿਹੜੀਆਂ ਸਟੇਟਸ ਰਿਪੋਰਟਸ ਨੂੰ ਜਮਾਂ ਕਰਵਾਇਆ ਹੈ, ਉਨ੍ਹਾਂ ਵਿੱਚ ਇਹ ਵੀ ਨਹੀਂ ਦੱਸਿਆ ਕਿ ਜਿਹੜੇ ਮਾਮਲਿਆਂ ਨੂੰ ਮੁੜ ਜਾਂਚ ਲਈ ਰੱਖਿਆ ਸੀ, ਉਨ੍ਹਾਂ ਨੂੰ ਫਿਰ ਤੋਂ ਕਿਉਂ ਬੰਦ ਕਰ ਦਿੱਤਾ ਗਿਆ? ਉਨ੍ਹਾਂ ਦੱਸਿਆ ਕਿ ਨਵੰਬਰ 2014 ਵਿੱਚ ਇੱਕ ਜਨਤਕ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ ਤਾਂ ਜੋ ਕਤਲੇਆਮ ਪੀੜਤਾਂ ਨੂੰ ਇਨਸਾਫ਼ ਅਤੇ ਦੋਸ਼ੀਆਂ ਨੂੰ ਸਜ਼ਾ ਮਿਲ ਸਕੇ। ਉਦੋਂ ਤੋਂ ਲੈ ਕੇ ਹੁਣ ਤੱਕ ਲੱਖਾਂ ਲੋਕਾਂ ਨੇ ਇਸ ਮੁਹਿੰਮ ਦੀ ਹਮਾਇਤ ਕੀਤੀ ਹੈ, ਜਿਨਾਂ ਵਿੱਚੋਂ 6 ਲੱਖ ਪੰਜਾਬ ਤੋਂ ਹਨ।

# ਸ਼੍ਰੋਮਣੀ ਕਮੇਟੀ ਸਾਬਤ ਸੂਰਤ ਖਿਡਾਰੀਆਂ ਦਾ ਕਰੇਗੀ ਸਨਮਾਨ

**ਪਟਿਆਲਾ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕੌਮਾਂਤਰੀ ਪੱਧਰ 'ਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਗੁਰਸਿੱਖ ਖਿਡਾਰੀਆਂ ਦਾ ਸਨਮਾਨ ਕਰੇਗੀ। ਇਸ ਕਾਰਜ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਹੜੀ ਸਾਬਤ-ਸੂਰਤ ਸਿੱਖ ਖਿਡਾਰੀਆਂ ਦੀ ਚੋਣ ਕਰੇਗੀ। ਇਹ ਜਾਣਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਨੇ ਅਲੀਵਾਲ ਦੇ 12ਵੇਂ ਸਾਲਾਨਾ ਕਬੱਡੀ ਮੇਲੇ ਦਾ ਪੋਸਟਰ ਜਾਰੀ ਕਰਨ ਮੌਕੇ ਦਿੱਤੀ। ਸ੍ਰੀ ਬਡੂੰਗਰ ਨੇ ਕਿਹਾ ਕਿ ਓਲੰਪਿਕ ਅਤੇ ਏਸ਼ਿਆਈ ਖੇਡਾਂ ਵਿੱਚ ਸਾਲ 2014 ਤੋਂ 20 17 ਤੱਕ ਜਿਹੜੇ ਗੁਰਸਿੱਖ ਖਿਡਾਰੀਆਂ ਨੇ ਮੱਲਾਂ ਮਾਰੀਆਂ ਹਨ, ਉਨ੍ਹਾਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਖਿਡਾਰੀਆਂ ਦਾ ਵਿਸੇਸ਼ ਸਨਾਮਾਨ ਕਰੇਗੀ। ਉਨ੍ਹਾਂ ਕਿਹਾ ਕਿ ਸਿਹਤਮੰਦ ਜ਼ਿੰਦਗੀ ਲਈ ਖੇਡਾਂ ਵਿੱਚ ਹਿੱਸਾ ਲੈਣਾ ਜ਼ਰੂਰੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੌਜਵਾਨਾਂ ਨੂੰ ਖ਼ਾਲਸਈ ਖੇਡਾਂ ਨਾਲ ਜੋੜਨ ਦਾ ਉਪਰਾਲਾ ਕਰ ਰਹੀ ਹੈ। ਪਿੰਡ ਅਲੀਵਾਲ ਵੱਲੋਂ ਖੇਡਾਂ ਸਬੰਧੀ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋਗ



ਹਨ। ਖੇਡ ਮੇਲੇ ਦੇ ਪ੍ਰਬੰਧਕ ਕੁਲਜੀਤ ਸਿੰਘ ਮੱਲੀ ਨੇ ਦੱਸਿਆ ਕਿ ਪਿੰਡ ਅਲੀਵਾਲ ਦੇ ਸਟੇਡੀਅਮ ਵਿੱਚ 27-28 ਮਾਰਚ ਨੂੰ ਪਰਵਾਸੀ ਪੰਜਾਬੀਆਂ, ਨਹਿਰੂ ਯੁਵਾ ਕੇਂਦਰ, ਪੰਜ-ਆਬ ਸੇਵਾ ਮੰਚ, ਗਰਾਮ ਪੰਚਾਇਤ, ਇਲਾਕਾ ਵਾਸੀਆਂ ਅਤੇ ਮੱਲੀ ਪਰਿਵਾਰਾਂ ਦੇ ਸਹਿਯੋਗ ਨਾਲ ਕਬੱਡੀ ਮੇਲਾ ਕਰਵਾਇਆ ਜਾ ਰਿਹਾ ਹੈ। ਮੇਲੇ ਦਾ ਉਦਘਾਟਨ 27 ਮਾਰਚ ਨੂੰ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਕਰਨਗੇ ਤੇ ਇਨਾਮ ਵੰਡਣ ਦੀ ਰਸਮ ਹਲਕਾ ਸਨੌਰ ਦੇ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨਿਭਾਉਣਗੇ।

# ਪੈਰੋਲ 'ਤੇ ਆਏ ਸਿੱਖ ਬੰਦੀ ਗੁਰਦੀਪ ਸਿੰਘ ਖਹਿਰਾ ਨੇ ਰਚਾਇਆ ਵਿਆਹ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਇੱਥੇ ਕੇਂਦਰੀ ਜੇਲ ਵਿੱਚ ਬੰਦ ਸਿੱਖ ਬੰਦੀ ਗੁਰਦੀਪ ਸਿੰਘ ਖਹਿਰਾ ਦਾ ਪੈਰੋਲ 'ਤੇ ਰਿਹਾਈ ਦੌਰਾਨ ਰਈਆ ਨੇੜੇ ਗੁਰਦੁਆਰੇ ਵਿੱਚ ਅਨੰਦ ਕਾਰਜ ਹੋਇਆ। ਇਸ ਸੰਖੇਪ ਸਮਾਗਮ ਵਿੱਚ ਸਿੱਖ ਬੰਦੀ ਦਵਿੰਦਰਪਾਲ ਸਿੰਘ ਭੁੱਲਰ ਵੀ ਆਪਣੀ ਪਤਨੀ ਨਵਨੀਤ ਕੌਰ ਭੁੱਲਰ ਨਾਲ ਸ਼ਾਮਲ ਹੋਏ।

ਭਾਈ ਖਹਿਰਾ ਨੂੰ ਜੂਨ 2015 ਵਿੱਚ ਕਰਨਾਟਕ ਦੀ ਗੁਲਬਰਗਾ ਜੇਲ ਤੋਂ ਅੰਮ੍ਰਿਤਸਰ ਦੀ ਕੇਂਦਰੀ ਜੇਲ ਵਿੱਚ ਤਬਦੀਲ ਕੀਤਾ ਗਿਆ ਸੀ। ਅੰਮ੍ਰਿਤਸਰ ਜੇਲ ਵਿੱਚ ਤਬਦੀਲ ਹੋਣ ਮਗਰੋਂ ਹੀ ਉਨ੍ਹਾਂ ਨੂੰ ਪੈਰੋਲ 'ਤੇ ਰਿਹਾਈ ਮਿਲੀ ਹੈ। ਇਸ ਦੀ ਪੁਸ਼ਟੀ ਕਰਦਿਆਂ ਕੇਂਦਰੀ ਜੇਲ ਦੇ ਸੁਪਰਡੈਂਟ ਅਸ਼ੀਸ਼ ਕਪੂਰ ਨੇ ਦੱਸਿਆ ਕਿ ਭਾਈ ਖਹਿਰਾ 42 ਦਿਨ ਦੀ ਪੈਰੋਲ ਰਿਹਾਈ 'ਤੇ ਹੈ। ਉਨ੍ਹਾਂ ਦੱਸਿਆ ਕਿ ਦਵਿੰਦਰ ਸਿੰਘ ਭੁੱਲਰ ਵੀ ਪੈਰੋਲ 'ਤੇ ਹਨ। ਭਾਈ ਖਹਿਰਾ ਦਾ ਵਿਆਹ ਬੀਬੀ ਗੁਰਜੀਤ ਕੌਰ ਵਾਸੀ ਆਨੰਦਪੁਰ ਸਾਹਿਬ ਨਾਲ ਹੋਇਆ ਹੈ।



ਭਾਈ ਗੁਰਦੀਪ ਸਿੰਘ ਖਹਿਰਾ ਦੇ ਅਨੰਦ ਕਾਰਜ ਦੀ ਤਸਵੀਰ।

ਇਸ ਮੌਕੇ ਬੀਬੀ ਨਵਨੀਤ ਕੌਰ ਭੁੱਲਰ ਨੇ ਦੱਸਿਆ ਕਿ ਉਹ ਪ੍ਰੋ. ਭੁੱਲਰ ਨਾਲ ਭਾਈ ਖਹਿਰਾ ਨੂੰ ਵਧਾਈ ਦੇਣ ਆਏ ਸਨ। ਉਨ੍ਹਾਂ ਮੰਗ ਕੀਤੀ ਹੈ ਕਿ ਪ੍ਰੋ. ਭੁੱਲਰ ਅਤੇ ਭਾਈ ਖਹਿਰਾ ਵਾਂਗ ਹੋਰ ਸਿੱਖ ਬੰਦੀ, ਜੋ ਆਪਣੀ ਉਮਰ ਦਾ ਵਡੇਰਾ ਹਿੱਸਾ ਜੇਲਾਂ ਵਿੱਚ ਬਿਤਾ ਚੁੱਕੇ ਹਨ, ਦੀ ਪੱਕੀ ਰਿਹਾਈ ਹੋਵੇ। ਉਨ੍ਹਾਂ ਦੱਸਿਆ ਕਿ ਪ੍ਰੋ. ਭੁੱਲਰ ਪਹਿਲਾਂ ਨਾਲੋਂ ਸਿਹਤਯਾਬ ਹਨ। ਖਹਿਰਾ ਦੇ ਪਰਿਵਾਰ ਦੇ ਨੇੜੇ ਸਮਝੇ ਜਾਂਦੇ ਸਿੱਖ ਕਾਰਕੁਨ ਭਾਈ ਪਪਲਪ੍ਰੀਤ ਸਿੰਘ ਨੇ ਦੱਸਿਆ ਕਿ ਭਾਈ ਖਹਿਰਾ 15 ਮਾਰਚ ਤੋਂ ਪੈਰੋਲ 'ਤੇ ਹਨ ਅਤੇ ਜੇਲ ਪ੍ਰਸ਼ਾਸਨ ਨੇ 42 ਦਿਨਾਂ ਦੀ ਛੁੱਟੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਭਾਈ ਖਹਿਰਾ ਦੇ ਮਾਂ-ਬਾਪ ਬਜ਼ੁਰਗ ਹਨ ਤੇ ਭਾਈ ਖਹਿਰਾ ਹੀ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਵਾਲੇ ਹਨ। ਇਸ ਲਈ ਉਨ੍ਹਾਂ ਦੀ ਪੱਕੀ ਰਿਹਾਈ ਹੋਵੇ। ਦੱਸਣਯੋਗ ਹੈ ਕਿ ਭਾਈ ਗੁਰਦੀਪ ਸਿੰਘ ਖਹਿਰਾ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਜੱਲੂਪੁਰ ਖਹਿਰਾ ਦੇ ਰਹਿਣ ਵਾਲੇ ਹਨ। ਉਨ੍ਹਾਂ ਖ਼ਿਲਾਫ਼ ਟਾਡਾ ਐਕਟ ਹੇਠ ਦਿੱਲੀ ਅਤੇ ਬਿਦਰ (ਕਰਨਾਟਕ) ਵਿੱਚ ਦੋ ਵੱਖ ਵੱਖ ਕੇਸ ਦਰਜ ਹੋਏ ਸਨ। ਅਦਾਲਤ ਨੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਉਹ ਪਹਿਲਾਂ ਦਿੱਲੀ ਦੀ ਤਿਹਾੜ ਜੇਲ ਵਿੱਚ ਰਹੇ ਤੇ ਮਗਰੋਂ ਕਰਨਾਟਕ ਦੀ ਗੁਲਬਰਗਾ ਜੇਲ ਰਹੇ। ਜੂਨ 2015 ਵਿੱਚ ਪੰਜਾਬ ਸਰਕਾਰ ਦੀ ਪ੍ਰਵਾਨਗੀ ਨਾਲ ਉਨ੍ਹਾਂ ਨੂੰ ਅੰਮ੍ਰਿਤਸਰ ਜੇਲ ਤਬਦੀਲ ਕਰ ਦਿੱਤਾ ਗਿਆ।

# ਜੂਨ 1984 ਵਿਚ ਨੁਕਸਾਨੇ ਤੇਜਾ ਸਿੰਘ ਸਮੁੰਦਰੀ ਹਾਲ ਨੂੰ 33 ਸਾਲਾਂ ਮਗਰੋਂ ਮਿਲੀ ਨਵੀਂ ਦਿੱਖ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਾਕਾ ਨੀਲਾ ਤਾਰਾ ਸਮੇਂ ਜੂਨ 1984 ਵਿੱਚ ਨੁਕਸਾਨੇ ਸਰਦਾਰ ਤੇਜਾ ਸਿੰਘ ਸਮੁੰਦਰੀ ਹਾਲ ਨੂੰ ਲਗਭਗ 33 ਵਰ੍ਹਿਆਂ ਮਗਰੋਂ ਨਵੀਂ ਦਿੱਖ ਪ੍ਰਾਪਤ ਹੋਈ ਹੈ। ਇਸ ਸਾਕੇ ਤੋਂ ਬਾਅਦ ਪਹਿਲੀ ਵਾਰ ਇਸ ਇਮਾਰਤ ਦੀ ਮੁਰੰਮਤ ਤੇ ਰੰਗ-ਰੋਗਨ ਕੀਤਾ ਗਿਆ ਹੈ ਅਤੇ ਇੱਥੇ ਲੱਗੇ ਗੋਲੀਆਂ ਦੇ ਨਿਸ਼ਾਨਾਂ ਨੂੰ ਸਾਕੇ ਦੀ ਯਾਦ ਵਜੋਂ ਸੰਭਾਲਿਆ ਜਾ ਰਿਹਾ ਹੈ। ਸਾਕਾ ਨੀਲਾ ਤਾਰਾ ਸਮੇਂ ਹਰਿਮੰਦਰ ਸਾਹਿਬ ਸਮੂਹ ਵਿੱਚ ਕਈ ਇਮਾਰਤਾਂ ਫ਼ੌਜੀ ਗੋਲੀਬਾਰੀ ਕਾਰਨ ਨੁਕਸਾਨੀਆਂ ਗਈਆਂ ਸਨ। ਅਕਾਲ ਤਖ਼ਤ ਦੀ ਇਮਾਰਤ ਢਹਿ-ਢੇਰੀ



ਹੋ ਗਈ ਸੀ। ਸਿੱਖ ਰੈਫਰੈਂਸ ਲਾਇਬ੍ਰੇਰੀ ਅੱਗ ਨਾਲ ਸਾੜ ਦਿੱਤੀ ਗਈ ਸੀ ਅਤੇ ਹਰਿਮੰਦਰ ਸਾਹਿਬ ਦੀ ਮੁੱਖ ਇਮਾਰਤ 'ਤੇ ਵੀ ਗੋਲੀਆਂ ਲੱਗੀਆਂ ਸਨ। ਇਸੇ ਤਰ੍ਹਾਂ ਗੁਰੂ ਰਾਮਦਾਸ ਸਰਾਂ ਅਤੇ ਗੁਰੂ ਨਾਨਕ ਨਿਵਾਸ ਨੂੰ ਵੀ ਨੁਕਸਾਨ ਪੁੱਜਾ ਸੀ। ਇਨ੍ਹਾਂ ਵਿੱਚ ਸ਼ਾਮਲ ਤੇਜਾ ਸਿੰਘ ਸਮੁੰਦਰੀ ਹਾਲ ਦੀ ਇਮਾਰਤ ਵੀ ਨੁਕਸਾਨੀ ਗਈ ਸੀ। ਇਮਾਰਤ ਦਾ ਉਪਰਲਾ ਹਿੱਸਾ ਸੜ ਗਿਆ ਸੀ ਅਤੇ ਅੰਦਰ ਪਿਆ ਰਿਕਾਰਡ ਵੀ ਸੜ ਕੇ ਸਵਾਹ ਹੋ ਗਿਆ ਸੀ। ਇਮਾਰਤ 'ਤੇ ਅੱਜ ਵੀ ਵੱਡੀ ਗਿਣਤੀ ਵਿੱਚ ਗੋਲੀਆਂ ਦੇ ਨਿਸ਼ਾਨ ਹਨ। ਇਸ ਇਮਾਰਤ ਨੂੰ ਸ਼੍ਰੋਮਣੀ ਕਮੇਟੀ ਵਲੋਂ ਸਾਕਾ ਨੀਲਾ ਤਾਰਾ ਦੇ ਗਵਾਹ ਵਜੋਂ ਸਾਂਭ ਕੇ ਰੱਖਿਆ ਗਿਆ ਸੀ। ਇਸੇ ਨੂੰ ਗਵਾਹ ਬਣਾਉਂਦੇ ਹੋਏ ਸ਼੍ਰੋਮਣੀ ਕਮੇਟੀ ਵਲੋਂ ਦਿੱਲੀ ਹਾਈ ਕੋਰਟ ਵਿੱਚ ਕੇਂਦਰ ਸਰਕਾਰ ਖ਼ਿਲਾਫ਼ ਇਕ ਹਜ਼ਾਰ ਕਰੋੜ ਰੁਪਏ ਹਰਜਾਨੇ ਦਾ ਕੇਸ ਵੀ ਦਾਇਰ ਕੀਤਾ ਹੋਇਆ ਹੈ। ਇਸ ਕੇਸ ਵਿੱਚ ਸ਼੍ਰੋਮਣੀ ਕਮੇਟੀ ਨੇ 100 ਕਰੋੜ ਰੁਪਏ ਅਗਾਊਂ ਰਕਮ ਵੀ ਜਮ੍ਹਾਂ ਕਰਾਈ ਹੈ ਤੇ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ। ਇਹ ਇਮਾਰਤ ਸ਼੍ਰੋਮਣੀ ਕਮੇਟੀ ਦਾ ਹੈੱਡਕੁਆਰਟਰ ਹੈ, ਜਿਥੇ ਸਮੁੱਚਾ ਦਫ਼ਤਰੀ ਤੇ ਪ੍ਰਸ਼ਾਸਕੀ ਕੰਮ ਹੁੰਦਾ ਹੈ। ਇਸ ਇਮਾਰਤ ਦੇ ਉਪਰਲੇ ਹਿੱਸੇ ਵਿੱਚ ਤੇਜਾ ਸਿੰਘ ਸਮੁੰਦਰੀ

ਬਾਕੀ ਸਫ਼ਾ 32 'ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES
29 ਮਾਰਚ 2017 ਤੋਂ 04 ਅਪ੍ਰੈਲ 2017

# ਜਗਦੀਆਂ ਬੁਝਦੀਆਂ ਬੱਤੀਆਂ

## ਕੈਪਟਨ ਦਾ ਸ਼ਾਹੀ ਦਰਬਾਰ ਅਤੇ ਅਹਿਲਕਾਰਾਂ ਦੀ ਫੌਜ

ਵੋਟਰਾਂ ਦੇ ਤਕੜੇ ਫਤਵੇ ਬਾਅਦ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਇਮ ਹੋਈ ਕਾਂਗਰਸ ਸਰਕਾਰ ਨੂੰ ਸੱਤਾ ਸੰਭਾਲਿਆਂ ਅਜੇ ਦਿਨ ਬਹੁਤ ਥੋੜ੍ਹੇ ਹੋਏ ਨੇ ਅਤੇ ਕੁਝ ਕਹਿਣਾ ਨਹੀਂ ਬਣਦਾ। ਪਰ ਸਾਫ ਸੁਥਰਾ ਰਾਜ ਪ੍ਰਬੰਧ ਦੇਣ ਅਤੇ ਸਾਦਗੀ ਵਾਲੀ ਵਜ਼ਾਰਤ ਬਣਾਉਣ ਬਾਰੇ ਲੋਕਾਂ ਨਾਲ ਕੀਤੇ ਵਾਅਦਿਆਂ ਅਤੇ ਐਲਾਨਾਂ ਦੇ ਉਲਟ ਜਿਸ ਕਦਰ ਕੁਝ ਫੈਸਲੇ ਲਏ ਜਾ ਰਹੇ ਹਨ, ਉਨ੍ਹਾਂ ਬਾਰੇ ਅੱਖਾਂ ਵੀ ਨਹੀਂ ਮੀਚੀਆਂ ਜਾ ਸਕਦੀਆਂ। ਇਸ ਸਬੰਧੀ ਸੱਤਾ ਦੇ ਗਲਿਆਰਿਆਂ ਵਿੱਚ ਹੀ ਨਹੀਂ ਮੀਡੀਆ ਅਤੇ ਸ਼ੋਸ਼ਲ ਮੀਡੀਆ ਵਿੱਚ ਤਾਂ ਚੁੰਝ ਚਰਚਾ ਜ਼ੋਰਾਂ ਉੱਤੇ ਹੈ। ਨਿਰਸੰਦੇਹ ਇਸ ਦੇ ਕੁਝ ਠੋਸ ਕਾਰਨ ਹਨ ਵੀ। ਇਹ ਆਉਣ ਵਾਲੇ ਦਿਨਾਂ ਦੇ ਸੂਚਕ ਵੀ ਹੋ ਸਕਦੇ ਹਨ। ਭਾਵੇਂ ਅਜੇ ਨਵੀਂ ਸਰਕਾਰ ਦੀ ਕਾਰਗੁਜ਼ਾਰੀ ਦਾ ਲੇਖਾ ਜੋਖਾ ਕਰਨ ਦਾ ਢੁਕਵਾਂ ਵੇਲਾ ਨਹੀਂ। ਇਸ ਦੇ ਬਾਵਜੂਦ ਕੁਝ ਕੁ ਭਖਦੇ ਮਸਲੇ ਧਿਆਨ ਦੀ ਮੰਗ ਕਰਦੇ ਹਨ।

ਵਿਧਾਨ ਸਭਾ ਚੋਣਾਂ ਵਿੱਚ 77 ਸੀਟਾਂ ਉੱਤੇ ਜਿੱਤ ਪ੍ਰਾਪਤ ਕਰਨ ਬਾਅਦ ਪੰਜਾਬ ਦੀ ਕੈਪਟਨ ਸਰਕਾਰ ਵਲੋਂ 16 ਮਾਰਚ ਨੂੰ ਸਹੁੰ ਚੁਕਣ ਬਾਅਦ ਜਿਹੜੇ ਢੇਰ ਸਾਰੇ ਫੈਸਲੇ ਲਏ ਗਏ ਸਨ, ਉਨ੍ਹਾਂ ਵਿਚੋਂ ਦੋ ਸਭ ਤੋਂ ਅਹਿਮ ਸਨ। ਇੱਕ ਸੀ ਵੀਆਈਪੀ ਸਭਿਆਚਾਰ ਨੂੰ ਖ਼ਤਮ ਕਰਨਾ ਤੇ ਦੂਜਾ ਬੇਲੋੜੇ ਸਰਕਾਰੀ ਖਰਚਿਆਂ ਉੱਤੇ ਰੋਕ। ਮੰਤਰੀਆਂ/ਸੰਤਰੀਆਂ ਦੀ ਫੌਜ ਵਜੋਂ ਪੰਜਾਬ ਦੀਆਂ ਸੜਕਾਂ ਉੱਤੇ ਲਾਲ ਬੱਤੀਆਂ ਤੇ ਹੂਟਰਾਂ ਵਾਲੀਆਂ ਗੱਡੀਆਂ ਨਾਲ ਆਮ ਲੋਕਾਂ ਨੂੰ ਨਿੱਤ ਦਿਨ ਹੁੰਦੀ ਪ੍ਰੇਸ਼ਾਨੀ ਬੰਦ ਕਰਨ ਲਈ ਹੀ 'ਲਾਲ ਬੱਤੀਆਂ' ਦਾ ਖ਼ਾਤਮਾ ਕਰਨ ਦਾ ਫੈਸਲਾ ਲਿਆ ਗਿਆ ਸੀ। ਸਰਕਾਰੀ ਖਰਚਿਆਂ 'ਚ ਸੰਜਮ ਵਾਲੀ ਪਹੁੰਚ ਦਾ ਮਤਲਬ ਸੀ ਬੇਲੋੜੀਆਂ ਨਿਯੁਕਤੀਆਂ ਤੋਂ ਬਚਾਅ। ਇਹ ਦੋਵੇਂ ਨੁਕਤੇ ਕਾਂਗਰਸ ਪਾਰਟੀ ਦੇ ਚੋਣ ਮੈਨੀਫੈਸਟੋ ਦਾ ਹਿੱਸਾ ਵੀ ਸਨ।

ਪਰ ਲਾਲ ਬੱਤੀਆਂ ਬਾਰੇ ਪਿਛਲੇ ਦਿਨਾਂ ਦੌਰਾਨ ਜੋ ਭੰਬਲਭੂਸਾ ਪੈਦਾ ਹੋਇਆ ਹੈ, ਉਸ ਨੇ ਇਸ ਫੈਸਲੇ ਨੂੰ ਅਮਲੀ ਰੂਪ ਦਿੱਤੇ ਜਾਣ ਸਬੰਧੀ ਸਰਕਾਰ ਦੇ ਮੋਹਰੀਆਂ ਖ਼ਾਸ ਕਰ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਮਨਸ਼ਾ/ਕਾਰਗੁਜ਼ਾਰੀ ਬਾਰੇ ਗੰਭੀਰ ਸ਼ੰਕੇ ਖੜ੍ਹੇ ਕੀਤੇ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਮੰਤਰੀ ਮੰਡਲ ਦੀ ਪਹਿਲੀ ਮੀਟਿੰਗ ਵਿੱਚ ਲਏ ਇਸ ਫੈਸਲੇ ਨੂੰ ਨਾ ਮੰਨਣ ਦੀ ਪਹਿਲ ਖੁਦ ਹਾਜ਼ਰ ਅਤੇ ਫੈਸਲੇ ਉੱਤੇ ਸਹੀ ਪਾਉਣ ਵਾਲੇ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਕੀਤੀ। ਭਾਵੇਂ ਉਸ ਨੇ ਸਿੱਧੇ ਰੂਪ ਵਿੱਚ ਕੁਝ ਬੋਲਣੋਂ ਗੁਰੇਜ਼ ਕੀਤਾ ਪਰ ਮੀਡੀਆ ਰਿਪੋਰਟਾਂ ਮੁਤਾਬਕ ਉਸ ਦਾ ਕਹਿਣਾ ਸੀ ਕਿ "ਇੰਨੀ ਮੇਹਨਤ ਨਾਲ ਲਾਲ ਬੱਤੀ ਲਾ ਸਕਣ ਦਾ ਹੱਕ ਪ੍ਰਾਪਤ ਕਰਕੇ ਆਪਣੀ ਕਾਰ ਉੱਤੇ ਕਿਉਂ ਨਾ ਲਾਵਾਂ"। ਇਸੇ ਤਰ੍ਹਾਂ ਕਾਂਗਰਸ ਪਾਰਟੀ ਦੇ ਕੁਝ ਵਿਧਾਇਕਾਂ ਨੇ ਵੀ ਅਜਿਹਾ ਹੀ ਵਤੀਰਾ ਅਪਣਾਉਣ ਦਾ ਐਲਾਨ ਕੀਤਾ ਸੀ। ਇਸ ਤੋਂ ਬਾਅਦ ਤਰ੍ਹਾਂ ਤਰ੍ਹਾਂ ਦੀਆਂ ਖ਼ਬਰਾਂ ਪੜ੍ਹਨ/ਸੁਣਨ ਨੂੰ ਮਿਲੀਆਂ। ਖ਼ਬਰਾਂ ਜਾਂ ਅਫ਼ਵਾਹਾਂ ਦੀ ਗੱਲ ਛੱਡੋ ਸਿਰਫ਼ ਲੰਘੇ ਦਿਨ (ਮੰਗਲਵਾਰ 28 ਮਾਰਚ) ਨੂੰ ਹੀ ਸਵੇਰ ਤੋਂ ਲੈ ਕੇ ਸ਼ਾਮ ਤੱਕ ਮੁੱਖ ਮੰਤਰੀ ਅਤੇ ਸਾਥੀ ਮੰਤਰੀਆਂ ਦੇ ਅਪਣੀਆਂ ਸਰਕਾਰੀ ਗੱਡੀਆਂ ਦੇ ਸਿਰਾਂ ਉੱਤੇ 'ਲਾਲ ਬੱਤੀਆਂ' ਸਜਾਉਣ ਅਤੇ ਨਾ ਸਜਾਉਣ ਸਬੰਧੀ ਦੋ ਆਪਾ ਵਿਰੋਧੀ ਸਰਕਾਰੀ ਬਿਆਨ ਮੀਡੀਆ ਵਿੱਚ ਸਾਹਮਣੇ ਆਉਣ ਨਾਲ 'ਤਕੜੇ ਅਤੇ ਧੜੱਲੇਦਾਰ ਪ੍ਰਸ਼ਾਸਕ' ਸਮਝੇ ਜਾਂਦੇ ਅਮਰਿੰਦਰ ਸਿੰਘ ਦੇ ਵੱਕਾਰ ਨੂੰ ਮਾਮੂਲੀ ਸਹੀ ਪਰ ਢਾਅ ਜ਼ਰੂਰ ਲੱਗੀ ਹੈ। ਵਜ਼ਾਰਤੀ ਫੈਸਲਿਆਂ ਨੂੰ ਲਾਗੂ ਕਰਨ ਦੇ ਨਾਲ ਨਾਲ ਮੁੱਖ ਮੰਤਰੀ ਨੂੰ ਸੋਚਣਾ/ਵੇਖਣਾ ਹੋਵੇਗਾ ਕਿ ਉਸ ਦੇ ਕੁਝ ਮੰਤਰੀਆਂ ਅਤੇ ਵਿਧਾਇਕਾਂ ਨੂੰ ਬੱਤੀ ਬਿਨ੍ਹਾਂ ਸੌਖਿਆਂ ਸਾਹ ਕਿਉਂ ਨਹੀਂ ਆਉਂਦਾ। ਇਹ ਅਜਿਹਾ ਫੈਸਲਾ ਹੈ ਜਿਸ ਨੇ ਨਵੀਂ ਸਰਕਾਰ ਨੂੰ ਪਹਿਲੇ ਹੀ ਦਿਨ ਕੌਮੀ ਮੀਡੀਏ ਵਿੱਚ ਸਰਾਹਨਾ ਵਾਲੀਆਂ ਖ਼ਬਰਾਂ ਲਈ ਪ੍ਰੇਰਿਆ ਸੀ।

ਦੂਜਾ ਮਸਲਾ ਅਮਰਿੰਦਰ ਸਿੰਘ ਵਲੋਂ ਪਿਛਲੇ ਦਿਨੀਂ ਉਪਰੋਥੱਲੀ ਥੋਕ ਵਿੱਚ ਸਲਾਹਕਾਰਾਂ ਅਤੇ ਆਫੀਸਰਜ਼ ਆਨ ਸਪੈਸ਼ਲ ਡਿਊਟੀ (ਓ.ਐੱਸ.ਡੀਜ਼) ਦੀਆਂ ਨਿਯੁਕਤੀਆਂ ਕਰਨਾ ਹੈ। ਮੰਨਿਆ ਕਿ ਮੁੱਖ ਮੰਤਰੀ ਦਫ਼ਤਰ ਵਿੱਚ ਕੰਮ ਕਾਜ ਸੁਚਾਰੂ ਢੰਗ ਨਾਲ ਚਲਾਉਣ ਲਈ ਸਰਕਾਰੀ ਸਕੱਤਰਾਂ ਅਤੇ ਹੋਰ ਅਧਿਕਾਰੀਆਂ ਤੋਂ ਇਲਾਵਾ ਮੁੱਖ ਮੰਤਰੀ ਲਈ ਵੱਖ ਵੱਖ ਖੇਤਰਾਂ 'ਚ ਤਾਲਮੇਲ ਲਈ ਸਲਾਹਕਾਰ ਅਤੇ ਹੋਰ ਵਿਸ਼ੇਸ਼ ਅਫ਼ਸਰ ਲਾਏ ਜਾਂਦੇ ਹਨ। ਪਰ ਜਿਸ ਗਿਣਤੀ ਵਿੱਚ ਕੈਪਟਨ ਨੇ ਇਹ ਅਹੁਦੇ ਪੈਦਾ ਕੀਤੇ ਅਤੇ ਵੰਡੇ ਹਨ, ਉਹ ਲੋੜੋਂ ਵੱਧ ਹਨ। ਸਭ ਤੋਂ ਵਾਦ ਵਿਵਾਦੀ ਹੈ ਭਰਤਇੰਦਰ ਸਿੰਘ ਚਾਹਲ ਦੀ ਸਲਾਹਕਾਰ ਵਜੋਂ ਨਿਯੁਕਤੀ। ਬੇਸ਼ੱਕ ਇਸ ਸਾਬਕਾ ਲੋਕ ਸੰਪਰਕ ਅਧਿਕਾਰੀ ਨਾਲ ਅਮਰਿੰਦਰ ਸਿੰਘ ਦੇ ਨਿੱਜੀ ਤੌਰ ਉੱਤੇ ਜੋ ਵੀ ਸਬੰਧ ਹੋਣ, ਉਸ ਦੀ ਪਿਛਲੀ ਸਰਕਾਰ ਵੇਲੇ ਇਸ ਵਿਅਕਤੀ ਨੇ ਅਪਣੀਆਂ ਮਨਮਾਨੀਆਂ ਨਾਲ ਜੋ ਬਦਨਾਮੀ ਅਪਣੀ ਅਤੇ ਮੁੱਖ ਮੰਤਰੀ ਦੀ ਕਰਵਾਈ ਉਸ ਦੇ ਮੱਦੇਨਜ਼ਰ ਅਜਿਹੇ ਬੰਦਿਆਂ ਨੂੰ ਦੂਰ ਹੀ ਰੱਖਣਾ ਬਣਦਾ ਸੀ। ਖ਼ੈਰ ਇਸ ਸਬੰਧੀ ਮੁੱਖ ਮੰਤਰੀ ਦੇ ਅਧਿਕਾਰ ਬਾਰੇ ਹੋਰ ਕੁਝ ਕਹਿਣਾ ਅਜੇ ਬਣਦਾ ਨਹੀਂ।

ਹਾਂ ਅਜਿਹੇ ਫੈਸਲੇ ਵਿਰੋਧੀਆਂ ਨੂੰ ਵੀ ਸ਼ੁਰੂ ਤੋਂ ਸਰਕਾਰ ਦੀ ਨੁਕਤਾਚੀਨੀ ਅਤੇ ਵਿਰੋਧ ਕਰਨ ਦੇ ਬਹਾਨੇ/ਮੌਕੇ ਦਿੰਦੇ ਹਨ। ਅਜਿਹੇ ਹਾਲਾਤ ਸਿਆਸੀ ਕਾਵਾਂ ਰੌਲੀ ਲਈ ਰਾਹ ਪੱਧਰਾ ਕਰਦੇ ਹਨ। ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਅਤੇ ਸੱਤਾ ਵਿਚੋਂ ਬੁਰੀ ਤਰ੍ਹਾਂ ਬਾਹਰ ਹੋ ਕੇ ਵਿਧਾਨ ਸਭਾ ਵਿੱਚ ਤੀਜੀ ਥਾਂ ਹਾਸਲ ਅਕਾਲੀ ਦਲ (ਬਾਦਲ) ਵਾਲੇ ਕੈਪਟਨ ਉੱਤੇ ਸਿਆਸੀ ਹਮਲਿਆਂ ਲਈ ਤਿਆਰੀਆਂ ਖਿੱਚ ਰਹੇ ਹਨ। ਪਰਵਾਸੀ ਵੀਰ ਅਜੇ ਚੁੱਪ ਨੇ। ਸ਼ਾਇਦ ਬਹੁਤੇ ਆਮ ਆਦਮੀ ਪਾਰਟੀ ਦੀ ਅਣਕਿਆਸੀ ਹਾਰ ਬਾਅਦ ਅਜੇ ਉਦਾਸੀ ਦੇ ਆਲਮ ਵਿੱਚ ਹਨ।

ਅਜੇ ਉਡੀਕ ਕਰਨੀ ਹੋਵੇਗੀ। ਪੰਜਾਬ ਵਿਧਾਨ ਸਭਾ ਦੇ ਪਹਿਲੇ ਇਜਲਾਸ, ਜੋ ਨਵੇਂ ਮੈਂਬਰਾਂ ਦੇ ਸਹੁੰ ਚੁੱਕਣ, ਨਵੇਂ ਸਪੀਕਰ ਦੀ ਚੋਣ ਤੋਂ ਇਲਾਵਾ ਸਰਕਾਰੀ ਖ਼ਰਚਿਆਂ ਨੂੰ ਤੋਰੀ ਰੱਖਣ ਲਈ ਫੌਰੀ ਵਿੱਤੀ ਮੰਗਾਂ ਨੂੰ ਮਨਜ਼ੂਰੀ ਦੇਣ ਸਬੰਧੀ ਹੀ ਸੀ, ਦੌਰਾਨ ਵਿਰੋਧੀ ਧਿਰ ਆਮ ਆਦਮੀ ਪਾਰਟੀ ਵਲੋਂ ਬਾਈਕਾਟ ਕਰਨਾ ਵੀ ਕਾਹਲੀ ਵਾਲੀ ਕਾਰਵਾਈ ਕਹੀ ਜਾ ਸਕਦੀ ਹੈ। ਇਸ ਦੇ ਨਾਲ ਹੀ ਕੈਪਟਨ ਅਮਰਿੰਦਰ ਸਿੰਘ ਲਈ ਸ਼ਾਹੀ ਅੰਦਾਜ਼ ਤੋਂ ਬਚਾਅ ਰੱਖਣ ਅਤੇ ਅਪਣਾ ਸਾਰਾ ਧਿਆਨ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਅਮਲੀ ਰੂਪ ਦੇਣ ਵਲ ਲਾਉਣਾ ਹੋਵੇਗਾ। ਪੰਜਾਬ ਨੂੰ ਮੁੜ ਪੈਰੀਂ ਕਰਨ ਦੀਆਂ ਗੱਲਾਂ ਸੌਖੀਆਂ ਪਰ ਪੈਂਡਾ ਬੜਾ ਬਿਖੜਾ ਹੈ।

# ਕਾਂਗਰਸ ਦੇ ਹੀ ਨਕਸ਼ੇ-ਕਦਮਾਂ 'ਤੇ ਚੱਲ ਰਹੀ ਹੈ ਮੋਦੀ ਦੀ ਭਾਜਪਾ

**ਸ਼ਾਇਦ ਭਾਰਤੀ ਜਨਤਾ ਪਾਰਟੀ ਉਸੇ ਜਾਣੇ-ਪਛਾਣੇ ਦੌਰ ਵਿੱਚ ਦਾਖ਼ਲ ਹੋ ਰਹੀ ਹੈ, ਜਦੋਂ ਪਾਰਟੀ ਦੇ ਸਮੂਹ ਮੈਂਬਰ ਇਹੋ ਮੰਨਣਾ ਸ਼ੁਰੂ ਕਰ ਦਿੰਦੇ ਹਨ ਕਿ ਉਨ੍ਹਾਂ ਦਾ ਸਰਬ-ਸ੍ਰੇਸ਼ਠ ਆਗੂ ਕੋਈ ਗ਼ਲਤੀ ਕਰ ਹੀ ਨਹੀਂ ਸਕਦਾ। ਉਸ ਨੇ ਇਹ ਵੀ ਯਕੀਨ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਉਸ ਦੇ ਆਗੂ ਦਾ ਕ੍ਰਿਸ਼ਮਈ ਅਕਸ ਤੇ ਰੌਸ਼ਨ ਰਹਿਨੁਮਾਈ ਪਾਰਟੀ ਦੇ ਦਾਅਪੇਚਾਂ ਦੀਆਂ ਕਮਜ਼ੋਰੀਆਂ ਤੇ ਅਨੈਤਿਕਤਾਵਾਂ ਨੂੰ ਢੱਕ ਲਵੇਗੀ। ਇਹ ਪੁਰਾਣੀ ਧਾਰਨਾ ਹੈ ਕਿ ਹਰ ਕਿਸਮ ਦੇ ਸਮਝੌਤੇ ਕੀਤੇ ਜਾ ਸਕਦੇ ਹਨ, ਪਰ ਚੰਗੇ ਸ਼ਾਸਨ ਅਤੇ ਸਿਆਣੀਆਂ ਨੀਤੀਆਂ ਲਈ ਆਗੂ ਦੀ ਰੌਸ਼ਨ ਰਹਿਨੁਮਾਈ ਉੱਤੇ ਭਰੋਸਾ ਕੀਤਾ ਜਾ ਸਕਦਾ ਹੈ। ਇਹੋ ਗੱਲ ਭਾਜਪਾ ਨੂੰ ਤਬਾਹੀ ਵੱਲ ਲੈ ਕੇ ਜਾਵੇਗੀ।**

**ਹਰੀਸ਼ ਖਰੇ**

ਭਾਰਤ ਦੇ ਬਹੁਤੇ ਉਦਾਰਵਾਦੀ ਇਸ ਵੇਲੇ ਕੁਝ ਨਿਰਾਸ਼ਾਵਾਦ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਨ। ਗੋਰਖਪੁਰ ਦੇ ਇੱਕ ਮਹੰਤ ਨੂੰ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਥਾਪੇ ਜਾਣ ਤੋਂ ਬਾਅਦ ਉਹ ਜਨਤਕ ਅਤੇ ਨਿੱਜੀ ਤੌਰ ਉੱਤੇ ਇੱਕੋ ਹੀ ਸ਼ਿਕਵਾ ਕਰ ਰਹੇ ਹਨ ਕਿ ਧਰਮ-ਨਿਰਪੱਖ ਵਿਚਾਰਾਂ ਤੇ ਕਦਰਾਂ-ਕੀਮਤਾਂ ਦੀ ਵੀ 'ਨੋਟਬੰਦੀ' ਕਰ ਦਿੱਤੀ ਗਈ ਹੈ। ਉਦਾਰਵਾਦੀ ਆਪਣੇ-ਆਪ ਨੂੰ ਅਲੱਗ-ਥਲੱਗ ਹੋਇਆ ਮਹਿਸੂਸ ਕਰ ਰਹੇ ਹਨ। ਫ਼ਰਾਂਸੀਸੀ ਭਾਸ਼ਾ ਵਿੱਚ ਇਸ ਨੂੰ 'ਡੀਪੇਸਮੈਂਟ' (ਵਿਦੇਸ਼ ਵਿੱਚ ਭਟਕਾਅ) ਕਿਹਾ ਜਾਂਦਾ ਹੈ। ਇੱਕ ਉਦਾਰਵਾਦੀ ਇਹ ਲਿਖਦਾ ਹੋਇਆ ਅਫ਼ਸੋਸ ਪ੍ਰਗਟਾਉਂਦਾ ਹੈ ਕਿ ਮਨੀਪੁਰ ਦਾ ਨਵਾਂ ਮੁੱਖ ਮੰਤਰੀ ਉਹੀ ਵਿਅਕਤੀ ਹੈ, ਜਿਸ ਵਿਰੁੱਧ 2011 ਵਿਚ ਭਾਰਤੀ ਜਨਤਾ ਪਾਰਟੀ ਨੇ ਪੂਰਾ ਰੌਲਾ ਪਾਇਆ ਕਿਉਂਕਿ ਉਸ ਦਾ ਪੁੱਤਰ ਕਤਲ ਦੇ ਇੱਕ ਮਾਮਲੇ ਵਿੱਚ ਮੁਲਜ਼ਮ ਨਾਮਜ਼ਦ ਕੀਤਾ ਗਿਆ ਸੀ। ਹੁਣ ਉਸ ਦਾ ਪੁੱਤਰ (ਧਾਰਾ 304 ਅਧੀਨ) ਕਤਲ ਦਾ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ; ਤਾਂ ਬੀਰੇਨ ਸਿੰਘ ਨੂੰ ਨਿਵੇਕਲੇ ਦੇਸ਼ਭਗਤ ਦਾ ਪ੍ਰਮਾਣ-ਪੱਤਰ ਦੇ ਦਿੱਤਾ ਗਿਆ ਹੈ। ਇੱਕ ਹੋਰ ਉਦਾਰਵਾਦੀ ਰੋਹ ਵਿੱਚ ਲਿਖਦਾ ਹੈ ਕਿ ਉਹੀ ਵਿਜੈ ਬਹੁਗੁਣਾ, ਜਿਸ ਦੀ ਨਾਅਹਿਲੀਅਤ ਤੇ ਨਾਕਾਮੀ ਖ਼ਿਲਾਫ਼ ਨਰਿੰਦਰ ਮੋਦੀ ਨੇ ਪੂਰਾ ਹੰਗਾਮਾ ਮਚਾ ਕੇ ਆਖਿਆ ਸੀ ਕਿ ਉਹ ਉੱਤਰਾਖੰਡ ਦੇ ਮੁੱਖ ਮੰਤਰੀ ਬਣਨ ਦੇ ਯੋਗ ਹੀ ਨਹੀਂ, ਪਰ ਹੁਣੇ ਉਸੇ ਬਹੁਗੁਣਾ ਨੂੰ ਭਾਜਪਾ ਦੇ ਅੰਦਰ ਬਹੁਤ 'ਸਤਿਕਾਰਯੋਗ' ਦੱਸਿਆ ਜਾ ਰਿਹਾ ਹੈ। ਇੱਕ ਹੋਰ ਉਦਾਰਵਾਦੀ ਆਵਾਜ਼ ਨੇ ਜ਼ੋਰ ਦਿੰਦਿਆਂ ਆਖਿਆ ਹੈ ਕਿ ਉੱਤਰ ਪ੍ਰਦੇਸ਼ ਦੇ ਨਵੇਂ ਮੁੱਖ ਮੰਤਰੀ ਵਿਰੁੱਧ ਕਈ ਅਪਰਾਧਿਕ ਮਾਮਲੇ ਦਰਜ ਹਨ, ਪਰ ਕੀ ਇਹ ਤੱਥ ਉਸ ਨੂੰ ਰਾਜਗੱਦੀ 'ਤੇ ਬੈਠਣ ਤੋਂ ਰੋਕ ਸਕਿਆ ਹੈ। ਇੱਥੇ ਹੀ ਬਸ ਨਹੀਂ, ਸਾਡੇ ਕੋਲ ਅਦਭੁੱਤ ਮੌਕਾਪ੍ਰਸਤ ਰੀਤਾ ਬਹੁਗੁਣਾ ਵੀ ਹੈ, ਜੋ ਪਹਿਲਾਂ ਕਾਂਗਰਸੀ ਸੀ, ਫਿਰ ਉਹ ਸਮਾਜਵਾਦੀ ਬਣ ਗਈ, ਉਸ ਤੋਂ ਬਾਅਦ ਦੋਬਾਰਾ ਕਾਂਗਰਸੀ ਬਣੀ ਤੇ ਫਿਰ ਹੁਣ ਉਹ ਭਾਜਪਾ ਦੀ ਉੱਤਰ ਪ੍ਰਦੇਸ਼ ਵਿੱਚ ਮੰਤਰੀ ਹੈ। ਇਸੇ ਲਈ, ਹੁਣ ਸਾਰੇ ਉਦਾਰਵਾਦੀ ਇੱਕ-ਦੂਜੇ ਨੂੰ ਇਹ ਸੁਆਲ ਪੁੱਛਦੇ ਜਾਪਦੇ ਹਨ: ਕੀ ਇਹ ਹੈ ਉਹ 'ਨਵਾਂ ਭਾਰਤ', ਜਿਸ ਦਾ ਵਾਅਦਾ ਹਾਲੇ ਕੁਝ ਹੀ ਸਮਾਂ ਪਹਿਲਾਂ ਕੀਤਾ ਗਿਆ ਸੀ? ਅਨੈਤਿਕਤਾ ਤੇ ਮੌਕਾਪ੍ਰਸਤੀ ਦੀਆਂ ਇਹ ਸਾਰੀਆਂ ਹੀ ਮਿਸਾਲਾਂ ਬਹੁਤ ਮਾਯੂਸਕੁਨ ਹੋ ਸਕਦੀਆਂ ਹਨ, ਪਰ ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਕਿਸੇ ਨੂੰ ਆਸ ਦੀ ਇਸ ਉੱਭਰਦੀ ਕਿਰਨ ਤੋਂ ਧਿਆਨ ਨਹੀਂ ਹਟਾਉਣਾ ਚਾਹੀਦਾ ਕਿ ਭਾਜਪਾ ਹੁਣ ਨਵੀਂ ਕਾਂਗਰਸ ਹੈ। ਜੇ ਭਾਰਤੀ ਜਨਤਾ ਪਾਰਟੀ ਨਵੀਂ ਸਰਬ-ਭਾਰਤੀ ਪਾਰਟੀ ਹੈ ਜੋ ਸਮੁੱਚੇ ਮੁਲਕ ਦੀ ਭੰਬਲਭੂਸੇ ਵਾਲੀ ਨਾਗਰਿਕ ਵਿਵਸਥਾ ਵਿੱਚ ਸਿਆਸੀ ਇੱਕਸਾਰਤਾ ਤੇ ਅਨੁਸ਼ਾਸਨ ਦੀ ਭਾਵਨਾ ਪ੍ਰਦਾਨ ਕਰਨ ਦਾ ਜ਼ਰੂਰੀ ਕੰਮ ਕਰ ਰਹੀ ਹੈ ਤਾਂ ਇਸ ਨੂੰ ਠੱਗਾਂ ਤੇ ਅਪਰਾਧੀਆਂ ਅਤੇ ਭ੍ਰਿਸ਼ਟਾਂ ਅਤੇ ਭ੍ਰਿਸ਼ਟਾਚਾਰੀਆਂ ਨੂੰ ਪਨਾਹ ਦੇਣੀ ਹੀ ਪਵੇਗੀ। ਇਸ ਤੋਂ ਬਿਨਾਂ ਗੁਜ਼ਾਰਾ ਹੀ ਨਹੀਂ। ਦਰਅਸਲ, ਉਦਾਰਵਾਦੀ ਕੈਂਪ ਨੂੰ ਤਾਂ ਸਗੋਂ ਖ਼ੁਸ਼ ਹੋਣਾ ਚਾਹੀਦਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਹਾਲਤ ਹੁਣ ਉਸ ਕਾਂਗਰਸ ਵਰਗੀ ਹੀ ਹੋ ਚੱਲੀ ਹੈ, ਜਿਹੜੀ 1980ਵਿਆਂ ਦੌਰਾਨ ਪੂਰੇ ਦੇਸ਼ 'ਤੇ ਹਾਵੀ ਸੀ। ਉਸੇ ਕਾਂਗਰਸ ਵਾਂਗ ਭਾਜਪਾ ਲਈ ਵੀ ਇੱਕੋ ਨੇਤਾ ਖ਼ਬਤ ਬਣ ਚੁੱਕਾ ਹੈ; ਬਹੁਗਿਣਤੀਵਾਦ ਦੀ ਉਹੀ ਕਮਜ਼ੋਰੀ ਅਤੇ ਮਾਫ਼ੀਆਨੁਮਾ ਅਨਸਰਾਂ ਨਾਲ ਉਹੀ ਸਹਿਹੋਂਦ।



ਸ਼ਾਇਦ ਇਹ ਸਭ ਤੋਂ ਵਧੀਆ ਖ਼ਬਰ ਹੈ ਕਿ ਨਵੀਂ ਦ੍ਰਿੜ੍ਹਤਾਪੂਰਨ ਤੇ ਫ਼ੈਸ਼ਨੇਬਲ ਸਿਧਾਂਤਹੀਣਤਾ ਭਾਜਪਾ ਸੰਸਥਾਗਤ ਹੁੰਦੀ ਜਾ ਰਹੀ ਹੈ। ਮੇਰੀ ਸੋਚ ਮੁਤਾਬਕ ਜਿੰਨੀ ਗੱਜ-ਵੱਜ ਤੋਂ ਵੱਧ ਹੋਰ ਕੋਈ ਵੀ ਚੀਜ਼ ਮੇਰੇ ਮਨ ਨੂੰ ਏਨਾ ਭਰੋਸਾ ਦੇਣ ਵਾਲੀ ਨਹੀਂ ਹੋ ਸਕਦੀ, ਜਿੰਨੀ ਹੁਣ ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਤੇ ਭਾਰਤ ਦੇ ਸਾਬਕਾ ਵਿਦੇਸ਼ ਮੰਤਰੀ ਐੱਸ. ਐੱਮ. ਕ੍ਰਿਸ਼ਨਾ ਨੂੰ ਭਾਜਪਾ ਵਿੱਚ ਸ਼ਾਮਲ ਕੀਤੇ ਜਾਣ ਸਮੇਂ ਮਹਿਸੂਸ ਹੋ ਰਹੀ ਹੈ। ਐੱਸ.ਐੱਮ. ਕ੍ਰਿਸ਼ਨਾ ਨਫ਼ੀਸ ਇਨਸਾਨ ਹਨ; ਪੜ੍ਹੇ-ਲਿਖੇ ਹਨ, ਸੁਲ੍ਹਾਕੁਲ ਸ਼ਖ਼ਸੀਅਤ ਹਨ, ਜ਼ਹਾਨਤ ਤੇ ਤਹਿਜ਼ੀਬੀ ਜ਼ਾਇਕਾ ਉਨ੍ਹਾਂ ਦੀ ਸ਼ਖ਼ਸੀਅਤ ਦੇ ਅਹਿਮ ਅੰਗ ਹਨ, ਉਹ ਯੂਰੋਪੀਅਨ ਫੁਟਬਾਲ ਤੇ ਵਿੰਬਲਡਨ ਦੇ ਪੂਰੇ ਸ਼ੌਕੀਨ ਹਨ - ਦੂਜੇ ਸ਼ਬਦਾਂ ਵਿੱਚ ਉਹ ਯੋਗੀ ਆਦਿੱਤਿਆਨਾਥ ਤੇ ਉਸ ਦੇ ਪੂਰਬੀ ਉੱਤਰ ਪ੍ਰਦੇਸ਼ ਵਾਲੇ ਸੰਸਾਰ ਤੋਂ ਪੂਰੀ ਤਰ੍ਹਾਂ ਵੱਖਰੀ ਹਸਤੀ ਹਨ। ਉਦਾਰਵਾਦੀ ਕੈਂਪ ਨੂੰ ਇਸ ਗੱਲ ਉੱਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਉਹ ਕਿਹੋ ਜਿਹੀਆਂ ਸਿਆਸੀ ਗਿਣਤੀਆਂ-ਮਿਣਤੀਆਂ ਹੋਣਗੀਆਂ ਅਤੇ ਕਿਹੋ ਜਿਹੀਆਂ ਨਿੱਜੀ ਮਜਬੂਰੀਆਂ ਹੋਣਗੀਆਂ ਜਿਨ੍ਹਾਂ ਕਾਰਨ ਕ੍ਰਿਸ਼ਨਾ ਜਿਹਾ ਨਫ਼ੀਸ ਬੰਦਾ ਵੀ ਕਾਂਗਰਸ ਦਾ ਸਾਥ ਛੱਡ ਕੇ ਅਮਿਤ ਸ਼ਾਹ ਨਾਲ ਖਲੋ ਕੇ ਤਸਵੀਰ ਖਿਚਵਾਉਣ ਲਈ ਤਿਆਰ ਹੋ ਗਿਆ। ਉਦਾਰਵਾਦੀਆਂ ਨੂੰ ਇਸ ਗੱਲ ਉੱਤੇ ਵੀ ਵਿਚਾਰ ਕਰਨਾ ਚਾਹੀਦਾ ਹੈ ਕਿ ਭਾਰਤੀ ਜਨਤਾ ਪਾਰਟੀ ਹੁਣ ਇੰਨੀ ਅਨੈਤਿਕ ਪਰ ਵਿਹਾਰਕ ਸਿਆਸਤ ਉੱਤੇ ਚੱਲਣ ਵਾਲੀ ਹੋ ਗਈ ਹੈ ਕਿ ਹੁਣ ਉਹ ਇੱਕ ਐੱਸ.ਐੱਮ. ਕ੍ਰਿਸ਼ਨਾ ਨੂੰ ਲੈ ਕੇ ਖ਼ੁਸ਼ੀ ਮਹਿਸੂਸ ਕਰ ਰਹੀ ਹੈ।

ਹੋ ਸਕਦਾ ਹੈ ਕਿ ਭਾਜਪਾ ਓਨੀ ਕੱਟੜ ਨਾ ਹੋਵੇ, ਜਿੰਨੀ ਕਿ ਉਸ ਨੂੰ ਸਮਝਿਆ ਜਾਂਦਾ ਹੈ। ਸ਼ਾਇਦ ਭਾਰਤੀ ਜਨਤਾ ਪਾਰਟੀ ਉਸੇ ਜਾਣੇ-ਪਛਾਣੇ ਦੌਰ ਵਿੱਚ ਦਾਖ਼ਲ ਹੋ ਰਹੀ ਹੈ, ਜਦੋਂ ਪਾਰਟੀ ਦੇ ਸਮੂਹ ਮੈਂਬਰ ਇਹੋ ਮੰਨਣਾ ਸ਼ੁਰੂ ਕਰ ਦਿੰਦੇ ਹਨ ਕਿ ਉਨ੍ਹਾਂ ਦਾ ਸਰਬ-ਸ੍ਰੇਸ਼ਠ ਆਗੂ ਕੋਈ ਗ਼ਲਤੀ ਕਰ ਹੀ ਨਹੀਂ ਸਕਦਾ। ਉਸ ਨੇ ਇਹ ਵੀ ਯਕੀਨ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਉਸ ਦੇ ਆਗੂ ਦਾ ਕ੍ਰਿਸ਼ਮਈ ਅਕਸ ਤੇ ਰੌਸ਼ਨ ਰਹਿਨੁਮਾਈ ਪਾਰਟੀ ਦੇ ਦਾਅਪੇਚਾਂ ਦੀਆਂ ਕਮਜ਼ੋਰੀਆਂ ਤੇ ਅਨੈਤਿਕਤਾਵਾਂ ਨੂੰ ਢੱਕ ਲਵੇਗੀ। ਇਹ ਪੁਰਾਣੀ ਧਾਰਨਾ ਹੈ ਕਿ ਹਰ ਕਿਸਮ ਦੇ ਸਮਝੌਤੇ ਕੀਤੇ ਜਾ ਸਕਦੇ ਹਨ, ਪਰ ਚੰਗੇ ਸ਼ਾਸਨ ਅਤੇ ਸਿਆਣੀਆਂ ਨੀਤੀਆਂ ਲਈ ਆਗੂ ਦੀ ਰੌਸ਼ਨ ਰਹਿਨੁਮਾਈ ਉੱਤੇ ਭਰੋਸਾ ਕੀਤਾ ਜਾ ਸਕਦਾ ਹੈ। ਇਹੋ ਗੱਲ ਭਾਜਪਾ ਨੂੰ ਤਬਾਹੀ ਵੱਲ ਲੈ ਕੇ ਜਾਵੇਗੀ।

ਧਰਮ-ਨਿਰਪੱਖਤਾ ਦਾ ਰੌਲਾ-ਰੱਪਾ ਕਿਉਂ? ਸ਼ਾਇਦ ਉਦਾਰਵਾਦੀ ਇਸ ਗੱਲ ਨੂੰ ਲੈ ਕੇ ਨਿਰਾਸ਼ ਹਨ ਕਿ ਧਰਮ-ਨਿਰਪੱਖ ਧੜਾ ਦਿੱਲੀ (ਕੇਜਰੀਵਾਲ ਦੀ) ਅਤੇ ਬਿਹਾਰ (ਨਿਤਿਸ਼-ਲਾਲੂ) ਦੀ ਜਿੱਤ ਨੂੰ ਦੁਹਰਾ ਨਾ ਸਕਿਆ। ਪਰ ਇਸ ਗੱਲ ਕਰਕੇ ਹਿੰਦੂਤਵ ਕੈਂਪ ਦੇ ਸਿਆਸੀ ਘਾਗਪੁਣੇ ਪ੍ਰਤੀ ਕੋਈ ਕਿੜ ਨਹੀਂ ਰੱਖਣੀ ਚਾਹੀਦੀ। ਦਰਅਸਲ, ਭਾਜਪਾ ਦੇ ਮਾਮਲੇ ਵਿੱਚ ਉਸ ਉੱਤੇ ਦੋਰੰਗੇਪਣ ਦਾ ਦੋਸ਼ ਨਹੀਂ ਲਾਇਆ ਜਾ ਸਕਦਾ; ਕਿਉਂ ਜੋ, ਉੱਤਰ ਪ੍ਰਦੇਸ਼ ਦੀਆਂ ਚੋਣਾਂ ਦੇ ਪਹਿਲੇ ਗੇੜ ਤੋਂ ਹੀ ਵਿਕਾਸ ਰੱਥ ਦੇ ਸਿਖ਼ਰ ਉੱਤੇ ਯੋਗੀ ਨੂੰ ਹੀ ਚਮਕਾਇਆ ਜਾ ਰਿਹਾ ਸੀ। ਭਾਜਪਾ, ਆਰ.ਐੱਸ.ਐੱਸ. ਅਤੇ ਸੰਘ ਪਰਿਵਾਰ ਉੱਤੇ ਉਦਾਰਵਾਦੀ ਇਹ ਦੋਸ਼ ਕਿਉਂ ਲਾਉਣ ਕਿ ਉਹ ਆਪਣੇ ਮੁੱਦੇ ਜਨਤਾ ਵਿਚ ਪ੍ਰਚਾਰਿਤ ਤੇ ਪ੍ਰਸਾਰਿਤ ਕਰਨ ਵਿੱਚ ਸਫ਼ਲ ਹੋ ਰਹੇ ਹਨ। ਭਾਜਪਾ ਦੀ ਇਸ 'ਯੋਗਤਾ' ਨੂੰ ਮਾਨਤਾ ਕਿਉਂ ਨਹੀਂ ਦਿੰਦੇ ਕਿ ਉਹ ਜਾਤ-ਪਾਤ ਅਤੇ ਫ਼ਿਰਕੂ ਸਿਆਸਤ ਦੇ ਬਾਵਜੂਦ ਖ਼ਾਨ ਮਾਰਕੀਟ ਹਲਕੇ ਨੂੰ ਵੀ ਆਪਣੇ ਵਿਕਾਸ ਦੀਆਂ ਚਾਲਾਂ ਰਾਹੀਂ ਪੂਰੀ ਨਿਪੁੰਨਤਾ ਨਾਲ ਲੁਭਾਉਣ ਵਿੱਚ ਸਫ਼ਲ ਰਹੀ ਹੈ। ਮੁੱਕਦੀ ਗੱਲ ਇਹ ਹੈ ਕਿ ਕਿਸੇ ਵੀ ਉਦਾਰਵਾਦੀ ਨੂੰ ਵੋਟਰਾਂ ਸਿਰ ਇਹ ਦੋਸ਼ ਨਹੀਂ ਮੜ੍ਹਨਾ ਚਾਹੀਦਾ ਕਿ ਉਨ੍ਹਾਂ ਨੇ ਧਰਮ-ਨਿਰਪੱਖ ਫ਼ਜ਼ੀਲ ਨੂੰ ਤਿਆਗ ਦਿੱਤਾ ਹੈ; ਜਦੋਂਕਿ ਧਰਮ-ਨਿਰਪੱਖਤਾ ਦੇ ਅਲੰਬਰਦਾਰਾਂ ਪ੍ਰਤੀ ਵਿਸ਼ਵਾਸ ਬਹੁਤ ਸਮਾਂ ਪਹਿਲਾਂ ਖ਼ਤਮ ਹੋ ਗਿਆ ਸੀ। ਭੈਣ ਮਾਇਆਵਤੀ ਅਤੇ ਉਸ ਦੇ ਧਰਮ-ਨਿਰਪੱਖ ਸੌਦਿਆਂ ਨੂੰ ਰੱਦ ਕਰਨ ਵਾਲੇ ਵੋਟਰਾਂ ਨੂੰ ਫਿਟਕਾਰਿਆ ਕਿਉਂ ਜਾ ਰਿਹਾ ਹੈ? ਉਦਾਰਵਾਦੀ ਇਹ ਭੁਲਾਉਣਾ ਚਾਹ ਸਕਦੇ ਹਨ, ਪਰ ਵੋਟਰ ਨਹੀਂ ਭੁੱਲੇ ਕਿ ਇਹ ਉਹੀ ਕੁਮਾਰੀ ਮਾਇਆਵਤੀ ਸੀ, ਜਿਸ

ਬਾਕੀ ਸਫ਼ਾ 30 'ਤੇ





# ਸਿਧਾਂਤ, ਇਤਿਹਾਸ ਅਤੇ ਸੀਨਾ ਬਸੀਨਾ

**ਭਾਵੇਂ ਅਜੇ ਤੱਕ ਵਿਗਿਆਨਕ ਢੰਗ ਨਾਲ ਇਨ੍ਹਾਂ ਸਾਰੀਆਂ ਵਹੀਆਂ ਦੀ ਘੋਖ-ਪੜਤਾਲ ਨਹੀਂ ਹੋਈ ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਭੰਡਾਰਾ ਬਹੁਤ ਅਮੋਲਕ ਹੈ। ਤੇ ਇਨ੍ਹਾਂ ਦਾ ਇਕ ਦੂਜੇ ਨਾਲ ਮਿਲਾਨ ਕਰ ਕੇ ਛੁਪੀ ਅਸਲੀਅਤ ਲੱਭੀ ਜਾ ਸਕਦੀ ਹੈ। ਮਿਸਾਲ ਲਈ ਬਾਬਾ ਤੇਗ ਬਹਾਦਰ ਦੇ ਹਾੜ 1713 ਬਿ: ਵਿੱਚ ਤੀਰਥ ਯਾਤਰਾ ’ਤੇ ਜਾਣ ਬਾਰੇ ਭੱਟ ਵਹੀ ਵਿੱਚ ਬੜੀ ਕੀਮਤੀ ਟੂਕ ਮਿਲਦੀ ਹੈ ਕਿ ਉਹ ਕਦੋਂ ਗਏ ਤੇ ਉਨ੍ਹਾਂ ਦੇ ਨਾਲ ਕੌਣ-ਕੌਣ ਸੀ। ਹਾਲਾਂ ਕਿ ਸਾਡੀਆਂ ਪ੍ਰਚੱਲਤ ਇਤਿਹਾਸਕ ਪੁਸਤਕਾਂ ਇਸ ਬਾਰੇ ਬਿਲਕੁਲ ਚੁੱਪ ਹਨ। ਤੇ ਉਹ ਇਹੋ ਕਹੀ ਜਾਂਦੀਆਂ ਹਨ ਕਿ ਉਹ 20 ਸਾਲ ਬਕਾਲੇ ਤਪ ਕਰਦੇ ਰਹੇ ਪਰ ਵਹੀਆਂ ਦੇ ਨੋਟ ਦੱਸਦੇ ਹਨ ਕਿ ਉਹ ਲੰਮੀ ਯਾਤਰਾ ’ਤੇ ਗਏ ਸਨ।**

**ਸਰਵਜੀਤ ਸਿੰਘ ਸੈਕਰਾਮੈਂਟੋ**

ਗੁਰ ਇਤਿਹਾਸ ਵਿੱਚ ਬਹੁਤ ਸਾਰੀਆਂ ਕਥਾ-ਕਹਾਣੀਆਂ ਅਜਿਹੀਆਂ ਮਿਲਦੀਆਂ ਹਨ, ਜਿਨ੍ਹਾਂ ਦੀ ਪੜਚੋਲ ਕਰੀਏ ਤਾਂ ਉਹ ਕਿਸੇ ਪਰਖ ਕਸਵੱਟੀ ਤੇ ਪੂਰੀਆਂ ਨਹੀਂ ਢੁੱਕਦੀਆਂ। ਲਿਖਤੀ ਸੋਮਿਆਂ ਤੋਂ ਬਿਨਾਂ ਬਹੁਤ ਕੁਝ ਅਜਿਹਾ ਵੀ ਸੁਣਨ ਨੂੰ ਮਿਲਦਾ ਹੈ, ਜਿਸ ਦਾ ਸੋਮਾ ਸੀਨਾ-ਬਸੀਨਾ ਦੱਸਿਆ ਜਾਂਦਾ ਹੈ।ਅਣਗਿਣਤ ਕਥਾ-ਕਹਾਣੀਆਂ ਅਜਿਹੀਆਂ ਹਨ, ਜੋ ਕੁਦਰਤ ਦੇ ਨਿਯਮਾਂ ਮੁਤਾਬਕ ਰੱਦ ਹੋ ਜਾਂਦੀਆਂ ਹਨ। ਪਰ ਦੂਜੇ ਪਾਸੇ ਇਕ ਧਿਰ ਅਜਿਹੀ ਵੀ ਹੈ, ਜਿਸ ਮੁਤਾਬਕ ਧਰਮ ਚਲਦਾ ਹੀ ਸੀਨਾ-ਬਸੀਨਾ ਮਰਯਾਦਾ ਦੇ ਆਸਰੇ ਹੈ। ਉਨ੍ਹਾਂ ਮੁਤਾਬਕ ਧਰਮ ਵਿੱਚ ਤਰਕ/ਦਲੀਲ ਦੀ ਗੱਲ ਕਰਨੀ ਗੁਨਾਹ ਸਮਝਿਆ ਜਾਂਦਾ ਹੈ। ਹੈਰਾਨੀ ਹੁੰਦੀ ਹੈ ਜਦੋਂ ਅਸੀਂ ਗੁਰ ਇਤਿਹਾਸ ਪੜ੍ਹਦੇ ਹਾਂ। ਸਾਡੇ ਧਰਮ ਦਾ ਤਾਂ ਆਰੰਭ ਹੀ ਦਲੀਲ ਤੋਂ ਹੋਇਆ ਸੀ। ਕੀ ਸਿੱਖਿਆ ਮਿਲਦੀ ਹੈ ਜਨੇਊ ਵਾਲੀ ਸਾਖੀ ਤੋਂ? ਗੁਰੂ ਨਾਨਕ ਜੀ ਨੇ ਸਵਾਲ ਕਰਨਾ ਸਿਖਾਇਆ ਸੀ, ਗੁਰੂ ਗੋਬਿੰਦ ਸਿੰਘ ਜੀ ਨੇ ਇਮਤਿਹਾਨ ਲਿਆ ਸੀ। ਸਿੱਖ ਪਾਸ ਹੋਏ ਸਨ। ਪੜ੍ਹੋ ਦਾਦੂ ਦੀ ਕਬਰ ਵਾਲੀ ਸਾਖੀ। ਭੋਰਿਆਂ ਵਿੱਚ ਬੈਠ ਕੇ ਜਪ-ਤਪ ਕਰਨਾ, ਇਹ ਗੁਰਬਾਣੀ ਦਾ ਸਿਧਾਂਤ ਨਹੀਂ ਹੈ। ਗੁਰਮਤਿ ਤਾਂ ਅਜਿਹੇ ਕਰਮ ਕਾਂਡ ਦਾ ਖੰਡਨ ਕਰਦੀ ਹੈ। ਗੁਰੂ ਨਾਨਕ ਸਾਹਿਬ ਨੇ ਤਾਂ ਪਹਾੜਾਂ ਦੀਆਂ ਕੰਦਰਾਂ ਵਿੱਚ ਛੁਪ ਬੈਠਿਆਂ ਨੂੰ, ਸਮਾਜ ਵਿੱਚ ਵਿਚਰਨ ਦਾ ਉਪਦੇਸ਼ ਦਿੱਤਾ ਸੀ। ਗੁਰਬਾਣੀ ਦਾ ਸਿਧਾਂਤ ਤਾਂ “ਅੰਜਨ ਮਾਹਿ ਨਿਰੰਜਨਿ ਰਹੀਐ” ਦਾ ਹੈ। ਇਥੇ ਤਾਂ ਕਿਰਤ ਪ੍ਰਧਾਨ ਹੈ।

ਪਿਛਲੇ ਲੰਮੇ ਸਮੇਂ ਤੋਂ ਸਾਨੂੰ ਜੋ ਸੁਣਾਇਆ ਗਿਆ ਹੈ, ਉਸ ਦਾ ਵਸੀਲਾ ਹੈ ਕਵੀ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ। ਪੀੜ੍ਹੀ ਦਰ ਪੀੜ੍ਹੀ, ਉਹੀ ਕਥਾ ਕਹਾਣੀਆਂ ਸੁਣ-ਸੁਣ ਕੇ, ਅਸੀਂ ਉਨ੍ਹਾਂ ਨੂੰ ਸੱਚ ਮੰਨ ਬੈਠੇ ਹਾਂ। ਸਾਡੀ ਤ੍ਰਾਸਦੀ ਹੈ ਕਿ ਗੁਰੂ ਸਾਹਿਬਾਨ ਨਾਲ ਜੋੜੀਆਂ ਗਈਆਂ ਸਾਖੀਆਂ ਨੂੰ, ਗੁਰਬਾਣੀ ਅਤੇ ਇਤਿਹਾਸ ਦੇ ਨਜ਼ਰੀਏ ਤੋਂ ਪਰਖਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਹੁਣ ਜਦੋਂ ਵਿੱਦਿਆ ਦਾ ਪਾਸਾਰ ਹੋਇਆ ਹੈ ਅਤੇ ਵਸੀਲੇ ਵਿਸ਼ਾਲ ਹੋਏ ਹਨ ਤਾਂ ਇਤਿਹਾਸ ਦੀਆਂ ਕਈ ਪਰਤਾਂ ਖੁਲ੍ਹ ਰਹੀਆਂ ਹਨ। ਪੁਰਾਤਨ ਜਾਣਕਾਰੀ, ਉਹ ਭਾਵੇਂ ਲਿਖਤੀ ਹੋਵੇ ਜਾਂ ਸੀਨਾ-ਬਸੀਨਾ, ਜਦੋਂ ਉਸ ’ਤੇ ਸਵਾਲ ਉੱਠਦਾ ਹੈ ਤਾਂ ਕਈਆਂ ਸੱਜਣਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਣੀ ਸੁਭਾਵਕ ਹੈ। ਚਾਹੀਦਾ ਤਾਂ ਇਹ ਹੈ ਕਿ ਜਦੋਂ ਵੀ ਕੋਈ ਸੱਜਣ, ਅਜਿਹੀ ਗੱਲ ਕਰਦਾ ਹੈ ਜੋ ਅਸੀਂ ਪਹਿਲਾਂ ਨਹੀਂ ਸੁਣੀ ਹੁੰਦੀ, ਉਸ ਨਾਲ ਸੁਖਾਵੇਂ ਮਾਹੌਲ ਵਿੱਚ ਸੰਵਾਦ ਕੀਤਾ ਜਾਵੇ। ਉਸ ਦੇ ਵਸੀਲਿਆਂ ਦੀ ਨਿਰਪੱਖਤਾ ਨਾਲ ਪੜਤਾਲ ਕੀਤੀ ਜਾਵੇ ਅਤੇ ਜੇ ਉਹ ਸਹੀ ਹੋਣ ਤਾਂ ਸੀਨਾ-ਬਸੀਨਾ ਚੱਲੀ ਆ ਰਹੀ ਮਰਯਾਦਾ ਨੂੰ ਸਮੇਂ ਦਾ ਹਾਣੀ ਬਣਾ ਲਿਆ ਜਾਵੇ। ਪਰ ਸਾਡੇ ਵਿਚ ਤਾਂ ਇਸ ਤੋਂ ਬਿਲਕੁਲ ਉਲਟ, ਛਬੀਲਾਂ ਲਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਪਿਛਲੇ ਕਈ ਦਿਨਾਂ ਤੋਂ, ਸੰਤ ਤੋਂ ਭਾਈ ਬਣੇ, ਭਾਈ ਰਣਜੀਤ ਸਿੰਘ ਦੀ ਇਕ ਵੀਡੀਓ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਜਿਸ ਵਿੱਚ ਉਹ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੀ ਇਕ ਘਟਨਾ, ਭੋਰੇ ਵਾਲੀ ਸਾਖੀ ਦਾ ਖੰਡਨ ਕਰਦੇ ਹਨ। ਪ੍ਰਚੱਲਤ ਸਾਖੀ ਮੁਤਾਬਕ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੇ ਬਕਾਲੇ 26 ਸਾਲ 9 ਮਹੀਨੇ 13 ਦਿਨ, ਭੋਰੇ ਵਿਚ ਬੈਠ ਕੇ ਤਪ ਕੀਤਾ ਸੀ। ਬਾਬਾ ਤੇਗ ਬਹਾਦਰ ਜੀ ਦਾ ਵੀ, ਜੇ ਭਾਈ ਲਹਿਣੇ ਦੀ ਤਰ੍ਹਾਂ ਗੁਰੂ ਘਰ ਨਾਲ ਕੋਈ ਸਬੰਧ ਨਾ ਹੁੰਦਾ ਤਾਂ ਕਿਸੇ ਨੂੰ ਵੀ ਇਸ ਸਾਖੀ ’ਤੇ ਕੋਈ ਇਤਰਾਜ਼ ਨਹੀਂ ਸੀ ਹੋਣਾ। ਭੋਰੇ ਵਾਲੀ ਸਾਖੀ ਘੜਨ ਵਾਲਾ, ਕੀ ਇਹ ਨਹੀਂ ਕਹਿ ਰਿਹਾ ਕਿ ਗੁਰੂ ਤੇਗ ਬਹਾਦਰ ਜੀ ਗੁਰਬਾਣੀ ਦੇ ਸਿਧਾਂਤ, ਨਾਮ ਕੀ ਹੈ ਅਤੇ ਕਿਵੇਂ ਜਪਣਾ ਹੈ, ਉਸ ਤੋਂ ਅਣਜਾਣ ਸਨ? ਇਹ ਕਿਵੇਂ ਮੰਨਿਆ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੂੰ ਬਾਣੀ ਦੇ ਇਨ੍ਹਾਂ ਸ਼ਬਦਾਂ ਦੀ ਜਾਣਕਾਰੀ ਨਹੀਂ ਹੋਵੇਗੀ?

ਮਨੁ ਰਾਮ ਨਾਮਾ ਬੇਧੀਅਲੇ ॥ ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥ (ਪੰਨਾ 972)

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥
ਪੰਨਾ 1375)

ਨਹੀਂ ! ਅਜਿਹਾ ਤਾਂ ਸੋਚਿਆ ਵੀ ਨਹੀਂ ਜਾ ਸਕਦਾ। ਗੁਰੂ ਤੇਗ ਬਹਾਦਰ ਜੀ ਤਾਂ ਗੁਰੂ ਹਰਗੋਬਿੰਦ ਜੀ ਦੇ ਸਪੁੱਤਰ ਸਨ। ਉਹ ਤਾਂ ਗੁਰੂ ਨਾਨਕ ਦੇ ਸਿਧਾਂਤ ਦੇ ਪ੍ਰਚਾਰਕ ਸਨ। ਇਸ ਲਈ ਇਸ ਸਾਖੀ ਨੂੰ ਰੱਦ ਕਰਨਾ ਹੀ ਬਣਦਾ ਹੈ।

ਗੁਰੂ ਤੇਗ ਬਹਾਦਰ ਜੀ ਦਾ ਜਨਮ 5 ਵੈਸਾਖ, ਵੈਸਾਖ ਵਦੀ ਪੰਜਵੀਂ ਸੰਮਤ 1678 ਬਿਕ੍ਰਮੀ ਮੁਤਾਬਕ 1 ਅਪ੍ਰੈਲ 1621 ਈ: ਜੂਲੀਅਨ ਦਿਨ ਐਤਵਾਰ ਨੂੰ ਹੋਇਆ ਸੀ। ਗੁਰਗੱਦੀ ਦੀ ਜ਼ਿੰਮੇਵਾਰੀ ਆਪ ਜੀ ਨੂੰ 3 ਵੈਸਾਖ, ਚੇਤ ਸੁਦੀ 14 ਸੰਮਤ 1721 ਬਿਕ੍ਰਮੀ (30 ਮਾਰਚ 1664 ਈ: ਜੂਲੀਅਨ) ਨੂੰ ਸੌਂਪੀ ਗਈ ਸੀ। ਪ੍ਰਚੱਲਤ ਸਾਖੀ ਮੁਤਾਬਕ ਭਾਈ ਮੱਖਣ ਸ਼ਾਹ ਲੁਬਾਣਾ ਨੇ ਭੋਰੇ ਵਿਚ ਬੈਠ ਕੇ ਤਪ ਕਰ ਰਹੇ ਗੁਰੂ ਜੀ ਨੂੰ ਪ੍ਰਗਟ ਕੀਤਾ ਸੀ। ਉਨ੍ਹਾਂ ਦਿਨਾਂ ਵਿੱਚ ਹੀ ਰੱਖੜੀਆਂ ਦਾ ਤਿਉਹਾਰ ਸੀ ਜੋ ਸਾਵਣ ਦੀ ਪੁੰਨਿਆ ਨੂੰ ਆਉਂਦਾ ਹੈ। ਉਸ ਸਾਲ ਰੱਖੜੀ ਦਾ ਇਹ ਦਿਨ ਸਾਵਣ ਸੁਦੀ 15 ਸੰਮਤ 1721 ਬਿਕ੍ਰਮੀ ਮੁਤਾਬਕ 27 ਜੁਲਾਈ 1664 ਈ: ਜੂਲੀਅਨ ਦਿਨ ਬੁੱਧਵਾਰ ਬਣਦਾ ਹੈ। ਇਸ ਸਾਖੀ ਨੂੰ ਸਹੀ ਮੰਨੀਏ ਤਾਂ ਗੁਰੂ ਜੀ ਦੇ ਭੋਰੇ ਵਿਚ ਦਾਖਲ ਹੋਣ ਦੀ ਤਾਰੀਖ 15 ਭਾਦੋਂ ਸੰਮਤ 1694 ਬਿਕ੍ਰਮੀ (15 ਅਗਸਤ 1637 ਈ:) ਬਣਦੀ ਹੈ। ਦੂਜੇ ਪਾਸੇ ਗੁਰੂ ਹਰਿ ਗੋਬਿੰਦ ਸਾਹਿਬ ਜੀ 6 ਚੇਤ, ਚੇਤ ਸੁਦੀ 5 ਸੰਮਤ 1701 ਬਿਕ੍ਰਮੀ ਮੁਤਾਬਕ 3 ਮਾਰਚ 1644 ਈ: (ਜੂਲੀਅਨ) ਨੂੰ ਜੋਤੀ ਜੋਤ ਸਮਾਏ ਸਨ। ਇਸ ਤੋਂ ਸਪਸ਼ਟ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਹਰਿ ਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਤੋਂ ਲਗਭਗ 6 ਸਾਲ ਪਹਿਲਾਂ ਹੀ ਭੋਰੇ ਅੰਦਰ ਤਪ ਕਰਨਾ ਆਰੰਭ ਕਰ ਦਿੱਤਾ ਸੀ। ਕੀ ਅਜਿਹਾ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਮਨਜ਼ੂਰ ਹੋਵੇਗਾ? ਭੱਟ ਵਹੀ ਮੁਤਾਬਕ (ਸਾਖੀ 20) ਮੱਖਣ ਸ਼ਾਹ ਲੁਬਾਣਾ ਦਿਵਾਲੀ ਨੂੰ ਬਕਾਲੇ ਆਇਆ ਸੀ। “ਮੱਖਨ ਸ਼ਾਹ ਬੇਟਾ ਦਾਸੇ ਸ਼ਾਹ ਕਾ ਪੋਤਾ ਅਰਬੇ ਕਾ ਪੜਪੋਤਾ ਬਿੰਨੇ ਕਾ ਬੰਸ ਬਿਹੜੂ ਸ਼ਾਹ ਕੀ।...ਸਾਲ ਸਤਾਰਾਂ ਸੈ ਇਕੀਸ ਦਿਵਾਲੀ ਤੇ ਸ਼ਨੀਵਾਰ ਕੇ ਦਿਹੁੰ ਬਕਾਲੇ ਨਗਰ ਆਇਆ।...”। (ਪੰਨਾ 67) ਉਸ ਸਾਲ ਦਿਵਾਲੀ 9 ਕੱਤਕ ਸੰਮਤ 1721 ਬਿਕ੍ਰਮੀ (9 ਅਕਤੂਬਰ 1664 ਈ: ਜੂਲੀਅਨ) ਨੂੰ ਆਈ ਸੀ।

ਪਿਆਰਾ ਸਿੰਘ ਪਦਮ ਦੀ ਇਕ ਲਿਖਤ, “ਤੇਗ ਬਹਾਦਰ ਸਿਮਰੀਐ”। ਜੋ ਪਹਿਲੀ ਵਾਰ 1975 ਈ: ਵਿਚ ਛਪੀ ਸੀ। ਉਸ ਕਿਤਾਬ ਦੇ ਤਤਕਰੇ ਵਿਚ ਦਰਜ ਅਧਿਆਇ ਨੰਬਰ 4 ਦਾ ਸਿਰਲੇਖ ਹੈ, “ਗੁਰੂ ਤੇਗ ਬਹਾਦਰ ਜੀ ਦੀ ਕਹਾਣੀ ਭੱਟਾਂ ਦੀ ਜ਼ਬਾਨੀ”। ਇਸ ਅਧਿਆਇ ਵਿੱਚ ਵਿਦਵਾਨ ਲੇਖਕ ਨੇ ਇਤਹਾਸ ਦੇ ਪੁਰਾਤਨ ਵਸੀਲੇ, ਭੱਟ ਵਹੀਆਂ ਦੀ ਪੜਤਾਲ ਕਰਕੇ, ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸਬੰਧਤ ਤਾਰੀਖ਼ਾਂ ਦਰਜ ਕੀਤੀਆਂ ਹਨ।

“ਗੁਰੂ ਤੇਗ ਬਹਾਦਰ ਜੀ, ਬੇਟਾ ਗੁਰੂ ਹਰਿ ਗੋਬਿੰਦ ਮਹਲ ਛਟੇ ਕਾ, ਸੰਮਤ ਸਤ੍ਰਾਂ ਸੈ ਤੇਰਾਂ ਅਸਾਢ ਪ੍ਰਵਿਸ਼ਟੇ ਗਿਆਰਸ ਕੋ, ਕੀਰਤਪੁਰ ਪਰਗਣਾ ਕਹਿਲੂਰ ਸੇ ਤੀਰਥ ਜਾਤ੍ਰਾ ਜਾਨੇ ਕੀ ਤਿਆਰੀ ਕੀ।...”। (ਭੱਟ ਵਹੀ ਪੂਰਬੀ ਦੱਖਣੀ, ਪੰਨਾ 55) ਇਸ ਸਾਖੀ ਵਿੱਚ ਦਰਜ ਤਾਰੀਖ ਸੰਮਤ “ਸਤ੍ਰਾਂ ਸੈ ਤੇਰਾਂ ਅਸਾਢ ਪ੍ਰਵਿਸ਼ਟੇ ਗਿਆਰਸ ਕੋ” ਮੁਤਾਬਕ 8 ਜੂਨ 1656 ਈ: ਨੂੰ ਗੁਰੂ ਜੀ ਕੀਰਤਪੁਰ ਸਨ ਨਾ ਕਿ ਬਕਾਲੇ ਭੋਰੇ ਵਿੱਚ।

“ਗੁਰੂ ਤੇਗ ਬਹਾਦਰ ਜੀ, ਬੇਟਾ ਗੁਰੂ ਹਰਿ ਗੋਬਿੰਦ ਜੀ ਮਹਲ ਛਟੇ ਕਾ ਬਨਾਰਸ ਆਏ। ਸੰਮਤ ਸਤ੍ਰਾਂ ਸੈ ਅਠਾਰਾਂ ਅਸ਼ਾਢ ਸੁਦੀ ਪੰਚਮੀ ਕੋ, ਗੈਲੋਂ ਨਾਨਕੀ ਜੀ ਆਈ ਮਾਤਾ ਗੁਰੂ ਤੇਗ ਬਹਾਦਰ ਜੀ ਕੀ...”। (ਭੱਟ ਵਹੀ ਪੂਰਬੀ ਦੱਖਣੀ ,ਪੰਨਾ 56) ਇਸ ਸਾਖੀ ਵਿੱਚ ਦਰਜ ਤਾਰੀਖ “ਸੰਮਤ ਸਤ੍ਰਾਂ ਸੈ ਅਠਾਰਾਂ ਅਸ਼ਾਢ ਸੁਦੀ ਪੰਚਮੀ” ਮੁਤਾਬਕ 21 ਜੂਨ 1661 ਈ: ਨੂੰ ਗੁਰੂ ਜੀ ਬਨਾਰਸ ਸਨ ਨਾ ਕਿ ਬਕਾਲੇ।

ਪਿਆਰਾ ਸਿੰਘ ਪਦਮ ਦੀ ਹੀ ਇਕ ਹੋਰ ਕਿਰਤ ਹੈ, “ਗੁਰੂ ਕੀਆਂ ਸਾਖੀਆਂ”। ਇਸ ਦੀ ਭੂਮਿਕਾ ਵਿੱਚ ਪਦਮ ਲਿਖਦਾ ਹੈ, “ਅਸੀਂ ਗੁਰੂਆਂ ਬਾਰੇ ਸਮੱਗਰੀ ਲੱਭਣ ਵਿੱਚ ਰੁਚੀ ਰੱਖਦੇ ਹਾਂ। ਜੋ ਕੁਝ ਭੱਟ ਵਹੀਆਂ ਵਿੱਚ ਲਿਖਿਆ ਮਿਲਦਾ ਹੈ, ਲਗਭਗ ਉਸੇ ਤਰ੍ਹਾਂ ਦੀ ਜਾਣਕਾਰੀ ਕਿਤੇ-ਕਿਤੇ ਪੰਡਾ ਵਹੀਆਂ ਵਿੱਚ ਅੰਕਿਤ ਲੱਭਦੀ ਹੈ। ਇਸ ਤੋਂ ਉਸ ਘਟਨਾ ਦੀ ਪੁਸ਼ਟੀ ਹੁੰਦੀ ਹੈ। ਤੇ ਕਈ ਵਾਰ ਕੁਝ ਹੋਰ ਗੱਲਾਂ ਦਾ ਵੀ ਪਤਾ ਲੱਗਦਾ ਹੈ। ਭਾਵੇਂ ਅਜੇ ਤੱਕ ਵਿਗਿਆਨਕ ਢੰਗ ਨਾਲ ਇਨ੍ਹਾਂ ਸਾਰੀਆਂ ਵਹੀਆਂ ਦੀ ਘੋਖ-ਪੜਤਾਲ ਨਹੀਂ ਹੋਈ ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਭੰਡਾਰਾ ਬਹੁਤ ਅਮੋਲਕ ਹੈ। ਤੇ ਇਨ੍ਹਾਂ ਦਾ ਇਕ ਦੂਜੇ ਨਾਲ ਮਿਲਾਨ ਕਰ ਕੇ ਛੁਪੀ ਅਸਲੀਅਤ ਲੱਭੀ ਜਾ ਸਕਦੀ ਹੈ। ਮਿਸਾਲ ਲਈ ਬਾਬਾ ਤੇਗ ਬਹਾਦਰ ਦੇ ਹਾੜ 1713 ਬਿ: ਵਿੱਚ ਤੀਰਥ ਯਾਤਰਾ ’ਤੇ ਜਾਣ ਬਾਰੇ ਭੱਟ ਵਹੀ ਵਿੱਚ ਬੜੀ ਕੀਮਤੀ ਟੂਕ ਮਿਲਦੀ ਹੈ ਕਿ ਉਹ ਕਦੋਂ ਗਏ ਤੇ ਉਨ੍ਹਾਂ ਦੇ ਨਾਲ ਕੌਣ-ਕੌਣ ਸੀ। ਹਾਲਾਂ ਕਿ ਸਾਡੀਆਂ ਪ੍ਰਚੱਲਤ ਇਤਿਹਾਸਕ ਪੁਸਤਕਾਂ ਇਸ ਬਾਰੇ ਬਿਲਕੁਲ ਚੁੱਪ ਹਨ। ਤੇ ਉਹ ਇਹੋ ਕਹੀ ਜਾਂਦੀਆਂ ਹਨ ਕਿ ਉਹ 20 ਸਾਲ ਬਕਾਲੇ ਤਪ ਕਰਦੇ ਰਹੇ ਪਰ ਵਹੀਆਂ ਦੇ ਨੋਟ ਦੱਸਦੇ ਹਨ ਕਿ ਉਹ ਲੰਮੀ ਯਾਤਰਾ ’ਤੇ ਗਏ ਸਨ। (ਪੰਨਾ 14)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ ’ਤੇ ਦਰਜ ਗੁਰੂ ਤੇਗ ਬਹਾਦਰ ਜੀ ਦੇ ਸੰਖੇਪ ਇਤਿਹਾਸ ਵਿੱਚ ਵੀ ਇਸ ਸਾਖੀ ਦਾ ਖੰਡਨ ਕੀਤਾ ਹੋਇਆ ਹੈ, “It is totally wrong conception (as some historian point out) that Guru Sahib got constructed a solitary cell in his house where he often used to meditate GodÓÓ. (sgpc.net)

ਗੁਰ ਇਤਿਹਾਸ ਮੁਤਾਬਕ ਗੁਰੂ ਹਰਿ ਗੋਬਿੰਦ ਸਾਹਿਬ ਜੀ ਵੱਲੋਂ ਗੁਰਗੱਦੀ ਦੀ ਜ਼ਿੰਮੇਵਾਰੀ, ਗੁਰੂ ਹਰਿ ਰਾਏ ਜੀ ਨੂੰ 1 ਚੇਤ/ਚੇਤ ਵਦੀ 15 ਸੰਮਤ 1700 ਬਿਕ੍ਰਮੀ (27 ਫਰਵਰੀ 1644 ਈ: ਜੂਲੀਅਨ) ਦੇਣ ਅਤੇ ਗੁਰੂ ਤੇਗ ਬਹਾਦਰ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਮਿਲਣ, ਭਾਵ 3 ਵੈਸਾਖ ਸੰਮਤ 1721 ਬਿਕ੍ਰਮੀ (30 ਮਾਰਚ 1664 ਈ ਜੂਲੀਅਨ) ਤੱਕ ਦੇ ਲਗਭਗ ਦੋ ਦਹਾਕਿਆਂ ਦੇ ਸਮੇਂ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੀਆਂ ਘਟਨਾਵਾਂ ਦਾ ਕੋਈ ਖਾਸ ਜ਼ਿਕਰ ਨਹੀਂ ਮਿਲਦਾ। ਗੁਰਗੱਦੀ ’ਤੇ ਬਿਰਾਜਣ ਤੋਂ ਪਿਛੋਂ, ਲੇਖਕਾਂ ਨੇ ਪੜਤਾਲ ਕਰਕੇ ਸਹੀ ਘਟਨਾਵਾਂ ਦਾ ਪਤਾ ਲਾਉਣ ਦੀ ਬਿਜਾਏ, 26 ਸਾਲ 9 ਮਹੀਨੇ 13 ਦਿਨ ਦੀ ਕਹਾਣੀ ਘੜ ਕੇ ਇਤਿਹਾਸ ਨੂੰ ਮੁਕੰਮਲ ਕਰ ਦਿੱਤਾ। ਅੱਗੋਂ ਚਲ ਸੋ ਚਲ! ਹੁਣ ਜਦੋਂ ਭੱਟ ਵਹੀਆਂ ਸਾਹਮਣੇ ਆਈਆਂ ਹਨ ਤਾਂ ਭੋਰੇ ਵਾਲੀ ਸਾਖੀ ਰੱਦ ਵੀ ਹੋ ਗਈ ਹੈ। ਅਜੇ ਵੀ ਜਿਹੜੇ ਸੱਜਣ ਗੁਰੂ ਸਾਹਿਬ ਨੂੰ, ਸੀਨਾ-ਬਸੀਨਾ ਸਾਖੀ ਦੇ ਆਸਰੇ 26 ਸਾਲ 9 ਮਹੀਨੇ 13 ਦਿਨ ਭੋਰੇ ਵਿੱਚ ਬੰਦ ਰੱਖਣਾ ਚਾਹੁੰਦੇ ਹਨ, ਕੀ ਉਹ ਇਹ ਸਾਬਿਤ ਕਰਨਾ ਚਾਹੁੰਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਗੁਰਬਾਣੀ ਦੇ ਸਿਧਾਂਤ ਤੋਂ ਅਣਜਾਣ ਸਨ? ਉਹ ਭਲਿਓ! ਅਕਲ ਨੂੰ ਹੱਥ ਮਾਰੋ।

# ਦਿੱਲੀ ਗੁਰਦੁਆਰਾ ਚੋਣਾਂ ਵਿਚ ਰਾਖਵੇਂ ਨਿਸ਼ਾਨਾਂ ਦਾ ਮਾਮਲਾ ਅਦਾਲਤ ਪੁੱਜਾ

## ਕੇਂਦਰ, ਦਿੱਲੀ ਸਰਕਾਰ ਤੇ ਗੁਰਦੁਆਰਾ ਚੋਣ ਡਾਇਰੈਕਟਰ ਨੂੰ ਨੋਟਿਸ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਗੁਰਦੁਆਰਾ ਚੋਣਾਂ ਵਿੱਚ ਰਾਖਵੇਂ ਚੋਣ ਨਿਸ਼ਾਨਾਂ ਸਬੰਧੀ ਨਿਯਮ ਦੀ ਵਾਜਬੀਅਤ ਨੂੰ ਚੁਣੌਤੀ ਦਿੰਦੀ ਇਕ ਪਟੀਸ਼ਨ ਦੇ ਆਧਾਰ ਉਤੇ ਦਿੱਲੀ ਹਾਈ ਕੋਰਟ ਨੇ ਕੇਂਦਰ ਤੇ ਦਿੱਲੀ ਸਰਕਾਰ ਅਤੇ ਦਿੱਲੀ ਗੁਰਦੁਆਰਾ ਚੋਣ ਡਾਇਰੈਕਟਰ ਨੂੰ ਨੋਟਿਸ ਜਾਰੀ ਕੀਤਾ ਹੈ। ਦਿੱਲੀ ਕਮੇਟੀ ਦੇ ਮੈਂਬਰ ਤੇ ਸਾਬਕਾ ਕਾਂਗਰਸੀ ਵਿਧਾਇਕ ਤਰਵਿੰਦਰ ਸਿੰਘ ਮਰਵਾਹ ਦੀ ਪਟੀਸ਼ਨ ਉਪਰ ਦਿੱਲੀ ਹਾਈ ਕੋਰਟ ਨੇ ਦਿੱਲੀ ਦੇ ਉਪ ਰਾਜਪਾਲ ਨੂੰ ਵੀ ਇਹ ਨੋਟਿਸ ਜਾਰੀ ਕਰਦਿਆਂ 17 ਜੁਲਾਈ ਨੂੰ ਜਵਾਬ ਮੰਗਿਆ ਹੈ। ਇਹ ਹੁਕਮ ਜਸਟਿਸ ਜੀ. ਰੋਹਿਣੀ ਤੇ ਜਸਟਿਸ ਸੰਗੀਤਾ ਢੀਂਗਰਾ ਸਹਿਗਲ ਦੇ ਡਿਵੀਜ਼ਨ ਨੇ ਜਾਰੀ ਕੀਤੇ। ਪਟੀਸ਼ਨਰ ਨੇ ਦਿੱਲੀ ਸਿੱਖ ਗੁਰਦੁਆਰਾ ਐਕਟ ਵਿੱਚ 2010 ਨੂੰ ਕੀਤੀ ਗਈ ਸੋਧ ਨੂੰ ਇਸ ਐਕਟ ਤੇ ਸੰਵਿਧਾਨ ਖ਼ਿਲਾਫ਼ ਦੱਸਦਿਆਂ ਮਾਮਲਾ ਅਦਾਲਤ ਵਿੱਚ ਲਿਆਂਦਾ ਹੈ। ਦੂਜੇ ਪਾਸੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 5 ਅਹੁਦੇਦਾਰਾਂ ਤੇ 10 ਕਾਰਜਕਾਰੀ ਮੈਂਬਰਾਂ ਦੀ 28 ਮਾਰਚ ਨੂੰ ਹੋਣ ਵਾਲੀ ਚੋਣ ਅੱਗੇ ਪੈ ਗਈ ਹੈ, ਕਿਉਂਕਿ 24 ਮਾਰਚ ਦੀ ਮੀਟਿੰਗ ਦੌਰਾਨ ਚੁਣੇ ਗਏ ਪ੍ਰੋਟਮ ਚੇਅਰਮੈਨ ਮਨਜੀਤ ਸਿੰਘ ਜੀ.ਕੇ. ਨੇ ਇਸ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਸ ਕਾਰਨ ਹੁਣ ਪ੍ਰੋਟਮ ਚੇਅਰਮੈਨ ਦੀ ਮੁੜ ਚੋਣ ਕੀਤੀ ਜਾਵੇਗੀ, ਜਿਸ ਲਈ ਦਿੱਲੀ ਗੁਰਦੁਆਰਾ ਚੋਣ ਡਾਇਰੈਕਟਰ ਨੋਟੀਫਿਕੇਸ਼ਨ ਜਾਰੀ ਕਰਨਗੇ। ਇਸ ਤਰ੍ਹਾਂ ਗੁਰਦੁਆਰਾ ਕਮੇਟੀ ਦੇ ਜਿੱਤੇ ਹੋਏ ਮੈਂਬਰਾਂ ਨੂੰ ਅਹੁਦੇਦਾਰੀਆਂ ਦੇਣ ਦਾ ਮਾਮਲਾ ਇਸ ਵਾਰ ਅਦਾਲਤੀ ਗੇੜ ਵਿੱਚ ਫਸਦਾ ਜਾਪਦਾ ਹੈ। ਪਹਿਲੀ ਅਪ੍ਰੈਲ ਨੂੰ ਜ਼ਿਲ੍ਹਾ ਅਦਾਲਤ ਵਿੱਚ ਵੀ ਮਾਮਲੇ ਦੀ ਸੁਣਵਾਈ ਹੋਣੀ ਹੈ ਜਿਸ ਦੀ ਰੌਸ਼ਨੀ ਹੇਠ ਅੰਤਰਿੰਗ ਕਮੇਟੀ ਦੀ ਚੋਣ ਹੋਰ ਲਟਕ ਸਕਦੀ ਹੈ। ਦਿੱਲੀ ਹਾਈ ਕੋਰਟ ਵਿੱਚ ਸ੍ਰੀ ਮਾਰਵਾਹ ਵੱਲੋਂ ਦਾਇਰ ਪਟੀਸ਼ਨ ਵਿੱਚ ਕਿਹਾ ਗਿਆ ਕਿ ਦਿੱਲੀ ਗੁਰਦੁਆਰਾ ਐਕਟ ਦੇ ਨਿਯਮ 14 ਵਿੱਚ ਕੀਤੀ ਗਈ ਸੋਧ ਆਜ਼ਾਦ ਉਮੀਦਵਾਰਾਂ ਵੱਲੋਂ ਆਪਣੀ ਪਸੰਦ ਦਾ ਧੜਾ ਜਾਂ ਸੰਸਥਾ ਬਣਾਉਣ ਤੇ ਸਾਰੇ ਵਾਰਡਾਂ ਲਈ ਰਾਖਵਾਂ ਚੋਣ ਨਿਸ਼ਾਨ ਲੈਣ ਦੇ ਬੁਨਿਆਦੀ ਅਧਿਕਾਰਾਂ ਦਾ ਉਲੰਘਣ ਕਰਦੀ ਹੈ। ਬੀਤੀ 26 ਫਰਵਰੀ ਨੂੰ ਹੋਈਆਂ ਚੋਣਾਂ ਦੌਰਾਨ ਆਜ਼ਾਦ ਉਮੀਦਵਾਰ ਵਜੋਂ ਜਿੱਤੇ ਸ੍ਰੀ ਮਰਵਾਹ ਨੇ ਦਾਅਵਾ ਕੀਤਾ ਕਿ ਨਿਯਮ-14 ਤਹਿਤ ਸਿਰਫ਼ ਧਾਰਮਿਕ ਪਾਰਟੀ ਹੀ ਕਮੇਟੀ ਇੱਕ ਨਿਸ਼ਾਨ ਉਪਰ ਚੋਣ ਲੜ ਸਕਦੀ ਹੈ। ਇਹ ਨਿਯਮ ਦਿੱਲੀ ਗੁਰਦੁਆਰਾ ਐਕਟ 1974 ਦੀ ਮੂਲ ਭਾਵਨਾ ਦੇ ਹੀ ਉਲਟ ਹੈ, ਜਿਸ ਨੂੰ ਗ਼ੈਰਸੰਵਿਧਾਨਕ ਕਰਾਰ ਦਿੱਤਾ ਜਾਵੇ। ਦਿੱਲੀ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਆਗੂ ਜੀ.ਐਸ. ਜੌਲੀ ਨੇ ਦੱਸਿਆ ਕਿ ਸ੍ਰੀ ਮਾਰਵਾਹ ਨੇ ਮੰਗ ਕੀਤੀ ਹੈ ਕਿ ਧਾਰਮਿਕ ਪਾਰਟੀ ਹੋਣ ਦਾ ਨਿਯਮ ਹਟਾਇਆ ਜਾਵੇ। ਇਸ ਤੋਂ ਪਹਿਲਾਂ ਜ਼ਿਲ੍ਹਾ ਅਦਾਲਤ ਵਿੱਚ ਪੰਥਕ ਸੇਵਾ ਦਲ ਦੇ ਵੱਖ-ਵੱਖ ਹਾਰੇ ਉਮੀਦਵਾਰਾਂ ਨੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਉਮੀਦਵਾਰਾਂ ਦੀ ਚੋਣ ਨੂੰ ਚੁਣੌਤੀ ਦਿੱਤੀ ਹੋਈ ਹੈ।

# ਕੈਪਟਨ ਵਲੋਂ ਮੋਦੀ ਨਾਲ ਮੁਲਾਕਾਤ-ਯੂ.ਪੀ. ਦੀ ਤਰਜ਼ 'ਤੇ ਪੰਜਾਬ ਦੇ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਮੰਗੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਇੱਥੇ ਸੰਸਦ ਭਵਨ ਵਿਖੇ ਉਨ੍ਹਾਂ ਦੇ ਦਫ਼ਤਰ ਵਿਚ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਯੂਪੀ ਦੀ ਤਰਜ਼ 'ਤੇ ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦੀ ਮੰਗ ਪ੍ਰਧਾਨ ਮੰਤਰੀ ਅੱਗੇ ਜ਼ੋਰਦਾਰ ਢੰਗ ਨਾਲ ਰੱਖੀ। ਕੈਪਟਨ ਅਮਰਿੰਦਰ ਸਿੰਘ ਨੇ ਮੰਗ ਕੀਤੀ ਕਿ ਜਿਵੇਂ ਯੂਪੀ ਦੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਗਿਆ ਹੈ, ਉਸੇ ਤਰ੍ਹਾਂ ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਇਕਮੁਸ਼ਤ ਮੁਆਫ਼ ਕਰਨ ਲਈ ਵਿਸ਼ੇਸ਼ ਪੈਕੇਜ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪਿਛਲੀ ਵਾਰ ਜਦੋਂ ਉਹ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ ਵਾਲੇ ਵਫ਼ਦ ਨਾਲ ਪ੍ਰਧਾਨ ਮੰਤਰੀ ਨੂੰ ਮਿਲੇ ਸੀ, ਤਾਂ ਉਸ ਸਮੇਂ ਕੀਤੀ ਗਈ ਕਰਜ਼ਾ ਮੁਆਫ਼ੀ ਦੀ ਮੰਗ ਨੂੰ ਹੀ ਅੱਗੇ ਵਧਾਇਆ ਗਿਆ ਹੈ। ਕਾਂਗਰਸ ਵੱਲੋਂ ਚੋਣਾਂ ਦੌਰਾਨ ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦੇ ਕੀਤੇ ਵਾਅਦੇ ਨੂੰ ਪੂਰਾ ਕਰਨ ਲਈ ਕੈਪਟਨ ਨੇ ਕੇਂਦਰ ਤੋਂ ਮਦਦ ਮੰਗੀ ਹੈ। ਉਨ੍ਹਾਂ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਕਿਹਾ ਕਿ ਸੂਬੇ ਦੀ ਕੈਬਨਿਟ ਨੇ ਕਾਂਗਰਸ ਵੱਲੋਂ ਕੀਤੇ ਗਏ ਚੋਣ ਵਾਅਦਿਆਂ ਨੂੰ ਸਮਾਂਬੱਧ ਪੂਰੇ ਕਰਨ ਲਈ ਜ਼ਰੂਰੀ ਕਦਮ ਪੁੱਟੇ ਜਾਣ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਉਨ੍ਹਾਂ ਸਿਰ ਚੜ੍ਹੇ ਕਰਜ਼ੇ ਦੇ ਮੱਕੜ ਜਾਲ ਵਿੱਚੋਂ ਬਾਹਰ ਕੱਢਣ ਲਈ ਇਸ ਵਿਸ਼ੇਸ਼ ਪੈਕਜ ਦੀ ਮੰਗ ਪ੍ਰਧਾਨ ਮੰਤਰੀ ਤੋਂ ਕੀਤੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਲੇਖੇ ਪੱਤਰ ਵਿੱਚ ਦੱਸਿਆ ਹੈ ਕਿ ਪੰਜਾਬੀ ਕਿਸਾਨਾਂ ਸਿਰ 80000 ਕਰੋੜ ਰੁਪਏ ਕਰਜ਼ਾ ਹੈ, ਜਿਸ ਵਿੱਚ ਕਾਰਪੋਰੇਟ ਖੇਤਰ ਦਾ ਫਸਲੀ ਕਰਜ਼ਾ 12500 ਕਰੋੜ ਹੈ। ਇਸ ਤਰ੍ਹਾਂ ਪੰਜਾਬ ਦੇ ਹਰੇਕ ਕਿਸਾਨ ਸਿਰ ਫਸਲੀ ਕਰਜ਼ੇ ਸਮੇਤ 8 ਲੱਖ ਰੁਪਏ ਦਾ ਕਰਜ਼ਾ ਹੈ। ਪੰਜਾਬ ਦੇ ਛੋਟੇ ਤੇ ਦਰਮਿਆਨੇ ਕਿਸਾਨ ਪ੍ਰਤੀ ਏਕੜ ਦੇ ਹਿਸਾਬ ਨਾਲ ਦੇਸ਼ ਵਿਚ ਸਭ ਤੋਂ ਵੱਧ ਕਰਜ਼ਦਾਰ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਦੇਸ਼ ਦੀ ਖੁਰਾਕ ਸੁਰੱਖਿਆ ਵਿੱਚ ਅਹਿਮ ਯੋਗਦਾਨ ਪਾਇਆ ਹੈ ਤੇ ਇਸ ਸਰਹੱਦੀ ਸੂਬੇ ਦੇ ਕਿਸਾਨਾਂ ਦੀ ਮਾੜੀ ਆਰਥਿਕ ਹਾਲਤ ਸਮਾਜਕ ਤਾਣੇ-ਬਾਣੇ ਤੇ ਦੇਸ਼ ਦੀ ਸੁਰੱਖਿਆ ਦੇ ਮੱਦੇਨਜ਼ਰ ਅਹਿਮ ਹੋ ਸਕਦੀ ਹੈ।

ਉਨ੍ਹਾਂ ਕਿਹਾ ਕਿ ਕਰਜ਼ਾ ਲਾਹੁਣ ਤੋਂ ਅਸਮਰੱਥ ਪੰਜਾਬੀ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ ਤੇ ਉਨ੍ਹਾਂ ਨੂੰ ਸਹਾਰਾ ਦੇਣ ਲਈ ਕੇਂਦਰ ਸਰਕਾਰ ਆਪਣੀ ਖੇਤੀ ਨੀਤੀ ਵਿੱਚ ਤਬਦੀਲੀ ਕਰੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਨੇ ਸਾਲ 2016-17 ਦੇ ਹਾੜ੍ਹੀ ਸੀਜ਼ਨ ਦੌਰਾਨ ਰਿਕਾਰਡ 160.60 ਲੱਖ ਮੀਟਰਕ ਟਨ ਕਣਕ ਖਰੀਦੀ ਹੈ, ਜਿਸ ਵਿਚੋਂ 108.24 ਲੱਖ ਮੀਟਰਕ ਟਨ ਕਣਕ ਕੇਂਦਰੀ ਭੰਡਾਰ ਲਈ ਖਰੀਦੀ ਗਈ। ਸੋਕੇ ਵਰਗੇ ਹਾਲਾਤ ਰਹਿਣ ਦੇ ਬਾਵਜੂਦ 2016 ਦੀ ਸਾਉਣੀ ਦੌਰਾਨ ਰਿਕਾਰਡ 186.76 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਗਈ।

ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਬਾਰੇ ਉਨ੍ਹਾਂ ਕਿਹਾ ਕਿ ਉਹ ਦੋਵੇਂ ਅਹੁਦੇ ਨਹੀਂ ਸਾਂਭ ਸਕਦੇ। ਇਸ ਲਈ ਉਹ ਕਾਂਗਰਸ ਮੁਖੀ ਸੋਨੀਆ ਗਾਂਧੀ ਦੇ ਵਤਨ ਪਰਤਣ 'ਤੇ ਉਨ੍ਹਾਂ ਨੂੰ ਨਵਾਂ ਪ੍ਰਧਾਨ ਥਾਪਣ ਦੀ ਬੇਨਤੀ ਕਰਨਗੇ।

ਕਾਂਗਰਸ ਦੇ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦਾ ਬਚਾਅ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਸ੍ਰੀ ਕਿਸ਼ੋਰ ਦੇ ਕੰਮ ਤੋਂ ਬਹੁਤ ਖੁਸ਼ ਹਨ ਤੇ ਉਨ੍ਹਾਂ ਤਕੜੀ ਲੜਾਈ ਲੜੀ ਹੈ। ਗ਼ੌਰਤਲਬ ਹੈ ਕਿ ਸ੍ਰੀ ਕਿਸ਼ੋਰ ਦੀ ਅਗਵਾਈ ਹੇਠ ਯੂਪੀ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਭਾਰੀ ਹਾਰ ਹੋਈ ਹੈ। ਕੈਪਟਨ ਨੇ ਦੱਸਿਆ ਕਿ ਉਸ ਦੀ ਟੀਮ ਦੇ 1700 ਵਲੰਟੀਅਰਾਂ ਨੇ ਪਿੰਡ ਪਿੰਡ ਜਾ ਕੇ ਪ੍ਰਚਾਰ ਕੀਤਾ ਤੇ 100 ਤੋਂ ਜ਼ਿਆਦਾ ਲੋਕਾਂ ਦੀ ਟੀਮ ਚੰਡੀਗੜ੍ਹ ਡਟੀ ਰਹੀ। ਗ਼ੌਰਤਲਬ ਹੈ ਕਿ ਪ੍ਰਸ਼ਾਂਤ ਕਿਸ਼ੋਰ ਦਾ ਯੂਪੀ ਵਿੱਚ ਜ਼ੋਰਦਾਰ ਵਿਰੋਧ ਹੋਇਆ ਸੀ।



### ਪਾਣੀਆਂ ਦੀ ਰਾਖੀ ਲਈ ਕਾਨੂੰਨੀ ਲੜਾਈ ਲੜਾਂਗੇ :

ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ 24 ਮਾਰਚ ਨੂੰ ਹਰਿਆਣਾ ਦੇ ਮੁੱਖ ਮੰਤਰੀ ਦੀ ਅਗਵਾਈ ਵਿੱਚ ਵਫ਼ਦ ਦੀ ਕੇਂਦਰੀ ਗ੍ਰਹਿ ਮੰਤਰੀ ਨਾਲ ਤਜਵੀਜ਼ਤ ਮੀਟਿੰਗ ਬਾਰੇ ਸੁਆਲ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਮਾਮਲਾ ਅਦਾਲਤੀ ਦੇ ਜ਼ੇਰੇ-ਗ਼ੌਰ ਹੈ। ਉਨ੍ਹਾਂ ਦੀ ਸਰਕਾਰ ਪੰਜਾਬ ਦੇ ਪਾਣੀਆਂ ਦੇ ਹੱਕ ਦੀ ਰਾਖੀ ਲਈ ਕਾਨੂੰਨੀ ਲੜਾਈ ਲੜ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਹਰਿਆਣਾ ਨੂੰ ਦੇਣ ਲਈ ਫਾਲਤੂ ਪਾਣੀ ਨਹੀਂ ਹੈ। ਉਹ ਪਹਿਲਾਂ ਵੀ ਪੰਜਾਬ ਦੇ ਪਾਣੀਆਂ ਬਾਰੇ ਆਪਣਾ ਸਟੈਂਡ ਸਪਸ਼ਟ ਕਰ ਚੁੱਕੇ ਹਨ ਤੇ ਇਸ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ।

## ਕਿਸਾਨ ਕਰਜ਼ਾ ਮੁਆਫ਼ੀ ਦਾ ਪੈਸਾ ਕੇਂਦਰ ਨਹੀਂ, ਸੂਬਾਈ ਸਰਕਾਰਾਂ ਦੇਣ : ਜੇਤਲੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੇਂਦਰ ਸਰਕਾਰ ਨੇ ਆਪਣੇ ਵੱਲੋਂ ਕਿਸਾਨਾਂ ਦੇ ਖੇਤੀ ਕਰਜ਼ੇ ਮੁਆਫ਼ ਕਰਨ ਤੋਂ ਨਾਂਹ ਕਰ ਦਿੱਤੀ। ਰਾਜ ਸਭਾ ਵਿੱਚ ਵਿੱਤ ਮੰਤਰੀ ਅਰੁਣ ਜੇਤਲੀ ਨੇ ਆਖਿਆ ਕਿ ਰਾਜ ਸਰਕਾਰਾਂ ਚਾਹੁਣ ਤਾਂ ਆਪਣੇ ਵਸੀਲਿਆਂ ਰਾਹੀਂ ਕਰਜ਼ੇ ਮੁਆਫ਼ ਕਰ ਸਕਦੀਆਂ ਹਨ। ਉਨ੍ਹਾਂ ਸਾਫ਼ ਕੀਤਾ ਕਿ ਕੇਂਦਰ ਕਿਸੇ ਵੀ ਰਾਜ ਦੀ ਕਰਜ਼ਾ ਮੁਆਫ਼ੀ ਲਈ ਮਦਦ ਨਹੀਂ ਕਰੇਗਾ। ਉਨ੍ਹਾਂ ਕਿਹਾ, "ਇਹ (ਕਰਜ਼ਾ ਮੁਆਫ਼ੀ) ਦਾ ਮੁੱਦਾ ਕਈ ਰਾਜਾਂ ਵਿੱਚ ਗਰਮਾਇਆ ਹੋਇਆ ਹੈ। ਖੇਤੀ ਸੈਕਟਰ ਲਈ ਕੇਂਦਰ ਦੀਆਂ ਆਪਣੀਆਂ ਨੀਤੀਆਂ ਹਨ, ਜਿਸ ਤਹਿਤ ਅਸੀਂ ਵਿਆਜ ਵਿੱਚ ਮਦਦ ਤੇ ਹੋਰ ਸਹਾਇਤਾ ਦਿੰਦੇ ਹਾਂ।"

ਉਨ੍ਹਾਂ ਕਿਹਾ, "ਜੇ ਰਾਜਾਂ ਕੋਲ ਆਪਣੇ ਵਸੀਲੇ ਹੋਣ ਅਤੇ ਉਹ ਇਸ ਦਿਸ਼ਾ (ਕਰਜ਼ ਮੁਆਫ਼ੀ) ਵਿੱਚ ਅੱਗੇ ਵਧਣਾ ਚਾਹੁਣ ਤਾਂ ਉਹ ਆਪਣੇ ਵਸੀਲੇ ਵਰਤ ਲੈਣ। ਅਜਿਹੀ ਸਥਿਤੀ ਵੀ ਪੈਦਾ ਨਹੀਂ ਹੋਵੇਗੀ ਕਿ ਕੇਂਦਰ ਕਿਸੇ ਇਕ ਸੂਬੇ ਦੀ ਮਦਦ ਕਰ ਦੇਵੇ ਤੇ ਦੂਜੇ ਦੀ ਨਾ ਕਰੇ।"

ਇਸ ਤੋਂ ਪਹਿਲਾਂ ਖੇਤੀਬਾੜੀ ਮੰਤਰੀ ਰਾਧਾ ਮੋਹਨ ਸਿੰਘ ਨੇ ਆਖਿਆ ਸੀ ਕਿ ਯੂਪੀ ਦੀ ਭਾਜਪਾ ਸਰਕਾਰ ਵੱਲੋਂ ਵਿਧਾਨ ਸਭਾ ਚੋਣਾਂ ਵਿੱਚ ਕੀਤੇ ਵਾਅਦੇ ਮੁਤਾਬਕ ਛੋਟੇ ਤੇ ਹਾਸ਼ੀਆਕ੍ਰਿਤ ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣਗੇ। ਕਾਂਗਰਸ ਦੀ ਮੰਗ ਹੈ ਕਿ ਕੇਂਦਰ ਉਸੇ ਤਰ੍ਹਾਂ ਦੇਸ਼ ਭਰ ਦੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰੇ, ਜਿਵੇਂ ਯੂਪੀਏ ਸਰਕਾਰ ਨੇ 2006 ਵਿੱਚ ਕੀਤੇ ਸਨ ਅਤੇ ਸਿਰਫ਼ ਯੂਪੀ ਵਿੱਚ ਹੀ ਕਰਜ਼ ਮੁਆਫ਼ੀ ਨਾ ਕੀਤੀ ਜਾਵੇ। ਇਸੇ ਦੌਰਾਨ ਆਰਬੀਆਈ ਦੇ ਡਿਪਟੀ ਗਵਰਨਰ ਐਸ.ਐਸ. ਮੁੰਦੜਾ ਨੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੇ ਮੁੱਦੇ ਉਤੇ ਬੈਂਕ ਦਾ ਸਟੈਂਡ ਸਪਸ਼ਟ ਕਰਨ ਤੋਂ ਨਾਂਹ ਕਰ ਦਿੱਤੀ। ਇਥੇ ਇਕ ਸਮਾਗਮ ਦੌਰਾਨ ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ, "ਇਸ ਸਬੰਧ ਵਿੱਚ ਕਿਸੇ ਪੱਖ ਵਿਚ ਕੋਈ ਸਿੱਧਾ ਬਿਆਨ ਦੇਣਾ ਸਹੀ ਨਹੀਂ ਹੋਵੇਗਾ।" ਉਨ੍ਹਾਂ ਇਹ ਵੀ ਕਿਹਾ ਕਿ ਬੈਂਕ ਨੂੰ ਇਸ ਮੁਤੱਲਕ ਸਰਕਾਰ ਤੋਂ ਕੋਈ ਸੇਧ ਨਹੀਂ ਮਿਲੀ।

## ਜੇਤਲੀ ਵੱਲੋਂ ਕੈਪਟਨ ਨੂੰ ਭਰੋਸਾ, ਕਣਕ ਦੀ ਖਰੀਦ ਨਿਰਵਿਘਨ ਹੋਵੇਗੀ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭਰੋਸਾ ਦਿੱਤਾ ਹੈ ਕਿ ਉਹ ਰਿਜ਼ਰਵ ਬੈਂਕ ਆਫ ਇੰਡੀਆ ਨੂੰ 25 ਮਾਰਚ ਤੋਂ ਪਹਿਲਾਂ ਕਣਕ ਦੀ ਖਰੀਦ ਲਈ ਸਾਰੇ ਪ੍ਰਬੰਧ ਯਕੀਨੀ ਬਣਾਉਣ ਲਈ ਨਿਰਦੇਸ਼ ਜਾਰੀ ਕਰਨਗੇ। ਵਿੱਤ ਮੰਤਰੀ ਦੇ ਨਿਵਾਸ 'ਤੇ ਮੀਟਿੰਗ ਦੌਰਾਨ ਕੈਪਟਨ ਅਮਰਿੰਦਰ ਨੇ ਸੂਬੇ ਵਿੱਚ ਕਣਕ ਦੀ ਖਰੀਦ ਨਿਰਵਿਘਨ ਤੇ ਸਮੇਂ ਸਿਰ ਯਕੀਨੀ ਬਣਾਉਣ ਲਈ 20,683 ਕਰੋੜ ਰੁਪਏ ਦੀ ਨਕਦ ਕਰਜ਼ਾ ਹੱਦ (ਸੀਸੀਐਲ) ਤੁਰੰਤ ਜਾਰੀ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਵਿੱਤ ਮੰਤਰੀ ਨੂੰ ਦੱਸਿਆ ਕਿ ਸੀਸੀਐਲ ਬਾਰੇ ਸੂਬਾਈ ਸਰਕਾਰ ਵੱਲੋਂ ਆਰਬੀਆਈ ਨੂੰ ਪਹਿਲਾਂ ਹੀ ਪ੍ਰਸਤਾਵ ਭੇਜਿਆ ਜਾ ਚੁੱਕਾ ਹੈ। ਪਹਿਲੀ ਅਪ੍ਰੈਲ ਤੋਂ ਕਣਕ ਦੀ ਖ਼ਰੀਦ ਸ਼ੁਰੂ ਹੋਣੀ ਹੈ।



ਮੁੱਖ ਮੰਤਰੀ ਅਮਰਿੰਦਰ ਸਿੰਘ ਦਿੱਲੀ ਵਿੱਚ ਕੇਂਦਰੀ ਮੰਤਰੀ ਅਰੁਣ ਜੇਤਲੀ ਨੂੰ ਮਿਲਦੇ ਹੋਏ, ਨਾਲ ਸੂਬੇ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਹਨ।

ਮੀਟਿੰਗ ਬਾਅਦ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਦੱਸਿਆ ਕਿ ਸ੍ਰੀ ਜੇਤਲੀ ਨੇ ਮੁੱਖ ਮੰਤਰੀ ਨੂੰ ਭਰੋਸਾ ਦਿੱਤਾ ਹੈ ਕਿ ਕੇਂਦਰ ਸਰਕਾਰ ਕਣਕ ਦੀ ਖਰੀਦ ਦੌਰਾਨ ਸੂਬਾ ਸਰਕਾਰ ਨੂੰ ਪੂਰਾ ਸਹਿਯੋਗ ਦੇਵੇਗੀ ਤਾਂ ਜੋ ਕਿਸਾਨਾਂ ਨੂੰ ਕੋਈ ਵੀ ਸਮੱਸਿਆ ਨਾ ਆਵੇ। ਮੁੱਖ ਮੰਤਰੀ ਨੇ ਦੁਪਹਿਰ ਦੇ ਖਾਣੇ ਮੌਕੇ ਹੋਈ ਇਸ ਮੀਟਿੰਗ ਨੂੰ ਸਾਰਥਕ ਦੱਸਦਿਆਂ ਫੌਰੀ ਅਤੇ ਹਾਂ-ਪੱਖੀ ਹੁੰਗਾਰਾ ਦੇਣ ਲਈ ਵਿੱਤ ਮੰਤਰੀ ਦਾ ਧੰਨਵਾਦ ਕੀਤਾ। ਮੁੱਖ ਮੰਤਰੀ ਨੇ ਅਜੇ ਤੱਕ ਬਕਾਇਆ ਪਈ ਸੀਸੀਐਲ ਸਮੇਂ ਸਿਰ ਸੂਬੇ ਨੂੰ ਅਧਿਕਾਰਤ ਕਰਨ ਲਈ ਕੇਂਦਰੀ ਵਿੱਤ ਮੰਤਰਾਲੇ ਨੂੰ ਅਪੀਲ ਕੀਤੀ।

ਕੈਪਟਨ ਅਮਰਿੰਦਰ ਸਿੰਘ, ਜਿਨ੍ਹਾਂ ਕੋਲ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਵੀ ਹੈ, ਨੇ ਅਕਾਲੀ-ਭਾਜਪਾ ਗੱਠਜੋੜ ਦੀ ਪਿਛਲੀ ਸਰਕਾਰ ਵੱਲੋਂ ਕਣਕ ਦੀ ਖ਼ਰੀਦ ਨੂੰ ਅੰਤਿਮ ਰੂਪ ਦੇਣ ਲਈ ਪ੍ਰਾਪਤ ਕੀਤੇ ਲੇਬਰ ਤੇ ਟਰਾਂਸਪੋਰਟ ਦੇ ਟੈਂਡਰ ਵੀ ਰੱਦ ਕਰ ਦਿੱਤੇ ਸਨ ਅਤੇ ਇਸ ਵਾਸਤੇ ਨਵੇਂ ਸਿਰਿਓਂ ਟੈਂਡਰ ਮੰਗੇ ਹਨ। ਮੁੱਖ ਮੰਤਰੀ ਨੇ ਮੰਡੀਆਂ ਵਿਚ ਕਿਸਾਨਾਂ ਤੇ ਆੜ੍ਹਤੀਆਂ ਨੂੰ ਕੋਈ ਵੀ ਸਮੱਸਿਆ ਨਾ ਆਉਣ ਦੇਣ ਲਈ ਸਖ਼ਤ ਹੁਕਮ ਜਾਰੀ ਕੀਤੇ ਹਨ। ਪੰਜਾਬ ਮੰਡੀ ਬੋਰਡ ਨੂੰ ਮੰਡੀਆਂ ਵਿੱਚ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਕਿਸਾਨਾਂ ਨੂੰ ਨਿਰਵਿਘਨ ਤੇ ਸਮੇਂ ਸਿਰ ਭੁਗਤਾਨ ਯਕੀਨੀ ਬਣਾਉਣ ਲਈ ਵੀ ਆਖਿਆ ਗਿਆ ਹੈ। ਇਸ ਮੌਕੇ ਸੂਬੇ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਵੀ ਹਾਜ਼ਰ ਸਨ।

# ਸਰਕਾਰੀ ਖਜ਼ਾਨੇ ਰਾਹੀਂ ਆਪਣੇ ਪੁਰਾਣੇ ਸਾਥੀਆਂ ਨੂੰ ਵਿਸ਼ੇਸ਼ ਅਹੁਦਿਆਂ ਨਾਲ ਨਿਵਾਜ ਰਹੀ ਕੈਪਟਨ ਸਰਕਾਰ

ਚੰਡੀਗੜ੍ਹ/ਬਿਊਰੋ ਨਿਊਜ਼ :

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਸਹੁੰ ਚੁੱਕ ਸਮਾਗਮ ਨੂੰ ਸਾਦਾ ਰੱਖ ਕੇ ਸਰਕਾਰੀ ਫਜ਼ੂਲ ਖਰਚਿਆਂ ਵਿਚ ਕਮੀ ਲਿਆਉਣ ਦਾ ਜੋ ਐਲਾਨ ਕੀਤਾ ਸੀ, ਪਰ ਉਸ ਤੋਂ ਤੁਰੰਤ ਬਾਅਦ ਹੀ ਜਿਸ ਢੰਗ ਨਾਲ ਉਨ੍ਹਾਂ ਸਰਕਾਰੀ ਖਜ਼ਾਨੇ ਰਾਹੀਂ ਆਪਣੇ ਪੁਰਾਣੇ ਸਿਆਸੀ ਸਮਰਥਕਾਂ ਤੇ ਸ਼ੁੱਭਚਿੰਤਕਾਂ ਨੂੰ ਮੁੱਖ ਮੰਤਰੀ ਸਕੱਤਰੇਤ ਵਿਚ ਵਿਸ਼ੇਸ਼ ਅਹੁਦਿਆਂ ਨਾਲ ਨਿਵਾਜਣਾ ਸ਼ੁਰੂ ਕੀਤਾ ਹੈ, ਉਸ ਨੇ ਕਾਂਗਰਸ ਸਰਕਾਰ ਦੀ ਕਥਨੀ ਤੇ ਕਰਨੀ 'ਤੇ ਵੱਡਾ ਸੁਆਲੀਆ ਨਿਸ਼ਾਨ ਲਗਾ ਦਿੱਤਾ ਹੈ। ਮੁੱਖ ਮੰਤਰੀ ਵੱਲੋਂ ਮਗਰਲੇ 3 ਦਿਨਾਂ ਦੌਰਾਨ ਹੀ ਮੁੱਖ ਮੰਤਰੀ ਸਕੱਤਰੇਤ ਵਿਚ 15 ਗ਼ੈਰ-ਸਰਕਾਰੀ ਵਿਅਕਤੀਆਂ ਨੂੰ ਅਹਿਮ ਨਿਯੁਕਤੀਆਂ ਦਿੱਤੀਆਂ, ਜਦੋਂਕਿ ਕੁਝ ਹੋਰ ਨਿਯੁਕਤੀਆਂ ਲਈ ਅਜੇ ਪ੍ਰਕਿਰਿਆ ਜਾਰੀ ਹੈ। ਹਾਲਾਂਕਿ ਮੁੱਖ ਮੰਤਰੀ ਨਾਲ ਸਰਕਾਰੀ ਤੌਰ 'ਤੇ ਵੀ ਪ੍ਰਮੁੱਖ ਸਕੱਤਰ, ਵਿਸ਼ੇਸ਼ ਪ੍ਰਮੁੱਖ ਸਕੱਤਰ, ਡਿਪਟੀ ਪ੍ਰਮੁੱਖ ਸਕੱਤਰ, 2 ਪੀ.ਸੀ.ਐਸ. ਅਧਿਕਾਰੀ ਓ.ਐਸ.ਡੀ. ਵਜੋਂ ਨਿਯੁਕਤ ਕੀਤੇ ਗਏ ਹਨ ਅਤੇ ਇਕ ਡੀ.ਆਈ.ਜੀ. ਤੇ 3-4 ਐਸ.ਪੀ. ਰੈਂਕ ਦੇ ਅਧਿਕਾਰੀਆਂ ਤੋਂ ਇਲਾਵਾ ਡਾਕਟਰਾਂ ਦੀ ਟੀਮ ਅਤੇ ਲੋਕ ਸੰਪਰਕ ਵਿਭਾਗ ਵੱਲੋਂ ਐਡੀਸ਼ਨਲ ਡਾਇਰੈਕਟਰ ਦੀ ਅਗਵਾਈ ਵਿਚ ਅਫ਼ਸਰਾਂ ਦੀ ਇਕ ਟੀਮ ਨਿਯੁਕਤ ਹੈ। ਨਵੇਂ ਨਿਯੁਕਤ ਕੀਤੇ ਗੈਰ-ਸਰਕਾਰੀ ਵਿਅਕਤੀਆਂ ਵਿਚ 4 ਸਲਾਹਕਾਰਾਂ ਵਿਚੋਂ ਮੁੱਖ ਮੰਤਰੀ ਦੇ ਫੌਜ ਵਿਚ ਭਰਤੀ ਹੋਣ ਮੌਕੇ ਰਹੇ ਬੈਚ ਦੇ ਸਾਥੀ ਤੇ ਪੁਰਾਣੇ ਦੋਸਤ ਜਨਰਲ ਟੀ.ਐਸ. ਸ਼ੇਰਗਿੱਲ ਜਿਨ੍ਹਾਂ ਨੂੰ ਕੈਬਨਿਟ ਦਾ ਦਰਜਾ ਦਿੱਤਾ ਗਿਆ ਹੈ, ਜਦੋਂਕਿ ਸ. ਭਰਤ ਇੰਦਰ ਸਿੰਘ ਚਾਹਲ ਅਤੇ ਸ੍ਰੀ ਰਵੀਨ ਠੁਕਰਾਲ ਨੂੰ ਰਾਜ ਮੰਤਰੀ ਦਾ ਦਰਜਾ ਦਿੱਤਾ ਗਿਆ ਹੈ ਅਤੇ ਸ੍ਰੀ ਖੂਬੀ ਰਾਮ ਨੂੰ ਸੁਰੱਖਿਆ ਸਲਾਹਕਾਰ ਵਜੋਂ ਨਿਯੁਕਤੀ ਦਿੱਤੀ ਗਈ ਹੈ। ਇਕ ਸੇਵਾ-ਮੁਕਤ ਅਧਿਕਾਰੀ ਨੂੰ ਕੌਮੀ ਕੈਬਨਿਟ ਸਕੱਤਰ ਦੇ ਰੈਂਕ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਤੇ ਇਕ ਸੇਵਾ-ਮੁਕਤ ਪੀ.ਸੀ.ਐਸ. ਅਧਿਕਾਰੀ ਨੂੰ ਮੁੱਖ ਮੰਤਰੀ ਦਾ ਸਕੱਤਰ ਅਤੇ ਇਕ ਸਾਬਕਾ ਪੱਤਰਕਾਰ ਨੂੰ ਮੁੱਖ ਮੰਤਰੀ ਦਾ ਪ੍ਰੈੱਸ ਸਕੱਤਰ ਨਿਯੁਕਤ ਕੀਤਾ ਗਿਆ ਹੈ, ਜਦੋਂਕਿ ਉਨ੍ਹਾਂ ਨਾਲ 5 ਗ਼ੈਰ-ਸਰਕਾਰੀ ਵਿਅਕਤੀਆਂ ਗੁਰਪ੍ਰੀਤ ਸਿੰਘ ਸੋਨੂੰ ਢੇਸੀ, ਜਗਦੀਪ ਸਿੰਘ ਸਿੱਧੂ, ਸੰਦੀਪ ਸਿੰਘ ਬਰਾੜ, ਦਮਨਜੀਤ ਸਿੰਘ ਮੋਹੀ ਅਤੇ ਅੰਕਤ ਬਾਂਸਲ ਨੂੰ ਓ.ਐਸ.ਡੀ. ਵਜੋਂ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਅਕਾਲੀ-ਭਾਜਪਾ ਸਰਕਾਰ ਵੱਲੋਂ ਸਲਾਹਕਾਰਾਂ ਲਈ ਤਨਖਾਹ 50 ਹਜ਼ਾਰ ਰੁਪਏ ਮਹੀਨਾ ਰੱਖੀ ਹੋਈ ਸੀ, ਜਦੋਂਕਿ ਮੌਜੂਦਾ ਸਰਕਾਰ ਵੱਲੋਂ ਨਿਯੁਕਤ ਕੀਤੇ ਵਿਅਕਤੀਆਂ ਲਈ ਸੇਵਾ ਸ਼ਰਤਾਂ ਨੂੰ ਅਜੇ ਐਲਾਨਿਆ ਜਾਣਾ ਹੈ। ਪਰ ਸਰਕਾਰੀ ਅਧਿਕਾਰੀਆਂ ਦਾ ਦੱਸਣਾ ਹੈ ਕਿ ਇਨ੍ਹਾਂ ਸਾਰੇ ਨਿਯੁਕਤ ਕੀਤੇ ਗਏ ਗ਼ੈਰ-ਸਰਕਾਰੀ ਵਿਅਕਤੀਆਂ ਦੀਆਂ ਤਨਖਾਹਾਂ, ਰਿਹਾਇਸ਼ਾਂ, ਸਹਾਇਕ ਸਟਾਫ਼, ਸੁਰੱਖਿਆ ਅਮਲੇ, ਕਾਰਾਂ ਤੇ ਤੇਲ ਤੋਂ ਇਲਾਵਾ ਟੀ.ਏ. ਡੀ.ਏ. ਤੇ ਰਾਜ ਸਰਕਾਰ ਨੂੰ ਸਾਲਾਨਾ ਕੋਈ 10 ਤੋਂ 15 ਕਰੋੜ ਰੁਪਏ ਖਰਚਣੇ ਪੈਣਗੇ, ਜਦੋਂਕਿ ਰਾਜ ਦਾ ਖਜ਼ਾਨਾ ਪਹਿਲਾਂ ਹੀ ਵੱਡੇ ਦਬਾਅ ਹੇਠ ਹੈ ਅਤੇ ਸਰਕਾਰ ਲਈ ਜ਼ਰੂਰੀ ਖਰਚਿਆਂ ਲਈ ਅਦਾਇਗੀਆਂ ਕਰਨੀਆਂ ਮੁਸ਼ਕਲ ਬਣੀਆਂ ਹੋਈਆਂ ਹਨ। ਇਸੇ ਤਰ੍ਹਾਂ ਮੁੱਖ ਮੰਤਰੀ ਦੀ ਸਲਾਹ 'ਤੇ ਰਾਜ ਦੇ ਮੁੱਖ ਸਕੱਤਰ ਵੱਲੋਂ ਮੰਤਰੀਆਂ ਨੂੰ ਕੋਠੀਆਂ ਦੀ ਅਲਾਟਮੈਂਟ ਸਬੰਧੀ ਜੋ ਹੁਕਮ ਜਾਰੀ ਕੀਤੇ ਗਏ ਹਨ, ਉਸ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮੰਤਰੀਆਂ ਵਾਲੀਆਂ 4 ਕੋਠੀਆਂ ਅਲਾਟ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ

ਬਾਕੀ ਸਫ਼ਾ 32 'ਤੇ

### ਸੋਨੂੰ, ਜਗਦੀਪ, ਸੰਦੀਪ, ਦਮਨਜੀਤ ਤੇ ਅੰਕਿਤ ਬਾਂਸਲ ਓ.ਐਸ.ਡੀ. ਨਿਯੁਕਤ

**ਚੰਡੀਗੜ੍ਹ :** ਪੰਜਾਬ ਸਰਕਾਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ 5 ਵਿਸ਼ੇਸ਼ ਕਾਰਜ ਅਫ਼ਸਰ (ਓ.ਐਸ.ਡੀ.) ਨਿਯੁਕਤ ਕਰਨ ਨੂੰ ਪ੍ਰਵਾਨਗੀ ਦਿੱਤੀ ਹੈ। ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਸੋਨੂੰ ਢੇਸੀ, ਜਗਦੀਪ ਸਿੰਘ ਸਿੱਧੂ, ਸੰਦੀਪ ਸਿੰਘ ਬਰਾੜ, ਦਮਨਜੀਤ ਸਿੰਘ ਮੋਹੀ ਅਤੇ ਅੰਕਿਤ ਬਾਂਸਲ ਨੂੰ ਮੁੱਖ ਮੰਤਰੀ ਦਾ ਓ.ਐਸ.ਡੀ. ਨਿਯੁਕਤ ਕੀਤਾ ਹੈ। ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਨਿਯੁਕਤੀਆਂ ਬਾਰੇ ਸੇਵਾ-ਸ਼ਰਤਾਂ ਨੂੰ ਛੇਤੀ ਅੰਤਿਮ ਰੂਪ ਦਿੱਤਾ ਜਾਵੇਗਾ।









# ਦਹਾਕੇ ਮਗਰੋਂ ਪੰਜਾਬ ਵਿਧਾਨ ਸਭਾ ਦੀ ਬਦਲੀ ਬਦਲੀ ਰਹੀ ਫ਼ਿਜ਼ਾ

## 'ਆਪ' ਦੇ ਜ਼ਿਆਦਾਤਰ ਮੈਂਬਰਾਂ ਨੇ ਹਾਕਮ ਧਿਰ ਨਾਲ ਮਿਲਣ ਤੋਂ ਕੰਨੀ ਹੀ ਵੱਟੀ ਰੱਖੀ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿੱਚ ਇੱਕ ਦਹਾਕੇ ਮਗਰੋਂ ਹੋਏ ਸੱਤਾ ਪਰਿਵਰਤਨ ਕਾਰਨ ਵਿਧਾਨ ਸਭਾ ਦਾ ਮਾਹੌਲ ਪੂਰੀ ਤਰ੍ਹਾਂ ਬਦਲ ਗਿਆ ਹੈ। ਦਸ ਸਾਲ ਵਿਰੋਧੀ ਧਿਰ ਵਿਚ ਬੈਠਣ ਤੋਂ ਬਾਅਦ ਕਾਂਗਰਸੀ ਵਿਧਾਇਕ ਜਿੱਥੇ ਬੁਲੰਦ ਹੌਸਲੇ ਵਿੱਚ ਹਨ, ਉਥੇ ਮੁੱਖ ਵਿਰੋਧੀ ਧਿਰ ਦੇ ਰੁਤਬੇ ਤੋਂ ਵੀ ਖੁੰਝੇ ਅਕਾਲੀਆਂ ਦਾ ਜੋਸ਼ ਮੱਠਾ ਪਿਆ ਹੋਇਆ ਹੈ। ਪੰਜਾਬ ਵਿਧਾਨ ਸਭਾ ਦੀ ਦਹਿਲੀਜ਼ ਪਹਿਲੀ ਵਾਰੀ ਪਾਰ ਕਰਨ ਵਾਲੀ ਆਮ ਆਦਮੀ ਪਾਰਟੀ (ਆਪ) ਦੇ 19 ਵਿਧਾਇਕਾਂ ਨੂੰ ਵਿਧਾਨ ਸਭਾ ਅੰਦਰਲਾ ਦ੍ਰਿਸ਼ ਸਭ ਤੋਂ ਓਪਰਾ ਲੱਗਿਆ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਵਿਧਾਇਕ ਦਲ ਦੇ ਨੇਤਾ ਸੁਖਬੀਰ ਸਿੰਘ ਬਾਦਲ ਨੇ 15ਵੀਂ ਵਿਧਾਨ ਸਭਾ ਦੇ ਪਲੇਠੇ ਸਮਾਗਮ ਵਿੱਚ ਹਾਜ਼ਰੀ ਨਹੀਂ ਭਰੀ। ਵੱਡੇ ਬਾਦਲ ਬਾਰੇ ਇਸ ਤੋਂ ਪਹਿਲਾਂ ਇਹੋ ਪ੍ਰਭਾਵ ਸੀ ਕਿ ਬਜ਼ੁਰਗ ਸਿਆਸਤਦਾਨ ਵਿਧਾਨ ਸਭਾ ਦੇ ਸੈਸ਼ਨ ਵਿਚ ਆਮ ਤੌਰ 'ਤੇ ਬਿਨਾਂ ਕਿਸੇ ਵੱਡੇ ਕਾਰਨ ਦੇ ਗੈਰਹਾਜ਼ਰ ਨਹੀਂ ਹੁੰਦੇ। ਇੱਕ ਦਹਾਕਾ ਸੱਤਾ ਦਾ ਆਨੰਦ ਮਾਣਨ ਤੋਂ ਬਾਅਦ ਅਕਾਲੀ ਦਲ ਨੂੰ ਮੁੱਖ ਵਿਰੋਧੀ ਧਿਰ ਦਾ ਰੁਤਬਾ ਨਾ ਮਿਲਣ ਕਰ ਕੇ ਵੀ ਬਾਦਲਾਂ ਲਈ ਸਦਨ ਵਿੱਚ ਬੈਠਣਾ ਚੁਣੌਤੀ ਭਰਿਆ ਕਾਰਜ ਬਣ ਗਿਆ ਹੈ। ਉਂਜ ਅਕਾਲੀ ਦਲ ਦੇ ਬਹੁਗਿਣਤੀ ਮੈਂਬਰ ਮੁੱਖ ਮੰਤਰੀ ਅਤੇ ਸਦਨ ਦੇ ਨੇਤਾ ਕੈਪਟਨ ਅਮਰਿੰਦਰ ਸਿੰਘ ਨੂੰ ਗਰਮਜੋਸ਼ੀ ਨਾਲ ਮਿਲੇ ਜਦਕਿ 'ਆਪ' ਦੇ ਜ਼ਿਆਦਾਤਰ ਮੈਂਬਰਾਂ ਨੇ ਹਾਕਮ ਧਿਰ ਨਾਲ ਮਿਲਣ ਤੋਂ ਕੰਨੀ ਹੀ ਵੱਟੀ ਰੱਖੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਵਾ ਕੁ ਤਿੰਨ ਵਜੇ ਜਦੋਂ ਸਦਨ ਵਿੱਚੋਂ ਬਾਹਰ ਚਲੇ ਗਏ ਤਾਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਮੁੱਖ ਮੰਤਰੀ ਦੀ ਸੀਟ 'ਤੇ ਬੈਠ ਗਏ ਅਤੇ ਕਾਂਗਰਸੀ ਮੈਂਬਰਾਂ ਨੂੰ ਮੁੱਖ ਮੰਤਰੀ ਵਾਂਗ ਮਿਲੇ। ਸ੍ਰੀ ਸਿੱਧੂ ਦੀ ਇਸ ਕਾਰਵਾਈ ਦਾ ਵਿਧਾਨ ਸਭਾ ਦੇ ਸਟਾਫ਼ ਨੇ ਨੋਟਿਸ ਲੈਂਦਿਆਂ ਮੁੱਖ ਮੰਤਰੀ ਦੀ ਸੀਟ ਤੋਂ ਉੱਠਣ ਦਾ ਇਸ਼ਾਰਾ ਕੀਤਾ। ਉਪਰੰਤ ਸ੍ਰੀ ਸਿੱਧੂ ਆਪਣੀ ਸੀਟ 'ਤੇ ਬੈਠ ਕੇ ਕਾਂਗਰਸੀ ਮੈਂਬਰਾਂ ਨੂੰ 'ਅਸ਼ੀਰਵਾਦ' ਦਿੰਦੇ ਰਹੇ। ਲੋਕ ਹਿੱਤ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਸਦਨ ਵਿੱਚ ਨਵਜੋਤ ਸਿੰਘ ਸਿੱਧੂ ਨੂੰ ਗਲਵੱਕੜੀ ਪਾ ਕੇ ਮਿਲੇ। ਕੋਟਕਪੂਰਾ ਤੋਂ 'ਆਪ' ਵਿਧਾਇਕ ਕੁਲਤਾਰ ਸਿੰਘ ਇਕਲੌਤੇ ਵਿਧਾਇਕ ਸਨ ਜੋ ਸਦਨ ਦੀਆਂ ਪੌੜੀਆਂ ਵਿੱਚ ਨਤਮਸਤਕ ਹੋਏ। ਗਿੱਦੜਬਾਹਾ ਤੋਂ ਕਾਂਗਰਸੀ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਪੌੜੀਆਂ ਚੜ੍ਹਨ ਤੋਂ ਪਹਿਲਾਂ ਜੁੱਤੀ ਲਾਹ ਕੇ ਸਹੁੰ ਚੁੱਕਣ ਗਏ। ਅਕਾਲੀ ਮੈਂਬਰ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ 'ਆਪ' ਦੇ ਪ੍ਰਮੁੱਖ ਆਗੂਆਂ ਨੂੰ ਨਿੱਘ ਨਾਲ ਮਿਲੇ। ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬੀ, ਅਰੁਣਾ ਚੌਧਰੀ ਨੇ ਅੰਗਰੇਜ਼ੀ ਅਤੇ ਦਿਨੇਸ਼ ਸਿੰਘ ਬੱਬੂ ਨੇ ਹਿੰਦੀ ਭਾਸ਼ਾ ਵਿੱਚ ਹਲਫ਼ ਲਿਆ। ਮਦਨ ਲਾਲ ਜਲਾਲਪੁਰ ਵਿਧਾਇਕੀ ਦੇ ਸਰਟੀਫਿਕੇਟ ਨੂੰ ਫਰੇਮ ਵਿਚ ਮੜ੍ਹਾ ਕੇ ਲਿਆਏ।

ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਵਿੱਚ ਐਤਕੀਂ ਵੱਡੀ ਗਿਣਤੀ ਪਹਿਲੀ ਵਾਰੀ ਚੁਣੇ ਵਿਧਾਇਕਾਂ ਦੀ ਹੈ ਅਤੇ ਇਨਾਂ ਵਿੱਚ ਨੌਜਵਾਨਾਂ ਦੀ ਵੀ ਚੋਖੀ ਗਿਣਤੀ ਹੈ। ਆਪਣੇ ਪੁੱਤਾਂ ਨੂੰ ਵਿਧਾਇਕ ਵਜੋਂ ਸਹੁੰ ਚੁੱਕਦਾ ਦੇਖਣ ਲਈ ਮਾਪੇ ਵੀ ਪਹੁੰਚੇ। ਸਾਬਕਾ ਮੰਤਰੀ ਲਾਲ ਸਿੰਘ, ਸਾਬਕਾ ਵਿਧਾਇਕਾ ਗੁਰਕੰਵਲ ਕੌਰ ਬਬਲੀ ਇਨਾਂ ਵਿੱਚ ਪ੍ਰਮੁੱਖ ਸਨ। ਭੀੜ ਜ਼ਿਆਦਾ ਹੋਣ ਕਾਰਨ ਗਵਰਨਰ ਗੈਲਰੀ ਖਚਾਖਚ ਭਰੀ ਹੋਈ ਸੀ ਤੇ ਸਾਬਕਾ ਵਿਧਾਇਕ ਮੁਹੰਮਦ ਸਦੀਕ ਸਮੇਤ ਕਈ ਆਗੂ ਬਿਨਾਂ ਕੁਰਸੀ ਤੋਂ ਹੀ ਦੀਵਾਰ ਦਾ ਆਸਰਾ ਲਾਈ ਬੈਠੇ ਸਨ। ਸਜੇ ਫੱਬੇ ਨੌਜਵਾਨ ਵਿਧਾਇਕ ਇਸ ਮੌਕੇ ਖਿੱਚ ਦਾ ਕੇਂਦਰ ਸਨ।



ਆਰਜ਼ੀ ਸਪੀਕਰ ਰਾਣਾ ਕੇ.ਪੀ.ਸਿੰਘ ਤੇ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਸਿੰਘ ਪੰਜਾਬ ਵਿਧਾਨ ਸਭਾ ਵਿੱਚ ਪੁੱਜਣ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਗੁਲਦਸਤੇ ਨਾਲ ਸਵਾਗਤ ਕਰਦੇ ਹੋਏ।

### ਕੈਪਟਨ ਸਮੇਤ ਕਾਂਗਰਸ, 'ਆਪ' ਤੇ ਅਕਾਲੀ ਵਿਧਾਇਕਾਂ ਨੇ ਸਹੁੰ ਚੁੱਕੀ

ਪੰਜਾਬ ਵਿਧਾਨ ਸਭਾ ਦੇ ਪ੍ਰੋਟੈਮ ਸਪੀਕਰ ਰਾਣਾ ਕੇ.ਪੀ. ਸਿੰਘ ਨੇ 15ਵੀਂ ਵਿਧਾਨ ਸਭਾ ਦੇ ਪਲੇਠੇ ਸਮਾਗਮ ਦੇ ਪਹਿਲੇ ਦਿਨ ਵਿਧਾਇਕਾਂ ਨੂੰ ਹਲਫ਼ ਦਿਵਾਇਆ। ਸਭ ਤੋਂ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਇਕ ਵਜੋਂ ਸਹੁੰ ਚੁੱਕੀ। ਉਸ ਤੋਂ ਬਾਅਦ ਸਾਰੇ ਮੰਤਰੀਆਂ, ਫਿਰ ਵਿਰੋਧੀ ਧਿਰ ਦੇ ਨੇਤਾ ਐਚ.ਐਸ. ਫੂਲਕਾ ਤੇ ਅੰਤ ਵਿੱਚ ਸਾਰੀਆਂ ਮਹਿਲਾ ਮੈਂਬਰਾਂ ਨੇ ਸਹੁੰ ਚੁੱਕੀ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਅਕਾਲੀ ਦਲ ਵਿਧਾਇਕ ਦਲ ਦੇ ਨੇਤਾ ਸੁਖਬੀਰ ਸਿੰਘ ਬਾਦਲ ਸਦਨ ਵਿੱਚੋਂ ਗ਼ੈਰਹਾਜ਼ਰ ਹੋਣ ਕਾਰਨ ਸਹੁੰ ਨਹੀਂ ਚੁੱਕ ਸਕੇ। ਦੋਵਾਂ ਆਗੂਆਂ ਵੱਲੋਂ ਸੋਮਵਾਰ ਦੇ ਸਮਾਗਮ ਵਿੱਚ ਹਾਜ਼ਰੀ ਭਰੇ ਜਾਣ ਦੀ ਸੰਭਾਵਨਾ ਹੈ। ਵਿਧਾਨ ਸਭਾ ਸਪੀਕਰ ਦੀ ਚੋਣ 27 ਮਾਰਚ ਨੂੰ ਹੋਵੇਗੀ ਤੇ ਕਾਂਗਰਸ ਕੋਲ ਦੋ ਤਿਹਾਈ ਬਹੁਮਤ ਹੋਣ ਸਦਕਾ ਰਾਣਾ ਕੇ.ਪੀ.ਸਿੰਘ ਦੀ ਇਸ ਅਹੁਦੇ ਲਈ ਚੋਣ ਲਗਭਗ ਯਕੀਨੀ ਹੈ। ਰਾਜਪਾਲ ਵੀ.ਪੀ. ਸਿੰਘ ਬਦਨੌਰ 28 ਮਾਰਚ ਨੂੰ ਸਦਨ ਨੂੰ ਸੰਬੋਧਨ ਕਰਨਗੇ ਜਦਕਿ ਅਗਲੇ ਦਿਨ 29 ਮਾਰਚ ਨੂੰ ਰਾਜਪਾਲ ਦੇ ਭਾਸ਼ਨ 'ਤੇ ਬਹਿਸ ਤੇ ਲੇਖਾ ਅਨੁਦਾਨ ਪੇਸ਼ ਕੀਤਾ ਜਾਵੇਗਾ।

## ਹਾਰ ਮਗਰੋਂ 'ਆਪ' ਨੂੰ ਚੇਤੇ ਆਏ ਨਿਯਮ, ਸੰਵਿਧਾਨ ਮੁਤਾਬਕ ਹੋਵੇਗੀ ਪੰਜਾਬ ਦੀ ਕਾਰਜਕਾਰਨੀ

**ਚੰਡੀਗੜ੍ਹ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ (ਆਪ) ਨੂੰ ਪੰਜਾਬ ਵਿੱਚ ਹਾਰ ਤੋਂ ਬਾਅਦ ਸੰਵਿਧਾਨ ਚੇਤੇ ਆਉਣ ਲੱਗਾ ਹੈ। 'ਆਪ' ਦੇ ਸਮੂਹ ਜਿੱਤੇ ਅਤੇ ਹਾਰੇ ਉਮੀਦਵਾਰਾਂ ਦੀ ਹੋਈ ਮੀਟਿੰਗ ਵਿਚ ਹਾਰ ਦੇ ਕਾਰਨਾਂ ਦਾ ਮੰਥਨ ਕਰਨ ਤੋਂ ਬਾਅਦ ਫੈਸਲਾ ਕੀਤਾ ਗਿਆ ਹੈ ਕਿ ਹੁਣ ਪੰਜਾਬ ਦੀ ਕਾਰਜਕਾਰਨੀ ਸੰਵਿਧਾਨ ਮੁਤਾਬਕ ਹੀ ਬਣਾਈ ਜਾਵੇਗੀ। ਜਦੋਂ ਤੱਕ 'ਆਪ' ਦੀ ਪੰਜਾਬ ਦੀ ਬਾਡੀ ਪਾਰਟੀ ਸੰਵਿਧਾਨ ਅਨੁਸਾਰ ਨਹੀਂ ਬਣਦੀ, ਉਦੋਂ ਤੱਕ ਚੋਣ ਪ੍ਰਚਾਰ ਕਮੇਟੀ ਪਾਰਟੀ ਦੀਆਂ ਸਰਗਰਮੀਆਂ ਚਲਾਵੇਗੀ। ਇਸ ਕਮੇਟੀ ਦੀ ਅਗਵਾਈ ਸੰਸਦ ਮੈਂਬਰ ਭਗਵੰਤ ਮਾਨ ਦੇ ਹੱਥ ਹੈ, ਜਿਸ ਵਿਚ ਵਿਧਾਇਕ ਸੁਖਪਾਲ ਸਿੰਘ ਖਹਿਰਾ, ਕੰਵਰ ਸੰਧੂ, ਪ੍ਰੋ. ਬਲਜਿੰਦਰ ਕੌਰ, ਕੁਲਤਾਰ ਸਿੰਘ ਸੰਧਵਾਂ, ਅਮਨ ਅਰੋੜਾ ਅਤੇ ਯੂਥ ਵਿੰਗ ਦੇ ਪ੍ਰਧਾਨ ਹਰਜੋਤ ਸਿੰਘ ਬੈਂਸ ਤੇ ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਸ਼ਾਮਲ ਹਨ।

ਸੂਤਰਾਂ ਅਨੁਸਾਰ ਸਮੂਹ ਜਿੱਤੇ ਤੇ ਹਾਰੇ ਉਮੀਦਵਾਰਾਂ ਦੀ ਮੀਟਿੰਗ ਦੌਰਾਨ ਅਹਿਮ ਫੈਸਲਾ ਕੀਤਾ ਗਿਆ ਕਿ ਪੰਜਾਬ ਇਕਾਈ ਨੂੰ ਹੁਣ ਸੰਵਿਧਾਨ ਅਨੁਸਾਰ ਹੀ ਬਣਾਇਆ ਜਾਵੇਗਾ। ਇਸ ਤਹਿਤ ਲੋਕ ਸਭਾ ਹਲਕਿਆਂ 'ਤੇ ਆਧਾਰਤ ਜ਼ੋਨਲ ਨੂੰ ਇੰਚਾਰਜਾਂ ਨੂੰ ਹਟਾ ਕੇ ਜ਼ਿਲ੍ਹਾ ਪੱਧਰੀ ਕਮੇਟੀਆਂ ਬਣਾਈਆਂ ਜਾਣਗੀਆਂ। ਫਿਰ ਬਾਕਾਇਦਾ ਸੂਬਾਈ ਬਾਡੀ ਦੀ ਚੋਣ ਹੋਵੇਗੀ। ਮੀਟਿੰਗ ਵਿਚ ਹਾਰ ਦੇ ਹੋਰ ਕਾਰਨਾਂ ਦੇ ਨਾਲ ਇਕ ਆਗੂ ਨੇ ਰੋਚਕ ਪੱਖ ਰੱਖਦਿਆਂ ਕਿਹਾ ਕਿ ਪਾਰਟੀ ਵਲੋਂ ਨਸ਼ਿਆਂ ਵਿਰੁੱਧ 'ਲੋੜੋਂ ਵੱਧ ਪ੍ਰਚਾਰ' ਕਰਨ ਕਾਰਨ ਡੋਡਿਆਂ ਦੇ ਸ਼ੌਕੀਨ ਵੀ ਪਾਰਟੀ ਖ਼ਿਲਾਫ਼ ਹੋ ਗਏ। ਮਜ਼ੇਦਾਰ ਗੱਲ ਇਹ ਹੈ ਕਿ ਮੀਟਿੰਗ ਵਿਚ ਪੰਜਾਬ ਇਕਾਈ ਦੇ ਇੰਚਾਰਜ

ਬਾਕੀ ਸਫ਼ਾ 32 'ਤੇ

## ਬਾਦਲਾਂ ਵਲੋਂ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਦਾ ਵਿਰੋਧ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੈਪਟਨ ਸਰਕਾਰ ਵੱਲੋਂ ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਲਈ ਲਿਆਂਦੇ ਜਾ ਰਹੇ ਕਾਨੂੰਨ ਦਾ ਵਿਰੋਧ ਕਰਦਿਆਂ ਇਸ ਨੂੰ ਬੇਲੋੜਾ ਕਰਾਰ ਦਿੱਤਾ ਹੈ। ਵਿਧਾਨ ਸਭਾ ਵਿੱਚ ਉਨ੍ਹਾਂ ਕਿਹਾ ਕਿ ਜਦੋਂ ਅਦਾਲਤ ਵੱਲੋਂ ਹੀ ਇਨ੍ਹਾਂ ਨਿਯੁਕਤੀਆਂ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਜਾ ਚੁੱਕਾ ਹੈ ਤਾਂ ਸਰਕਾਰ ਨੂੰ ਇਨ੍ਹਾਂ ਲਈ ਚੋਰ ਮੋਰੀਆਂ ਨਹੀਂ ਲੱਭਣੀਆਂ ਚਾਹੀਦੀਆਂ। ਸ੍ਰੀ ਬਾਦਲ ਨੇ ਕਿਹਾ ਕਿ ਅਕਾਲੀ ਦਲ ਇਸ ਬਿਲ ਦਾ ਵਿਰੋਧ ਕਰੇਗਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਦਾ ਵਿਰੋਧ ਕੀਤਾ। ਦੋਵਾਂ ਬਾਦਲਾਂ ਨੇ ਇੱਥੇ ਵਿਧਾਨ ਸਭਾ ਅੰਦਰ ਸਪੀਕਰ ਰਾਣਾ ਕੇਪੀ ਸਿੰਘ ਦੇ ਚੈਂਬਰ ਵਿੱਚ ਵਿਧਾਇਕ ਵਜੋਂ ਸਹੁੰ ਚੁੱਕੀ। ਇਸ ਮੌਕੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਚੋਟ ਲੱਗੀ ਹੋਣ ਕਾਰਨ ਉਹ ਵਿਧਾਨ ਸਭਾ ਸੈਸ਼ਨ ਵਿੱਚ ਸ਼ਮੂਲੀਅਤ ਨਹੀਂ ਕਰ ਸਕਦੇ। ਛੋਟੇ ਬਾਦਲ ਨੇ ਕਿਹਾ ਕਿ ਉਹ ਵਿਧਾਨ ਸਭਾ ਸੈਸ਼ਨ ਵਿੱਚ ਆਉਂਦੇ ਦਿਨਾਂ ਦੌਰਾਨ ਹਾਜ਼ਰੀ ਭਰਨਗੇ।

ਦੋਵੇਂ ਬਾਦਲਾਂ ਨੇ ਇੱਕੋ ਸੁਰ ਵਿੱਚ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ ਸਾਸ਼ਨ ਦੌਰਾਨ ਮਾਮੂਲੀ ਘਟਨਾ ਵਾਪਰਨ 'ਤੇ ਕਾਂਗਰਸ ਵੱਲੋਂ ਹੋ ਹੱਲਾ ਮਚਾਇਆ ਜਾਂਦਾ ਸੀ ਹੁਣ ਜੇਲ੍ਹਾਂ ਵਿੱਚ ਹੀ ਦੰਗੇ ਹੋ ਰਹੇ ਹਨ ਤੇ ਬੇਅਦਬੀ ਦੀਆਂ ਘਟਨਾਵਾਂ ਵੀ ਵਾਪਰ ਰਹੀਆਂ ਹਨ। ਉਨ੍ਹਾਂ ਨੇ ਕਾਂਗਰਸੀ ਨੇਤਾਵਾਂ ਵੱਲੋਂ ਟਰੱਕ ਯੂਨੀਅਨਾਂ 'ਤੇ ਕਬਜ਼ੇ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਹੇਠਲੇ ਪੱਧਰ 'ਤੇ ਕਾਨੂੰਨ ਵਿਵਸਥਾ ਦੀ ਹਾਲਤ ਪੂਰੀ ਤਰ੍ਹਾਂ ਵਿਗੜੀ ਹੋਈ ਹੈ। ਉਨ੍ਹਾਂ ਕਿਹਾ ਕਿ ਹਰ ਪਾਰਟੀ ਦੇ ਚੋਣ ਮਨੋਰਥ ਪੱਤਰ ਸਬੰਧੀ ਕਾਨੂੰਨ ਬਣਾਉਣਾ ਚਾਹੀਦਾ ਹੈ ਤਾਂ ਕਿ ਉਹ ਪਾਰਟੀ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਭੱਜ ਨਾ ਸਕੇ। ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕੁਝ ਸਮਾਂ ਕਾਂਗਰਸ ਸਰਕਾਰ ਦੇ ਕੰਮ ਕਾਰ ਦੇਖੇਗਾ ਤੇ ਬੇਲੋੜਾ ਵਿਰੋਧ ਨਹੀਂ ਕਰੇਗਾ ਤਾਂ ਕਿ ਆਮ ਜਨਤਾ ਨਾਲ ਕੀਤੇ ਵਾਅਦੇ ਪੂਰੇ ਹੋ ਸਕਣ।

# ਮੰਗ ਪੂਰੀ ਨਾ ਹੋਣ 'ਤੇ 'ਆਪ' ਵਿਧਾਇਕਾਂ ਨੇ ਵਿਧਾਨ ਸਭਾ 'ਚੋਂ ਕੀਤਾ ਵਾਕਆਊਟ

- ਰਾਣਾ ਕੇ.ਪੀ. ਸਿੰਘ ਸਰਬਸੰਮਤੀ ਨਾਲ ਸਪੀਕਰ ਬਣੇ
- ਬਾਦਲ ਪਿਓ-ਪੁੱਤ ਨੇ ਸਪੀਕਰ ਦੇ ਚੈਂਬਰ ਵਿਚ ਚੁੱਕੀ ਸਹੁੰ



'ਆਪ' ਦੇ ਵਿਧਾਇਕ ਵਿਧਾਨ ਸਭਾ ਸੈਸ਼ਨ 'ਚੋਂ ਵਾਕਆਊਟ ਕਰਨ ਮਗਰੋਂ ਰੋਸ ਮੁਜ਼ਾਹਰਾ ਕਰਦੇ ਹੋਏ। (ਇਨਸੈੱਟ: ਰਾਣਾ ਕੇ.ਪੀ. ਸਿੰਘ)

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕਾਂ ਨੇ ਰਾਜਪਾਲ ਦੇ ਭਾਸ਼ਣ 'ਤੇ ਬਹਿਸ ਦੀ ਮੰਗ ਕਰਦਿਆਂ ਭਾਰੀ ਸ਼ੋਰ-ਸ਼ਰਾਬਾ ਕੀਤਾ ਅਤੇ ਸਪੀਕਰ ਦੀ ਚੋਣ ਦੌਰਾਨ ਸਦਨ ਦੀ ਕਾਰਵਾਈ ਦਾ ਬਾਈਕਾਟ ਵੀ ਕੀਤਾ। 'ਆਪ' ਵਿਧਾਇਕਾਂ ਦੇ ਸ਼ੋਰ-ਸ਼ਰਾਬੇ ਦੌਰਾਨ ਹੀ ਸਦਨ ਦੇ ਨੇਤਾ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਣਾ ਕੇ.ਪੀ. ਸਿੰਘ ਨੂੰ ਸਪੀਕਰ ਚੁਣੇ ਜਾਣ ਦਾ ਮਤਾ ਰੱਖਿਆ ਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਇਸ ਦੀ ਤਾਈਦ ਕੀਤੀ। ਨਾਅਰੇਬਾਜ਼ੀ ਦੌਰਾਨ ਹੀ ਰਾਣਾ ਕੇ.ਪੀ. ਸਿੰਘ ਨੇ ਸਪੀਕਰ ਦੀ ਚੋਣ 'ਸਰਬਸੰਮਤੀ' ਨਾਲ ਹੋਣ ਦਾ ਐਲਾਨ ਕਰ ਦਿੱਤਾ।

ਸਦਨ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਵਿਰੋਧੀ ਧਿਰ ਦੇ ਨੇਤਾ ਐਚ.ਐਸ. ਫੂਲਕਾ ਨੇ ਨਿਯਮਾਂ ਤੇ ਕਾਨੂੰਨ ਦਾ ਹਵਾਲਾ ਦਿੰਦਿਆਂ ਰਾਜਪਾਲ ਵੱਲੋਂ ਸਦਨ ਵਿੱਚ ਦਿੱਤੇ ਜਾਣ ਵਾਲੇ ਭਾਸ਼ਣ ਤੋਂ ਬਾਅਦ ਇਸ ਉਤੇ ਬਹਿਸ ਦੀ ਮੰਗ ਕੀਤੀ। ਉਨ੍ਹਾਂ ਹਾਕਮ ਧਿਰ 'ਤੇ ਵਿਰੋਧੀ ਧਿਰ ਦੀ ਆਵਾਜ਼ ਦਬਾਉਣ ਦੇ ਦੋਸ਼ ਲਾਏ। 'ਆਪ' ਦੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਨਸ਼ਿਆਂ ਦੀ ਸਮਗਲਿੰਗ, ਭ੍ਰਿਸ਼ਟਾਚਾਰ ਅਤੇ ਮੁੱਖ ਮੰਤਰੀ ਵੱਲੋਂ ਕੀਤੀਆਂ ਸਿਆਸੀ ਨਿਯੁਕਤੀਆਂ ਸਮੇਤ ਕਈ ਮੁੱਦਿਆਂ ਬਾਰੇ ਸਦਨ ਵਿੱਚ ਬਹਿਸ ਹੋਣੀ ਲਾਜ਼ਮੀ ਹੈ। ਸਪੀਕਰ ਨੇ ਜਦੋਂ ਉਨ੍ਹਾਂ ਦੀ ਮੰਗ ਰੱਦ ਕਰਦਿਆਂ ਸਦਨ ਦੀ ਕਾਰਵਾਈ ਚਲਾਉਣ ਦਾ ਐਲਾਨ ਕੀਤਾ ਤਾਂ 'ਆਪ' ਵਿਧਾਇਕ ਖੜ੍ਹੇ ਹੋ ਕੇ ਨਾਅਰੇਬਾਜ਼ੀ ਕਰਨ ਲੱਗੇ। ਅਕਾਲੀ ਦਲ ਦੇ ਮੈਂਬਰ ਚੁੱਪ-ਚਾਪ ਬੈਠੇ ਰਹੇ। ਉਨ੍ਹਾਂ 'ਆਪ' ਦੀ ਹਮਾਇਤ ਨਹੀਂ ਕੀਤੀ।

ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਸਰਕਾਰ ਬਹਿਸ ਤੋਂ ਨਹੀਂ ਭੱਜਦੀ, ਪਰ ਜਦੋਂ ਅਜੇ ਸਰਕਾਰ ਨੇ ਕੋਈ ਕੰਮ ਹੀ ਸ਼ੁਰੂ ਨਹੀਂ ਕੀਤਾ ਤਾਂ ਬਹਿਸ ਕਿਸ ਮੁੱਦੇ 'ਤੇ ਹੋਵੇਗੀ। ਲੋਕ ਇਨਸਾਫ਼ ਪਾਰਟੀ ਦੇ ਸਿਮਰਜੀਤ ਸਿੰਘ ਬੈਂਸ ਨੇ ਵੀ ਬਹਿਸ ਦੀ ਮੰਗ ਕਰਦਿਆਂ ਨਾਅਰੇਬਾਜ਼ੀ ਕੀਤੀ। ਇਸ ਪਿੱਛੋਂ 'ਆਪ' ਤੇ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਵਾਕਆਊਟ ਕਰ ਗਏ ਤੇ ਵਾਪਸ ਨਹੀਂ ਆਏ। ਇਸ ਤਰ੍ਹਾਂ ਨਾਲ 15ਵੀਂ ਵਿਧਾਨ ਸਭਾ ਦੇ ਪਹਿਲੇ ਹੀ ਸੈਸ਼ਨ ਵਿੱਚ 'ਆਪ' ਨੇ ਸਰਕਾਰ ਵਿਰੁਧ ਮੋਰਚਾ ਖੋਲ੍ਹ ਦਿੱਤਾ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 'ਆਪ' ਵਿਧਾਇਕਾਂ ਵੱਲੋਂ ਅਖ਼ਤਿਆਰ ਕੀਤਾ ਰੁਖ਼ ਬਹੁਤ ਹੀ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਸਪੀਕਰ ਦੀ ਚੋਣ ਵਿਚ ਵਿਘਨ ਨਹੀਂ ਸੀ ਪਾਉਣਾ ਚਾਹੀਦਾ। ਉਨ੍ਹਾਂ ਰਾਣਾ ਕੇ.ਪੀ. ਸਿੰਘ ਨੂੰ ਸਪੀਕਰ ਚੁਣੇ ਜਾਣ 'ਤੇ ਵਧਾਈ ਦਿੰਦਿਆਂ ਉਨ੍ਹਾਂ ਨੂੰ ਤਜਰਬੇਕਾਰ ਸਿਆਸਤਦਾਨ ਕਰਾਰ ਦਿੱਤਾ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸਪੀਕਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਦਨ ਵਿਚ ਹੁੰਦੀ ਬਹਿਸ ਦੇ ਮਿਆਰ ਵਿਚ ਕਾਫ਼ੀ ਗਿਰਾਵਟ ਆਈ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨਕ ਤੌਰ 'ਤੇ ਕਾਰਜਪਾਲਿਕਾ ਨੂੰ ਵਿਧਾਨਪਾਲਿਕਾ ਮੂਹਰੇ ਜਵਾਬਦੇਹ ਹੋਣਾ ਚਾਹੀਦਾ ਹੈ ਪਰ ਇਸ ਸਮੇਂ ਕਾਰਜਪਾਲਿਕਾ ਦਾ ਰਵੱਈਆ ਵਿਧਾਨਪਾਲਿਕਾ ਪ੍ਰਤੀ ਜਵਾਬਦੇਹੀ ਵਾਲਾ ਨਹੀਂ ਰਿਹਾ। ਨਵਜੋਤ ਸਿੰਘ ਸਿੱਧੂ ਅਤੇ ਚਰਨਜੀਤ ਸਿੰਘ ਚੰਨੀ ਨੇ ਵੀ ਵਧਾਈ ਦਿੱਤੀ। ਦੋਹਾਂ ਮੰਤਰੀਆਂ ਨੇ 'ਆਪ' ਵਿਧਾਇਕਾਂ 'ਤੇ ਨਿਸ਼ਾਨਾ ਵੀ ਸੇਧਿਆ। ਸਪੀਕਰ ਰਾਣਾ ਕੇ.ਪੀ. ਸਿੰਘ ਨੇ ਕਿਹਾ ਕਿ ਸਦਨ ਦੀ ਕਾਰਵਾਈ ਸੁਚਾਰੂ ਢੰਗ ਨਾਲ ਚਲਾਉਣ ਲਈ ਹਾਕਮ ਤੇ ਵਿਰੋਧੀ ਧਿਰ ਦੋਹਾਂ ਨੇ ਹੀ ਭੂਮਿਕਾ ਨਿਭਾਉਣੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਹ ਸਦਨ ਪੰਜਾਬੀਆਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਤੇ ਨੁਮਾਇੰਦਗੀ ਕਰਦਾ ਹੈ। ਇਸ ਲਈ ਸਦਨ ਨੂੰ ਰਾਜਸੀ ਕਿੜਾਂ ਕੱਢਣ ਦੀ ਥਾਂ ਸੰਵਾਦ ਦਾ ਕੇਂਦਰ ਬਣਾਇਆ ਜਾਣਾ ਚਾਹੀਦਾ ਹੈ। ਕੈਪਟਨ ਅਮਰਿੰਦਰ ਸਿੰਘ, ਸੰਸਦੀ ਮਾਮਲਿਆਂ ਦੇ ਮੰਤਰੀ ਬ੍ਰਹਮ ਮਹਿੰਦਰਾ, ਅਕਾਲੀ ਵਿਧਾਇਕ ਦਲ ਦੇ ਉਪ ਨੇਤਾ ਅਜੀਤ ਸਿੰਘ ਕੋਹਾੜ, ਭਾਜਪਾ ਵਿਧਾਇਕ ਦਿਨੇਸ਼ ਸਿੰਘ ਬੱਬੂ ਨੇ ਰਵਾਇਤ ਮੁਤਾਬਕ ਚੋਣ ਤੋਂ ਬਾਅਦ ਸਪੀਕਰ ਰਾਣਾ ਕੇ. ਪੀ. ਸਿੰਘ ਨੂੰ ਸਪੀਕਰ ਦੀ ਕੁਰਸੀ 'ਤੇ ਬਿਠਾਇਆ।

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਵਿਧਾਇਕ ਦਲ ਦੇ ਨੇਤਾ ਸੁਖਬੀਰ ਸਿੰਘ ਬਾਦਲ ਸਪੀਕਰ ਦੇ ਚੈਂਬਰ ਵਿਚ ਸਹੁੰ ਚੁੱਕਣ ਤਾਂ ਆਏ ਪਰ ਦੋਹਾਂ ਨੇ ਸਦਨ ਦੀ ਕਾਰਵਾਈ ਵਿੱਚ ਹਿੱਸਾ ਨਹੀਂ ਲਿਆ। ਗ਼ੌਰਤਲਬ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਨੂੰ ਨਮੋਸ਼ੀ ਭਰੀ ਹਾਰ ਹੋਈ ਹੈ।

# ਬਰਤਾਨਵੀ ਸੰਸਦ ਨੇੜੇ ਦਹਿਸ਼ਤੀ ਹਮਲੇ 'ਚ ਪੁਲੀਸ ਮੁਲਾਜ਼ਮ ਸਣੇ 5 ਮੌਤਾਂ, 20 ਜ਼ਖ਼ਮੀ

**ਲੰਡਨ/ਬਿਊਰੋ ਨਿਊਜ਼ :** ਇਥੇ ਬਰਤਾਨਵੀ ਸੰਸਦ ਨੇੜੇ ਦੋ ਹਮਲਾਵਰਾਂ ਨੇ ਅਤਿਵਾਦੀ ਹਮਲਾ ਕਰਦਿਆਂ ਇਕ ਪੁਲੀਸ ਮੁਲਾਜ਼ਮ ਸਣੇ ਘੱਟੋ-ਘੱਟ 5 ਜਾਨਾਂ ਲੈ ਲਈਆਂ ਅਤੇ ਕਰੀਬ 20 ਹੋਰ ਵਿਅਕਤੀਆਂ ਨੂੰ ਜ਼ਖ਼ਮੀ ਕਰ ਦਿੱਤਾ, ਜਿਨ੍ਹਾਂ ਵਿੱਚ ਔਰਤਾਂ ਵੀ ਸ਼ਾਮਲ ਹਨ। ਸੁਰੱਖਿਆ ਦਸਤਿਆਂ ਨੇ ਇਕ ਹਮਲਾਵਰ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ, ਜਦੋਂਕਿ ਦੂਜੇ ਹਮਲਾਵਰ ਦੀ ਭਾਲ ਕੀਤੀ ਜਾ ਰਹੀ ਸੀ। ਜ਼ਖ਼ਮੀਆਂ ਵਿੱਚੋਂ ਕੁਝ ਦੀ ਗੰਭੀਰ ਦੱਸੀ ਜਾਂਦੀ ਹੈ। ਘਟਨਾ ਦੀ ਭਾਰਤ ਤੇ ਅਮਰੀਕਾ ਸਮੇਤ ਵੱਖ-ਵੱਖ ਮੁਲਕਾਂ ਨੇ ਨਿਖੇਧੀ ਕੀਤੀ ਹੈ। ਇਸ ਦੇ ਨਾਲ ਹੀ ਅਮਰੀਕਾ ਵਿੱਚ ਨਿਊਯਾਰਕ ਸਣੇ ਹੋਰ ਕਈ ਥਾਈਂ ਚੌਕਸੀ ਵਧਾ ਦਿੱਤੀ ਗਈ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਸਬੰਧ ਵਿੱਚ ਬਰਤਾਨਵੀ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨਾਲ ਫੋਨ ਉਤੇ ਗੱਲਬਾਤ ਕੀਤੀ। ਬੀਬੀ ਮੇਅ ਨੇ ਇਸ ਸਬੰਧੀ ਸਖ਼ਤ ਚੌਕਸੀ ਦੇ ਹੁਕਮ ਦਿੰਦਿਆਂ ਹੰਗਾਮੀ ਸੁਰੱਖਿਆ ਮੀਟਿੰਗ ਸੱਦੀ ਹੈ।

ਪੁਲੀਸ ਮੁਲਾਜ਼ਮ 'ਤੇ ਚਾਕੂ ਨਾਲ ਹਮਲਾ ਕੀਤਾ ਗਿਆ, ਜਿਸ ਦੀ ਬਾਅਦ ਵਿੱਚ ਮੌਤ ਹੋ ਗਈ। ਇਕ ਔਰਤ ਦੀ ਵੀ ਜਾਨ ਜਾਂਦੀ ਰਹੀ। ਪੁਲੀਸ ਨੇ ਦੱਸਿਆ ਕਿ ਉਹ ਇਸ ਨੂੰ ਅਤਿਵਾਦੀ ਘਟਨਾ ਮੰਨ ਕੇ ਚੱਲ ਰਹੇ ਹਨ। ਰਾਇਟਰਜ਼ ਦੇ ਪੱਤਰਕਾਰਾਂ ਨੇ ਇਮਾਰਤ ਅੰਦਰ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ ਅਤੇ ਇਸ ਤੋਂ ਕੁੱਝ ਸਮੇਂ ਬਾਅਦ ਇਸ ਖ਼ਬਰ ਏਜੰਸੀ ਦੇ ਇਕ ਫੋਟੋਗ੍ਰਾਫਰ ਨੇ ਕਿਹਾ ਕਿ ਉਸ ਨੇ ਵੈਸਟਮਿੰਸਟਰ ਬ੍ਰਿਜ ਉਤੇ ਦਰਜਨਾਂ ਲੋਕ ਫੱਟੜ ਦੇਖੇ ਹਨ। ਉਨ੍ਹਾਂ ਦੇ ਫੋਟੋਗ੍ਰਾਫਰ ਨੇ ਲੋਕਾਂ ਨੂੰ ਜ਼ਮੀਨ 'ਤੇ ਪਏ ਦਿਖਾਇਆ ਹੈ। ਕਈ ਖ਼ੂਨ ਨਾਲ ਲਥਪਥ ਸਨ ਅਤੇ ਇਕ ਬੱਸ ਹੇਠਾਂ ਦਰੜਿਆ ਹੋਇਆ ਸੀ।

ਲੰਡਨ ਮੈਟਰੋਪੋਲੀਟਨ ਪੁਲੀਸ ਨੇ ਦੱਸਿਆ, "ਹਥਿਆਰਬੰਦ ਅਫਸਰ ਮੌਕੇ 'ਤੇ ਮੌਜੂਦ ਹਨ ਅਤੇ ਜਦੋਂ ਤਕ ਕੋਈ ਹੋਰ ਕਾਰਨ ਸਾਹਮਣੇ ਨਹੀਂ ਆਉਂਦਾ ਅਸੀਂ ਇਸ ਨੂੰ ਅਤਿਵਾਦੀ ਘਟਨਾ ਵਜੋਂ ਲੈ ਰਹੇ ਹਾਂ।" ਸੰਸਦ ਦੇ ਹੇਠਲੇ ਸਦਨ ਹਾਊਸ ਆਫ ਕਾਮਨਜ਼, ਜਿਸ ਵਿੱਚ ਸੈਸ਼ਨ ਚੱਲ ਰਿਹਾ ਸੀ, ਨੂੰ ਤੁਰੰਤ ਮੁਲਤਵੀ ਕਰ ਦਿੱਤਾ



ਗਿਆ ਅਤੇ ਕਾਨੂੰਨਸਾਜ਼ਾਂ ਨੂੰ ਅੰਦਰ ਹੀ ਰੁਕਣ ਲਈ ਕਿਹਾ ਗਿਆ। ਬਾਅਦ ਵਿੱਚ ਸੰਸਦ ਖਾਲੀ ਕਰਵਾ ਲਈ ਗਈ। ਪ੍ਰਧਾਨ ਮੰਤਰੀ ਦੇ ਦਫ਼ਤਰ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਇਸ ਘਟਨਾ ਬਾਅਦ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਸੁਰੱਖਿਅਤ ਹਨ। ਪਰ ਉਸ ਨੇ ਇਹ ਨਹੀਂ ਦੱਸਿਆ ਕਿ ਇਸ ਹਮਲੇ ਸਮੇਂ ਮੇਅ ਕਿੱਥੇ ਸਨ। ਸਦਨ ਦੇ ਆਗੂ ਡੇਵਿਡ ਲਿਡਿੰਗਟਨ ਨੇ ਦੱਸਿਆ ਕਿ ਚੈਂਬਰ ਵਿੱਚ ਇਕ ਹਮਲਾਵਰ, ਜਿਸ ਨੇ ਪੁਲੀਸ ਮੁਲਾਜ਼ਮ ਦੇ ਚਾਕੂ ਮਾਰਿਆ ਸੀ, ਨੂੰ ਪੁਲੀਸ ਨੇ ਗੋਲੀ ਮਾਰ ਦਿੱਤੀ ਹੈ। ਐਂਬੂਲੈਂਸ ਹੈਲੀਕਾਪਟਰ ਸੰਸਦੀ ਚੌਕ ਵਿੱਚ ਪਹੁੰਚ ਚੁੱਕੀ ਸੀ। ਬੀਬੀਸੀ ਨੇ ਦੱਸਿਆ ਕਿ ਪੁਲੀਸ ਮੰਨ ਰਹੀ ਹੈ ਕਿ ਸੰਸਦ ਬਾਹਰ ਇਕ ਸ਼ੱਕੀ ਵਾਹਨ ਸੀ ਪਰ ਪੁਲੀਸ ਨੇ ਇਸ ਰਿਪੋਰਟ ਦੀ ਪੁਸ਼ਟੀ ਨਹੀਂ ਕੀਤੀ ਹੈ। ਇਸ ਦੌਰਾਨ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਸੀ ਪਰ ਪਤਾ ਲੱਗਾ ਹੈ ਕਿ ਇਹ ਅਤਿਵਾਦੀ ਹਮਲਾ ਭੀੜ ਭੜੱਕੇ ਵਾਲੇ ਵੈਸਟਮਿੰਸਟਰ ਬ੍ਰਿਜ ਸਮੇਤ ਕਈ ਥਾਵਾਂ 'ਤੇ ਹੋਇਆ ਹੈ। ਇਸ ਜਗ੍ਹਾ ਤੋਂ ਸੈਲਾਨੀ ਬਿੱਗ ਬੇਨ ਸਮੇਤ ਹੋਰ ਥਾਵਾਂ ਦੀਆਂ ਤਸਵੀਰਾਂ ਲੈਂਦੇ ਹਨ। ਸੰਸਦ ਵਿੱਚ ਮੌਜੂਦ ਇਸ ਖ਼ਬਰ ਏਜੰਸੀ ਦੇ ਰਿਪੋਰਟਰਾਂ ਨੇ ਦੱਸਿਆ ਕਿ ਸੰਸਦੀ ਇਮਾਰਤ ਵਿੱਚ ਵੱਡੀ ਗਿਣਤੀ ਵਿੱਚ ਹਥਿਆਰਬੰਦ ਪੁਲੀਸ ਮੁਲਾਜ਼ਮ ਪਹੁੰਚ ਚੁੱਕੇ ਹਨ। ਇਹ ਹਮਲਾ ਬੈਲਜੀਅਮ ਦੇ ਬ੍ਰਸਲਜ਼ ਵਿੱਚ ਹੋਏ ਹਮਲਿਆਂ ਦੀ ਬਰਸੀ ਮੌਕੇ ਹੋਇਆ ਹੈ। ਇਸ ਦੌਰਾਨ ਪੈਰਿਸ (ਫਰਾਂਸ) ਤੋਂ ਪੁੱਜੀਆਂ ਰਿਪੋਰਟਾਂ ਮੁਤਾਬਕ ਫਰਾਂਸ ਦੇ ਤਿੰਨ ਸਕੂਲੀ ਵਿਦਿਆਰਥੀ ਵੀ ਹਮਲੇ ਵਿੱਚ ਜ਼ਖ਼ਮੀ ਹੋਏ ਹਨ, ਜਿਨ੍ਹਾਂ ਦੀ ਉਮਰ 15-16 ਸਾਲ ਹੈ।

**ਸਾਰੇ ਭਾਰਤੀ ਸੁਰੱਖਿਅਤ : ਸੁਸ਼ਮਾ**

ਨਵੀਂ ਦਿੱਲੀ: ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਹੈ ਕਿ ਲੰਡਨ ਵਿੱਚ ਹੋਏ ਦਹਿਸ਼ਤੀ ਹਮਲੇ ਵਿੱਚ ਸਾਰੇ ਭਾਰਤੀ ਸੁਰੱਖਿਅਤ ਹਨ। ਉਨ੍ਹਾਂ ਕਿਹਾ ਕਿ ਉਹ ਇਸ ਸਬੰਧੀ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਨਾਲ ਲਗਾਤਾਰ ਸੰਪਰਕ ਵਿਚ ਹਨ। ਮੰਤਰੀ ਨੇ ਉਥੇ ਵੱਸਦੇ ਭਾਰਤੀਆਂ ਨੂੰ ਕਿਹਾ ਹੈ ਕਿ ਉਹ ਕਿਸੇ ਵੀ ਮਦਦ ਲਈ ਭਾਰਤੀ ਹਾਈ ਕਮਿਸ਼ਨ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਨੇ ਪਾਰਲੀਮੈਂਟ ਸਕੁਏਅਰ ਵੱਲ ਨਾ ਜਾਣ ਦੀ ਸਲਾਹ ਵੀ ਦਿੱਤੀ ਹੈ।

## ਬਰਤਾਨਵੀ ਸੰਸਦ 'ਤੇ ਹਮਲੇ ਦੀ ਇਸਲਾਮਿਕ ਸਟੇਟ ਨੇ ਲਈ ਜ਼ਿੰਮੇਵਾਰੀ

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆ ਦੀ ਸੰਸਦ 'ਤੇ ਹੋਏ ਅੱਤਵਾਦੀ ਹਮਲੇ ਦੀ ਜ਼ਿੰਮੇਵਾਰੀ ਖਤਰਨਾਕ ਅੱਤਵਾਦੀ ਸੰਗਠਨ ਇਸਲਾਮਿਕ ਸਟੇਟ (ਆਈ ਐਸ) ਨੇ ਲਈ ਹੈ। ਉਸ ਨੇ ਦਾਅਵਾ ਕੀਤਾ ਕਿ ਖਿਲਾਫ਼ਤ ਦੇ ਸਿਪਾਹੀ ਨੇ ਬਰਤਾਨਵੀ ਸੰਸਦ 'ਤੇ ਹਮਲੇ ਨੂੰ ਅੰਜ਼ਾਮ ਦਿੱਤਾ। ਹਾਲਾਂਕਿ ਹਮਲੇ ਮਗਰੋਂ ਹੀ ਇਸ ਪਿੱਛੇ ਆਈ.ਐਸ.ਆਈ.ਐਸ. ਦਾ ਹੱਥ ਹੋਣ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਸੀ। ਇਸ ਮਾਮਲੇ ਵਿਚ 8 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਸ ਹਮਲੇ ਵਿਚ 5 ਮੌਤਾਂ ਹੋਈਆਂ ਸਨ, ਜਦਕਿ 40 ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀ ਪੁਸ਼ਟੀ ਹੋਈ ਹੈ। ਇਸ ਹਮਲੇ ਵਿਚ 48 ਸਾਲਾ ਪੁਲੀਸ ਅਧਿਕਾਰੀ ਕੀਥ ਪਾਲਮਰ, ਲੰਡਨ ਦੇ ਡੀ ਐਲ ਡੀ ਕਾਲਜ ਵਿੱਚ ਕੰਮ ਕਰਨ ਵਾਲੀ ਆਈਸ਼ਾ ਫਰੇਡ ਤੇ ਇੱਕ 50 ਸਾਲਾ ਵਿਅਕਤੀ ਅਤੇ ਹਮਲਾਵਰ ਸਮੇਤ 5 ਵਿਅਕਤੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਹੋਈ ਹੈ। ਜਦਕਿ 7 ਜ਼ਖ਼ਮੀਆਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਘਟਨਾ ਮੌਕੇ ਮ੍ਰਿਤਕ ਪੁਲੀਸ ਅਧਿਕਾਰੀ ਪਾਲਮਰ ਕੋਲ ਹਥਿਆਰ ਨਹੀਂ ਸੀ। ਇਸ ਮੌਕੇ ਤਿੰਨ ਹੋਰ ਪੁਲੀਸ ਅਧਿਕਾਰੀ ਵੀ ਜ਼ਖ਼ਮੀ ਹੋਏ ਹਨ। ਜ਼ਖ਼ਮੀਆਂ ਵਿਚ 12 ਬਰਤਾਨਵੀ ਨਾਗਰਿਕ, 3 ਫਰਾਂਸ ਦੇ ਸਕੂਲੀ ਬੱਚੇ, 2 ਰੁਮਾਨੀਅਨ, 4 ਦੱਖਣੀ ਕੋਰੀਆ ਦੇ, 1 ਜਰਮਨੀ, 1 ਪੋਲੀ, 1 ਆਇਰਸ਼, 1 ਚੀਨੀ, 1 ਇਟਾਲੀਅਨ, 1 ਅਮਰੀਕਨ ਅਤੇ ਦੋ ਗਰੀਕ ਨਾਗਰਿਕ ਹਨ। ਹਮਲਾਵਰ ਦੀ ਪਛਾਣ 52 ਸਾਲ ਦੇ ਖਾਲਿਦ ਮਸੂਦ ਵਜੋਂ ਹੋਈ ਹੈ, ਜਿਸ ਨੂੰ 1983 ਤੇ 2003 ਵਿਚ ਅਪਰਾਧਿਕ ਮਾਮਲਿਆਂ ਵਿਚ ਪਹਿਲਾਂ ਵੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਸੀ।

ਹਮਲੇ ਸਬੰਧੀ ਹਥਿਆਰਬੰਦ ਪੁਲੀਸ ਨੇ ਬ੍ਰਮਿੰਘਮ ਦੇ ਇਕ ਫਲੈਟ ਤੋਂ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਮੰਨਿਆ ਜਾ ਰਿਹਾ ਹੈ ਕਿ ਜਿਸ ਜਗ੍ਹਾ ਤੋਂ ਇਹ ਗ੍ਰਿਫਤਾਰੀਆਂ ਹੋਈਆਂ ਹਨ, ਹਮਲਾਵਰ ਵੀ ਉੱਥੇ ਹੀ ਰਹਿੰਦਾ ਸੀ, ਹਮਲਾਵਰ ਬਰਤਾਨੀਆ ਦਾ ਹੀ ਜੰਮਪਲ ਹੈ। ਜਦਕਿ ਲੰਡਨ ਅਤੇ ਬ੍ਰਮਿੰਘਮ ਵਿੱਚ ਛਾਪੇਮਾਰੀ ਦੌਰਾਨ ਪੁਲੀਸ ਨੇ 8 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਸੰਸਦ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਮ੍ਰਿਤਕਾਂ ਨੂੰ ਸ਼ਰਧਾਂਜਲੀ ਵਜੋਂ ਇੱਕ ਮਿੰਟ ਦਾ ਮੌਨ ਰੱਖਿਆ ਗਿਆ ਅਤੇ ਰਾਸ਼ਟਰੀ ਝੰਡਾ ਵੀ ਹੇਠਾਂ ਕੀਤਾ ਗਿਆ।

ਪ੍ਰਧਾਨ ਮੰਤਰੀ ਥਰੀਸਾ ਮੇਅ ਨੇ ਸੰਸਦ ਵਿੱਚ ਕਿਹਾ, "ਅਸੀਂ ਸੁਨੇਹਾ ਦੇਣਾ ਚਾਹੁੰਦੇ ਹਾਂ ਕਿ ਅਸੀਂ ਡਰਦੇ ਨਹੀਂ, ਅੱਤਵਾਦ ਦਾ ਸਾਹਮਣਾ ਕਰਨ ਦਾ ਸੰਕਲਪ ਲੈਂਦੇ ਹਾਂ।" ਥਰੀਸਾ ਮੇਅ ਨੇ ਕਿਹਾ ਕਿ ਅੱਤਵਾਦੀ ਉਸ ਜਗ੍ਹਾ ਆਏ ਜਿੱਥੇ ਹਰ ਦੇਸ਼ ਅਤੇ ਹਰ ਸਭਿਆਚਾਰ ਦੇ ਲੋਕ ਇਕੱਠੇ ਹੁੰਦੇ ਹਨ, ਇਹ ਹਮਲਾ ਬੇਕਸੂਰ ਲੋਕਾਂ 'ਤੇ ਹੈ। ਉਨ੍ਹਾਂ ਸੰਸਾਰ ਦੇ ਉਨ੍ਹਾਂ ਲੋਕਾਂ ਦਾ ਧੰਨਵਾਦ ਕੀਤਾ ਜੋ ਇਸ ਦੁੱਖ ਦੇ ਸਮੇਂ ਉਨ੍ਹਾਂ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਹਮਲਾਵਰ ਇਸਲਾਮਿਕ ਅੱਤਵਾਦ ਤੋਂ ਪ੍ਰੇਰਿਤ ਸੀ ਅਤੇ ਬਰਤਾਨਵੀ ਨਾਗਰਿਕ ਸੀ ਅਤੇ ਉਸ ਨੂੰ ਪੁਲੀਸ ਜਾਣਦੀ ਹੈ ਉਸ ਦੀ ਕੁਝ ਵਰ੍ਹੇ ਪਹਿਲਾਂ ਹਿੰਸਕ ਗਤੀਵਿਧੀਆਂ ਵਿਚ ਜਾਂਚ ਹੋਈ ਸੀ।

**ਬਰਤਾਨੀਆ ਦੇ ਸਿੱਖਾਂ ਵੱਲੋਂ ਹਮਲੇ ਦੀ ਨਿੰਦਾ :**

ਬਰਤਾਨਵੀ ਸਿੱਖਾਂ ਨੇ ਅੱਤਵਾਦੀ ਹਮਲੇ ਦੀ ਨਿੰਦਾ ਕੀਤੀ ਹੈ। ਸਿੱਖ ਫੈਡਰੇਸ਼ਨ (ਯੂ.ਕੇ) ਨੇ ਹਿੰਸਾ ਅਤੇ ਅੱਤਵਾਦ ਦੇ ਖਿਲਾਫ਼ ਇਕਜੁੱਟਤਾ ਦਾ ਸੱਦਾ ਦਿੱਤਾ ਅਤੇ ਸਿੱਖ ਭਾਈਚਾਰੇ ਨੂੰ ਆਗਾਹ ਕੀਤਾ ਹੈ ਕਿ ਉਹ ਸ਼ਾਂਤ ਅਤੇ ਚੌਕਸ ਰਹਿਣ। ਸਿੱਖ ਫੈਡਰੇਸ਼ਨ ਦੇ ਮੁਖੀ ਭਾਈ ਅਮਰੀਕ ਸਿੰਘ ਨੇ ਕਿਹਾ ਕਿ ਸੰਸਦ ਮੈਂਬਰਾਂ ਦੀ ਰੱਖਿਆ ਕਰਦੇ ਹੋਏ ਆਪਣੀ ਜਾਨ ਗਵਾਉਣ ਵਾਲੇ ਕੀਥ ਪਾਲਮਰ, ਹਮਲੇ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ, ਜ਼ਖਮੀ ਹੋਏ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸਾਡੀ ਹਮਦਰਦੀ ਹੈ। ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ. ਗੁਰਮੇਲ ਸਿੰਘ ਮੱਲ੍ਹੀ ਨੇ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਮਨੁੱਖਤਾ 'ਤੇ ਹਮਲਾ ਹੈ ਅਤੇ ਬੇਕਸੂਰ ਲੋਕਾਂ ਦੀ ਹੱਤਿਆ ਕਰਨਾ ਇਨਸਾਨੀਅਤ ਨਹੀਂ।

## ਨਸਲੀ ਨਫ਼ਰਤ ਦਾ ਸ਼ਿਕਾਰ ਹੋਈ ਰਾਜਪ੍ਰੀਤ ਹੇਅਰ

### *ਗੋਰੇ ਨੇ ਕਿਹਾ-'ਲਿਬਨਾਨ ਵਾਪਸ ਜਾਓ'*

**ਨਿਊ ਯਾਰਕ/ਬਿਊਰੋ ਨਿਊਜ਼ :**

ਅਮਰੀਕਾ ਵਿਚ ਦੱਖਣੀ ਏਸ਼ਿਆਈ ਮੂਲ ਦੇ ਲੋਕਾਂ ਖ਼ਿਲਾਫ਼ ਨਫ਼ਰਤੀ ਹਮਲਿਆਂ ਦੀਆਂ ਵਧਦੀਆਂ ਘਟਨਾਵਾਂ ਦੀ ਲੜੀ ਵਿੱਚ ਹੁਣ ਇਕ ਸਿੱਖ ਅਮਰੀਕਨ ਕੁੜੀ ਦਾ ਨਾਂ ਜੁੜ ਗਿਆ ਹੈ। ਸਬਵੇਅ ਟਰੇਨ ਵਿੱਚ ਸਫ਼ਰ ਕਰ ਰਹੀ ਰਾਜਪ੍ਰੀਤ ਹੇਅਰ ਨੂੰ ਗੋਰੇ ਨੇ ਮੁਸਲਿਮ ਮਹਿਲਾ ਸਮਝਦਿਆਂ 'ਲਿਬਨਾਨ ਵਾਪਸ ਜਾਣ' ਲਈ ਕਿਹਾ। ਨਿਊ ਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਜਦੋਂ ਰਾਜਪ੍ਰੀਤ 'ਤੇ ਹਮਲਾ ਹੋਇਆ ਉਹ ਸਬਵੇਅ ਟਰੇਨ ਤੋਂ ਮੈਨਹੱਟਨ ਆਪਣੇ ਇਕ ਦੋਸਤ ਦੀ ਜਨਮ ਦਿਨ ਪਾਰਟੀ ਲਈ ਜਾ ਰਹੀ ਸੀ। ਰਾਜਪ੍ਰੀਤ ਨੇ ਟਾਈਮਜ਼ ਦੇ 'ਦਿਸ ਵੀਕ ਇਨ ਹੇਟ' ਸੈਕਸ਼ਨ ਵਿੱਚ ਇਕ ਵੀਡੀਓ ਵਿੱਚ ਇਸ ਘਟਨਾ ਦਾ ਜ਼ਿਕਰ ਕੀਤਾ ਹੈ। ਰੋਜ਼ਨਾਮਚੇ ਦੇ ਇਸ ਸੈਕਸ਼ਨ ਵਿੱਚ ਰਾਸ਼ਟਰਪਤੀ ਡੋਨਲਡ ਟਰੰਪ ਦੇ ਸੱਤਾ ਵਿੱਚ ਆਉਣ ਮਗਰੋਂ ਮੁਲਕ ਭਰ ਵਿੱਚ ਹੋ ਰਹੇ ਨਫ਼ਰਤੀ ਹਮਲਿਆਂ ਤੇ ਤਸ਼ੱਦਦ ਦੀਆਂ ਘਟਨਾਵਾਂ



ਨੂੰ ਉਜਾਗਰ ਕੀਤਾ ਜਾਂਦਾ ਹੈ। ਰਾਜਪ੍ਰੀਤ ਨੇ ਕਿਹਾ ਕਿ ਉਹ ਆਪਣਾ ਫ਼ੋਨ ਵੇਖ ਰਹੀ ਸੀ, ਜਦੋਂ ਇਕ ਗੋਰੇ ਨੇ ਉਸ 'ਤੇ ਚੀਕਦਿਆਂ ਕਿਹਾ, 'ਕੀ ਤੈਨੂੰ ਇਸ ਗੱਲ ਦਾ ਭੋਰਾ ਵੀ ਇਲਮ ਹੈ ਕਿ ਨੌਸੈਨਿਕ ਕਿਸ ਤਰ੍ਹਾਂ ਦੇ ਦਿਸਦੇ ਹਨ? ਕੀ ਤੂੰ ਜਾਣਦੀ ਹੈਂ ਕਿ ਉਨ੍ਹਾਂ ਨੂੰ ਕੀ ਕੁਝ ਵੇਖਣਾ ਪੈਂਦਾ ਹੈ? ਉਨ੍ਹਾਂ ਇਸ ਮੁਲਕ ਲਈ ਕੀ ਕੀਤਾ ਹੈ? ਸਿਰਫ਼ ਤੁਹਾਡੇ ਵਰਗੇ ਲੋਕਾਂ ਕਰ ਕੇ।' ਗੋਰੇ ਨੇ ਰਾਜਪ੍ਰੀਤ ਨੂੰ ਕਿਹਾ ਆਸ ਹੈ ਕਿ ਉਸ ਨੂੰ 'ਵਾਪਸ ਲਿਬਨਾਨ' ਭੇਜ ਦਿੱਤਾ ਜਾਵੇਗਾ ਤੇ ਉਸ ਦਾ ਇਸ ਮੁਲਕ ਨਾਲ ਕੋਈ ਵਾਹ ਵਾਸਤਾ ਨਹੀਂ।' ਰਿਪੋਰਟ ਮੁਤਾਬਕ ਇਸ ਘਟਨਾ ਮੌਕੇ ਟਰੇਨ ਵਿੱਚ ਹੀ ਸਵਾਰ ਦੋ ਮੁਸਾਫ਼ਰਾਂ, ਜਿਨ੍ਹਾਂ ਵਿੱਚੋਂ ਇਕ ਮਹਿਲਾ ਸੀ, ਨੇ ਵਿਚ ਪੈ ਕੇ ਹੇਅਰ ਦਾ ਬਚਾਅ ਕੀਤਾ ਤੇ ਮੋਢੇ 'ਤੇ ਹੱਥ ਰੱਖ ਕੇ ਹੌਸਲਾ ਵਧਾਇਆ।

**ਘੱਟਗਿਣਤੀ ਭਾਈਚਾਰਿਆਂ ਵੱਲੋਂ ਇਕਜੁੱਟਤਾ ਦਾ ਮੁਜ਼ਾਹਰਾ**

ਵਾਸ਼ਿੰਗਟਨ : ਯਹੂਦੀ, ਮੁਸਲਿਮ ਤੇ ਭਾਰਤੀ-ਅਮਰੀਕੀ ਭਾਈਚਾਰੇ ਦੇ ਲੋਕਾਂ ਨੇ ਉੱਤਰ ਪੱਛਮੀ ਵਾਸ਼ਿੰਗਟਨ ਸਥਿਤ ਯਹੂਦੀ ਸਮਾਰਕ ਨੇੜੇ ਇਕੱਤਰ ਹੋ ਕੇ ਮੁਲਕ ਵਿੱਚ ਵਧਦੇ ਨਫ਼ਰਤੀ ਹਮਲਿਆਂ ਖ਼ਿਲਾਫ਼ ਇਕਜੁੱਟਤਾ ਦਾ ਮੁਜ਼ਾਹਰਾ ਕੀਤਾ। ਇਸ ਦੌਰਾਨ ਲੋਕਾਂ ਨੇ 'ਅਸੀਂ ਨਫ਼ਰਤ ਖ਼ਿਲਾਫ਼ ਇਕਜੁਟ ਹੋ ਕੇ ਖੜ੍ਹੇ ਹਾਂ' ਦੇ ਨਾਅਰੇ ਵੀ ਲਾਏ। ਉਨ੍ਹਾਂ ਕਿਹਾ ਕਿ ਨਸਲ, ਲਿੰਗ ਜਾਂ ਚਮੜੀ ਦੇ ਰੰਗ ਦੇ ਅਧਾਰ 'ਤੇ ਹੁੰਦੇ ਪੱਖਪਾਤ ਨੂੰ ਬੰਦ ਕੀਤਾ ਜਾਵੇ।

## ਨਿਊ ਜਰਸੀ ਵਿੱਚ ਭਾਰਤੀ ਔਰਤ ਤੇ ਪੁੱਤਰ ਦੀ ਗਲਾ ਘੁੱਟ ਕੇ ਹੱਤਿਆ



**ਨਿਊ ਜਰਸੀ/ਬਿਊਰੋ ਨਿਊਜ਼ :** ਨਿਊ ਜਰਸੀ ਵਿੱਚ ਆਪਣੇ ਮਕਾਨ ਵਿੱਚੋਂ ਇਕ ਭਾਰਤੀ ਔਰਤ ਅਤੇ ਉਸ ਦਾ ਸੱਤ ਸਾਲ ਦਾ ਪੁੱਤਰ ਮ੍ਰਿਤਕ ਹਾਲਤ ਵਿੱਚ ਮਿਲੇ ਹਨ। ਮ੍ਰਿਤਕਾਂ ਦੀ ਪਛਾਣ ਐਨ ਸ਼ਸ਼ੀਕਲਾ (40) ਅਤੇ ਉਸ ਦਾ ਪੁੱਤਰ ਅਨੀਸ਼ ਸਾਈ ਵਜੋਂ ਹੋਈ ਹੈ। ਮਾਂ-ਪੁੱਤ ਦੀ ਗਲ ਘੁੱਟ ਕੇ ਹੱਤਿਆ ਕੀਤੀ ਗਈ ਹੈ। ਜ਼ਿਲ੍ਹਾ ਸ਼ਸ਼ੀਕਲਾ ਦਾ ਪਤੀ ਐਨ. ਹਨੂਮੰਤਾ ਰਾਓ ਜਦੋਂ ਕੰਮ ਤੋਂ ਘਰ ਆਇਆ ਤਾਂ ਉਸ ਨੂੰ ਦੋਵੇਂ ਮ੍ਰਿਤਕ ਹਾਲਤ ਵਿੱਚ ਮਿਲੇ। ਹਨੂਮੰਤਾ ਤੇ ਸ਼ਸ਼ੀਕਲਾ ਦੋਵੇਂ ਸਾਫਟਵੇਅਰ ਇੰਜਨੀਅਰ ਸਨ ਅਤੇ ਸ਼ਸ਼ੀਕਲਾ ਘਰ ਤੋਂ ਕੰਮ ਕਰਦੀ ਸੀ। ਇਹ ਜੋੜਾ 9 ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਿਹਾ ਸੀ। ਗੌਰਤਲਬ ਹੈ ਕਿ ਕੈਨਸਾਸ ਵਿੱਚ 32 ਸਾਲਾ ਭਾਰਤੀ ਇੰਜਨੀਅਰ ਸ੍ਰੀਨਿਵਾਸ ਕੁਚੀਭੋਤਲਾ ਦੀ ਅਮਰੀਕਾ ਦੇ ਸਾਬਕਾ ਜਲ ਸੈਨਿਕ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

**ਨਵੀਂ ਦਿੱਲੀ:** ਮਾਂ-ਪੁੱਤਰ ਦੀ ਹੱਤਿਆ ਦੇ ਮਾਮਲੇ ਉਤੇ ਚਿੰਤਾ ਜ਼ਾਹਰ ਕਰਦਿਆਂ ਭਾਰਤੀ ਸੰਸਦ ਦੇ ਦੋਵੇਂ ਸਦਨਾਂ ਦੇ ਮੈਂਬਰਾਂ ਨੇ ਮੰਗ ਕੀਤੀ ਹੈ ਕਿ ਪ੍ਰਧਾਨ ਮੰਤਰੀ ਵੱਲੋਂ ਇਸ ਮਸਲੇ ਨੂੰ ਅਮਰੀਕੀ ਰਾਸ਼ਟਰਪਤੀ ਕੋਲ ਉਠਾਇਆ ਜਾਵੇ। ਰਾਜ ਸਭਾ ਵਿੱਚ ਸਿਫ਼ਰ ਕਾਲ ਦੌਰਾਨ ਇਹ ਮੁੱਦਾ ਚੁੱਕਦਿਆਂ ਕਾਂਗਰਸੀ ਆਗੂ ਟੀ ਐਸ ਰੈਡੀ ਨੇ ਕਿਹਾ ਕਿ ਭਾਰਤੀ ਸਾਫਟਵੇਅਰ ਇੰਜਨੀਅਰ ਦੀ ਪਤਨੀ ਤੇ ਪੁੱਤਰ ਦੀ 'ਹੱਤਿਆ' ਕੀਤੀ ਗਈ ਹੈ। ਇਹ ਗੰਭੀਰ ਮਸਲਾ ਹੈ। ਇਹ ਬੇਹੱਦ ਘਾਤਕ ਹੈ। ਮਹਿਜ਼ ਦੋ ਹਫ਼ਤੇ ਪਹਿਲਾਂ ਦੋ ਭਾਰਤੀਆਂ ਦੀ ਹੱਤਿਆ ਹੋਈ ਸੀ ਅਤੇ ਹੁਣ ਦੋ ਹੋਰ ਮਾਰ ਦਿੱਤੇ ਗਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਬਾਰੇ ਅਮਰੀਕੀ ਰਾਸ਼ਟਰਪਤੀ ਨਾਲ ਗੱਲ ਕਰਨੀ ਚਾਹੀਦੀ ਹੈ। ਲੋਕ ਸਭਾ ਵਿੱਚ ਵਾਈਐਸਆਰ ਕਾਂਗਰਸ ਪਾਰਟੀ ਦੇ ਵਾਈ ਵੀ ਸੁੱਬਾ ਰੈਡੀ ਨੇ ਇਹ ਮੁੱਦਾ ਚੁੱਕਦਿਆਂ ਸਰਕਾਰ ਨੂੰ ਅਮਰੀਕਾ ਵਿੱਚ ਭਾਰਤੀਆਂ ਦੀ ਸੁਰੱਖਿਆ ਲਈ 'ਸਖ਼ਤ ਸਟੈਂਡ' ਲੈਣ ਲਈ ਕਿਹਾ ਹੈ। ਇਹ ਨਸਲੀ ਪੱਖਪਾਤ ਦਾ ਮਾਮਲਾ ਹੈ ਅਤੇ ਡੋਨਲਡ ਟਰੰਪ ਦੇ ਰਾਸ਼ਟਰਪਤੀ ਬਣਨ ਬਾਅਦ ਅਜਿਹੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ।

## ਆਸਟਰੇਲੀਆ : ਭਾਰਤੀ ਵਿਅਕਤੀ ਨਸਲੀ ਹਮਲੇ ਦਾ ਸ਼ਿਕਾਰ

**ਮੈਲਬਰਨ/ਬਿਊਰੋ ਨਿਊਜ਼ :** ਆਸਟਰੇਲੀਆ ਦੇ ਉੱਤਰੀ ਹੋਬਰਟ ਦੇ ਇੱਕ ਰੈਸਟੋਰੈਂਟ ਵਿੱਚ ਇੱਕ ਭਾਰਤੀ ਵਿਅਕਤੀ ਉੱਤੇ ਅੱਲੜਾਂ ਦੇ ਇੱਕ ਸਮੂਹ ਨੇ ਨਸਲੀ ਹਮਲਾ ਕੀਤਾ ਤੇ ਉਸ ਨੂੰ ਗਾਲ੍ਹਾਂ ਵੀ ਕੱਢੀਆਂ। ਹਮਲੇ ਦਾ ਸ਼ਿਕਾਰ ਹੋਇਆ ਨੌਜਵਾਨ ਮੂਲ ਰੂਪ ਵਿੱਚ ਕੇਰਲਾ ਦੇ ਕੋਟਿਅਮ ਜ਼ਿਲ੍ਹੇ ਦੇ ਪੁੱਥਾਪੱਲੀ ਦਾ ਵਸਨੀਕ ਹੈ।

ਲੀ ਮੈਕਸ ਜੋਏ (33), ਜੋ ਕਿ ਇੱਥੇ ਨਰਸਿੰਗ ਦਾ ਕੋਰਸ ਕਰਦਾ ਹੈ ਤੇ ਵਿਹਲੇ ਸਮੇਂ ਟੈਕਸੀ ਡਰਾਈਵਰ ਵਜੋਂ ਕੰਮ ਕਰਦਾ ਹੈ, ਨੇ ਦੋਸ਼ ਲਾਇਆ ਕਿ ਪੰਜ ਨੌਜਵਾਨਾਂ ਦੇ ਸਮੂਹ, ਜਿਨ੍ਹਾਂ ਵਿੱਚ ਇੱਕ ਲੜਕੀ ਵੀ ਸੀ, ਨੇ ਉਸ ਉੱਤੇ ਨਸਲੀ ਹਮਲਾ ਕੀਤਾ ਤੇ ਉਸ ਨੂੰ ਨਸਲੀ ਗਾਲ੍ਹਾਂ ਕੱਢੀਆਂ। ਉਸ ਨੇ ਦੱਸਿਆ ਕਿ ਉਸ ਉੱਤੇ ਇਹ ਹਮਲਾ ਉਸ ਸਮੇਂ ਹੋਇਆ ਜਦੋਂ ਉਹ ਇੱਕ ਟੂਰ ਤੋਂ ਵਾਪਸ ਆਇਆ ਸੀ ਤੇ ਉੱਤਰੀ ਹੋਬਰਟ ਖੇਤਰ ਵਿਚਲੇ ਮੈਕਡੋਨਲਡਜ਼ ਰੈਸਟੋਰੈਂਟ ਵਿੱਚ ਕੌਫ਼ੀ ਪੀਣ ਲਈ ਗਿਆ ਸੀ।

ਉਸ ਨੇ ਦੋਸ਼ ਲਾਇਆ ਕਿ ਇਹ ਨੌਜਵਾਨ ਰੈਸਟੋਰੈਂਟ ਵਿੱਚ ਇੱਕ ਕਾਮੇ ਨਾਲ ਬਹਿਸ ਕਰ ਰਹੇ ਸਨ ਤੇ ਜਦੋਂ ਉਨ੍ਹਾਂ ਦਾ ਧਿਆਨ ਉਸ ਉੱਤੇ ਗਿਆ ਤਾਂ ਉਨ੍ਹਾਂ ਉਸ ਨੂੰ ਨਿਸ਼ਾਨਾ ਬਣਾ ਲਿਆ। ਜਦੋਂ ਉੱਥੇ ਮੌਜੂਦ ਲੋਕਾਂ ਨੇ ਪੁਲੀਸ ਨੂੰ ਸੂਚਿਤ ਕੀਤਾ ਤਾਂ ਹਮਲਾਵਰ ਉੱਥੋਂ ਭੱਜ ਗਏ ਤੇ ਮਗਰੋਂ ਫਿਰ ਵਾਪਸ ਆ ਕੇ ਉਸ 'ਤੇ ਹਮਲਾ ਕਰ ਦਿੱਤਾ। ਲੀ ਨੂੰ ਹਸਪਤਾਲ ਵਿੱਚ ਦਾਖ਼ਲ ਕਰਾਇਆ ਗਿਆ, ਜਿੱਥੋਂ ਉਸ ਨੂੰ ਛੁੱਟੀ ਮਿਲ ਗਈ। ਮਗਰੋਂ ਉਸ ਨੇ ਪੁਲੀਸ ਨੂੰ ਸੂਚਿਤ ਕੀਤਾ।

ਲੀ ਨੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਹੈ ਕਿ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਯਕੀਨੀ ਬਣਾਈ ਜਾਵੇ। ਉਸ ਨੇ ਦੋਸ਼ ਲਾਇਆ ਕਿ ਅਧਿਕਾਰੀਆਂ ਵੱਲੋਂ ਅਜਿਹੇ ਹਮਲਿਆਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ।

# ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ

1930 Sikh Temple Street, Stockton CA 95206

[A Historical Land Mark of CA-USA] (1912 – 2017)

ਖਾਲਸਾ ਪੰਥ ਦੇ 319ਵੇਂ ਸਾਜਨਾ ਦਿਵਸ ਮੌਕੇ ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ

# 19ਵੇਂ ਮਹਾਨ ਨਗਰ ਕੀਰਤਨ



## ਮੌਕੇ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

The address of FREE CAR PARKING LOT IS

ਸਕਿਉਰਿਟੀ (Security) ...






## ਦਾਸ : ਸਮੂਹ ਸਾਧ-ਸੰਗਤ ਤੇ ਪ੍ਰਬੰਧਕ ਕਮੇਟੀ, ਗੁਰਦੁਆਰਾ ਸਾਹਿਬ ਸਟਾਕਟਨ

Email: stocktongurdwarasahib@gmail.com, www.stocktongurdwarasahib.org

| President | Secretary | Treasurer |
|---|---|---|
| Gulwinder Singh Gakhal | Jatinder Singh Pamma | Ranjit Singh Chandowalia |
| 209-487-3699 | 209-993-7954 | 209-649-3993 |
| **Vice President** | **Assistant Secretary** | **Assistant Treasurer** |
| Manjit Singh Mukerian | Amarjit Singh Tung | Paramprit Singh Nijjar |
| 209-992-1122 | 209-954-2881 | 510-377-5320 |



ਖਾਲਸਾ ਪੰਥ ਦੇ ਸਿਰਜਨਾ ਦਿਵਸ
ਵਿਸਾਖੀ
ਦੀ ਲੱਖ ਲੱਖ ਵਧਾਈਆਂ ਜੀ।

ਗੁਰਦੁਆਰਾ ਸਾਹਿਬ
ਖਾਲਸਾ ਕੇਅਰ ਫਾਉਂਡੇਸ਼ਨ ਵਿਖੇ

AT GURDWARA SAHIB
KHALSA CARE FOUNDATION
9989 Laurel Canyon Blvd, Pacoima CA 91331



16 APRIL (SUNDAY) & 23 APRIL (SUNDAY)
11.00 am - 01.00 pm KIRTAN BY SANT ANOOP SINGH JI
17 APRIL (MONDAY) TO 22 APRIL (SATURDAY)
06.30 pm - 08.30 pm KIRTAN BY SANT ANOOP SINGH JI

on 21st April Five Sri Akhand Paath Sahib Aarambh at 10am & Bhog of Sri Akhand Paath Sahib On 23rd at 10am

On 22nd April, Saturday
AMRIT SANCHAR
at 12 noon




BHAI KANHAIYA JEE LANGAR SEWA DAL
FOR MORE INFORMATION PLEASE CONTACT:
BALDEV SINGH (818) 468-0505 BALWINDER SINGH (818) 404-0811
MAKHAN SINGH (661) 225-7157 PARAMJIT SINGH (626) 354-0053



# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
PASSPORT & VISA SERVICES
indiavisa123@gmail.com • FAX 510.279.7624



M.K. Pannu

VISA IN ONE DAY




Indian Passport | India Visa in 1 Day | OCI | US Passport

Power of Attorney & Other Services

510.677.8440

40767, Grimmer Blvd.
FREMONT
CA-94538

3810 Eau Claire Ave, Ceres,
MODESTO/CERES
CA-95307

220 Bush St/Montgomery St, #445
SAN FRANCISCO
(OPPOSITE INDIA VISA CENTER)

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

ਪ੍ਰਥਮ ਰਹਿਤ ਯਹਿ ਜਾਨ ਖੰਡੇ ਕੀ ਪਾਹੁਲ ਛਕੇ ॥
ਸੋਈ ਸਿਘ ਪ੍ਰਧਾਨ ਅਵਰ ਨ ਪਾਹੁਲ ਜੋ ਲਏ ॥

To drink the Ambrosial Nactar of the Khanda (Amrit) is the primary instruction for the Sikh. He who abandons all other initiations is truly a great Sikh

# ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

**1050 S Graham Rd, Greenwood, IN 46143**



## ਅੰਮ੍ਰਿਤ ਸੰਚਾਰ

9 ਅਪ੍ਰੈਲ, 2017 ਦਿਨ ਐਤਵਾਰ, ਸਵੇਰੇ 09:00 ਵਜੇ

ਕਕਾਰ ਉਥੇ ਹੀ ਦਿੱਤੇ ਜਾਣਗੇ

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਗੁਰਪ੍ਰੀਤ ਸਿੰਘ 317-476-4038, ਜਸਦੀਪ ਸਿੰਘ 317-560-0019


VIRSA ENTERTAINMENT PRESENTS
SPONSORED BY CHICAGO PIZZA BAY AREA
NIMRAT KHAIRA
MANKIRT AULAKH
HIMANSHI KHURANA
NINJA
SUNANDA SHARMA
VAISAKHI
ਮੇਲਾ
2017
ASHA SHARMA
DATE - 29TH APRIL 2017 , SATURDAY
TIMINGS 1PM-7PM
JAMES LOGAN HIGH SCHOOL
1800 H ST, UNION CITY, CA 94587
TICKETS
PRESALE $20
AT GATE $29
VIP,ELITE
SENIORS ABOVE 65 &
KIDS UNDER 7 FREE
CALL FOR VIP,ELITE
WWW.SULEKHA.COM/VIRSA
CONTACT FOR SPONSORSHIP , BOOTHS , BHANGRA & GIDDHA TEAMS PLEASE CONTACT
MICKEY SRA - 408-966-7019 , PREETI KANG - 510-509-8890 , JAGMIT JOSAN -408-658-3909
JASS AULAKH - 510-760-4275 , NIRAV GHUNCHALA- 510-396-0500 , SATWINDER SRA - 408-624-7857
MANNY BHANDAL 831-588-0725 PARDEEP SINGH BAJWA 916-917-0911
SPONSORED BY
CHICAGO'S PIZZA
With A Twist
Fremont - Union City
SHALIMAR RESTAURANT
Raja
VIRSA
MEDIA PARTNER
Radio Punjab
Punjabi
SUMEL SINGH
IQBAL SINGH
AMOLAK SINGH
PALWINDER S GAKHAL
VANCO TRUCK & AUTO PLAZA
FRIENDS ENTERTAINMENT GROUP
SPEED HAULIER INC.
SIMRAN TRUCKING
ALL CITY TRUCKING INC.

ੴ ਵਾਹਿਗੁਰੂ ਜੀ ਕੀ ਫ਼ਤਹਿ ॥

ਖ਼ਾਲਸਾ ਅਕਾਲ ਪੁਰਖ ਕੀ ਫ਼ੌਜ ॥ ਪ੍ਰਗਟਿਓ ਖ਼ਾਲਸਾ ਪਰਮਾਤਮ ਕੀ ਮੌਜ ॥

# ਗੁਰਦੁਆਰਾ ਸਿੰਘ ਸਭਾ

# ਅੰਮ੍ਰਿਤ ਸੰਚਾਰ

## ਐਤਵਾਰ, ਅਪ੍ਰੈਲ 16, 2017

## ਸਵੇਰੇ 7: 00 ਵਜੇ



ਸੰਗਤ ਦੀ ਬੇਨਤੀ ਉਤੇ ਗੁਰਦੁਆਰਾ ਸਾਹਿਬ ਵਲੋਂ ਰਹਿਣ ਦਾ ਪ੍ਰਬੰਧ ਅਤੇ ਏਅਰ ਪੋਰਟ ਤੋਂ ਲਿਆਉਣ ਅਤੇ ਛੱਡਣ ਦਾ ਪ੍ਰਬੰਧ ਕੀਤਾ ਜਾਵੇਗਾ। ਇਹ ਸਹੂਲਤ ਸ਼ਹਿਰ ਅਤੇ ਸ਼ਹਿਰ ਤੋਂ ਬਾਹਰ ਦੀ ਸੰਗਤ ਲਈ ਹੈ।ਗੁਰਦੁਆਰਾ ਸਾਹਿਬ ਦੁਆਰਾ ਕਕਾਰ ਵੀ ਦਿੱਤੇ ਜਾਣਗੇ।

# Gurdwara Singh Sabha of North Texas

1201 Abrams Rd, Richardson, TX 75081
(972) 235-3388
www.GurdwaraRichardson.org

For more information contact:
Bhai Harnam Singh (214) 854-6253
Bhai Swaran Singh (214) 909-0555



# ‘17ਵੇਂ ਮੇਲਾ ਗਦਰੀ ਬਾਬਿਆਂ ਦਾ’ 2 ਅਪ੍ਰੈਲ ਨੂੰ

**ਫਰਿਜ਼ਨੋਂ/ਕੁਲਵੀਰ ਹੇਅਰ:**
ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਹਰ ਸਾਲ਼ ਦੀ ਤਰ੍ਹਾਂ ਇਸ ਸਾਲ ਵੀ ਗਦਰੀ ਬਾਬਿਆਂ ਦੀ ਯਾਦ ਵਿਚ ‘ਮੇਲਾ ਗਦਰੀ ਬਾਬਿਆਂ ਦਾ’ ਵਲੋਂ 2 ਅਪ੍ਰੈਲ ਐਤਵਾਰ ਨੂੰ ਸੈਂਟਰਲ ਹਾਈ ਸਕੂਲ (ਈਸਟ), ਜਿਮਨੇਜ਼ੀਅਮ 3535 ਨੌਰਥ ਕਰਨੀਲੀਆ ਐਵਨਿਊ, ਫਰਿਜ਼ਨੋ, (ਕਰਨੀਲੀਆ ਅਤੇ ਡਕੋਟਾ ਦੇ ਕੌਰਨਰ ’ਤੇ) ਵਿਖੇ ਬਹੁਤ ਹੀ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਸਬੰਧੀ ਇਕ ਅਹਿਮ ਮੀਟਿੰਗ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੇਲੇ ਦੀਆਂ ਤਿਆਰੀਆਂ ਦਾ ਜ਼ਾਇਜ਼ਾ ਲਿਆ ਗਿਆ।

ਫੋਰਮ ਦੇ ਸੈਕਟਰੀ ਸੁਰਿੰਦਰ ਮੰਢਾਲੀ ਨੇ ਦੱਸਿਆ ਕਿ ਇਹ ਮੇਲਾ ਸੰਨ 1917 ਦੇ ਗਦਰੀ ਸ਼ਹੀਦਾਂ ਡਾ. ਅਰੂੜ ਸਿੰਘ, ਹਰਨਾਮ ਸਿੰਘ ਸੈਣੀ, ਬਲਵੰਤ ਸਿੰਘ ਖੁਰਦਪੁਰ, ਡਾ. ਮਥਰਾ ਸਿੰਘ, ਹਾਫਿਜ਼ ਅਬਦੁਲਾ, ਜਵੰਦ ਸਿੰਘ ਨੰਗਲ ਕਲਾਂ ਅਤੇ ਹੋਰ ਗਦਰੀਆਂ ਦੀ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ ਹੈ। ਮੇਲੇ ਦੇ ਮੁੱਖ ਮਹਿਮਾਨ ’ਤੇ ਬੁਲਾਰੇ ਪ੍ਰੋ. ਨਰੰਜਨ ਸਿੰਘ ਢੇਸੀ ਸਾਬਕਾ ਮੁਖੀ ਪੰਜਾਬੀ ਵਿਭਾਗ ਖਾਲਸਾ ਕਾਲਜ ਜਲੰਧਰ ਹੋਣਗੇ। ਇਸ ਮੇਲੇ ਵਿਚ ਬੱਚਿਆਂ ਦੁਆਰਾ ਗਿੱਧਾ ਭੰਗੜਾ ਤੋਂ ਇਲਾਵਾ ਉਚ ਕੋਟੀ ਦੇ ਕਲਾਕਾਰ ਗਾਇਕਾਂ ਜੋਤ ਰਣਜੀਤ, ਗਾਇਕ ਧਰਮਵੀਰ ਥਾਂਦੀ, ਗਾਇਕ ਜੀਤਾ ਗਿੱਲ , ਗਾਇਕ ਹਰਜੀਤ ਸਿੰਘ ਮਰਸਿਡ ਅਤੇ ਰਾਜ ਬਰਾੜ ਵਲੋਂ ਗਦਰੀ ਬਾਬਿਆਂ ਦੇ ਇਨਕਲਾਬੀ ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ। ਉੱਘੀ ਮੰਚ ਸੰਚਾਲਿਕਾ ਆਸ਼ਾ ਸ਼ਰਮਾ ਵਲੋਂ ਸਟੇਜ ਸੰਭਾਲੀ ਜਾਵੇਗੀ ਅਤੇ ਇਸ ਮੌਕੇ ਪਹੁੰਚਣ ਵਾਲੇ ਉੱਚ ਕੋਟੀ ਦੇ ਬੁਲਾਰਿਆਂ ਵਲੋਂ ਦੇਸ਼ ਦੇ ਗਦਰੀ ਇਤਿਹਾਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇਗੀ। ਫੋਰਮ ਵਲੋਂ ਇਸ ਮੇਲੇ ਮੌਕੇ ਇਕ ਸੋਵੀਨਾਰ ਵੀ ਕੱਢਿਆ ਜਾਵੇਗਾ ਅਤੇ ਵੱਧ ਨੰਬਰ ਲੈ ਕੇ ਪਾਸ ਹੋਣ ਵਾਲੇ ਬੱਚਿਆਂ ਨੂੰ ਖਾਸ ਤੌਰ ਤੇ ਸਨਮਾਨਿਤ ਕੀਤਾ ਜਾ ਰਿਹਾ ਹੈ।

ਸਮੁੱਚੀ ਸੰਸਥਾ ਵਲੋਂ ਇਸ ਮੇਲੇ ਲਈ ਖੁੱਲ੍ਹਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਆਉ ਸਭ ਪਰਿਵਾਰਾਂ ਸਮੇਤ ਇਕੱਤਰ ਹੋ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰੀਏ ਅਤੇ ਆਪਣੇ ਬੱਚਿਆਂ ਨੂੰ ਇਸ਼ ਸ਼ਾਨਾਮੱਤੇ ਇਤਿਹਾਸ ਤੋਂ ਜਾਣੂੰ ਕਰਵਾਈਏ। ਮੀਟਿੰਗ ਵਿਚ ਫੋਰਮ ਦੇ ਮੈਂਬਰ ਅਤੇ ਹੋਰ ਸਹਿਯੋਗੀ ਵੀ ਹਾਜ਼ਰ ਸਨ।



## ਜੀ.ਐਚ.ਜੀ. ਫਰਿਜ਼ਨੋ ਦਾ ਛੇਵਾਂ ਵਿਰਾਸਤੀ ਖੇਡ ਮੇਲਾ ਅਮਿੱਟ ਪੈੜਾਂ ਛੱਡਦਾ ਹੋਇਆ ਸਮਾਪਤ

**ਫਰਿਜ਼ਨੋ/ਬਿਊਰੋ ਨਿਊਜ਼:**
ਜੀ.ਐਚ.ਜੀ. ਅਕੈਡਮੀ ਫਰਿਜ਼ਨੋ ਵਲੋਂ ਕਰਵਾਇਆ ਛੇਵਾਂ ਵਿਰਾਸਤੀ ਖੇਡ ਮੇਲਾ ਆਪਣੇ ਆਪ ਵਿਚ ਮਿਸ਼ਾਲ ਹੋ ਨਿਬੜਿਆ। ਪੰਜ ਸੌ ਤੋਂ ਵਧੇਰੇ ਬੱਚਿਆਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਪੁੱਜੇ ਦਰਸ਼ਕਾਂ ਦੇ ਸਾਹਮਣੇ ਪੰਜਾਬ ਦੀਆਂ ਵਿਰਾਸਤੀ ਖੇਡਾਂ ਦਾ ਪ੍ਰਦਰਸ਼ਨ ਕੀਤਾ। ਫਰਿਜ਼ਨੋ ਦਾ ਰੋਇੰਡਿੰਗ ਪਾਰਕ ਪੰਜਾਬ ਦੇ ਕਿਸੇ ਪਿੰਡ ਦੀ ਝਲਕ ਦੇ ਰਿਹਾ ਸੀ। ਇਹ ਮੇਲਾ ਤਕਰੀਬਨ 11 ਵਜੇ ਗੁਰੂ ਸਾਹਿਬ ਅੱਗੇ ਅਰਦਾਸ ਕਰਨ ਮਗਰੋਂ ਸ਼ੁਰੂ ਹੋਇਆ। ਇਸ ਤੋਂ ਬਾਅਦ ਡਲੀਨੋ ਤੋਂ ਆਏ ਬੱਚਿਆਂ ਨੇ ਰਸਭਿੰਨਾ ਕੀਰਤਨ ਕਰਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ। ਉਸ ਤੋਂ ਬਾਅਦ ਅਮੈਰੀਕਨ ਐਂਥਿਮ ਨਾਲ ਖੇਡ ਮੈਦਾਨ ਵਿਚ ਮਾਰਚ ਪਾਸਟ ਕੀਤਾ ਗਿਆ। ਇਸ ਤੋਂ ਬਾਅਦ ਬੱਚੇ ਅਤੇ ਮਾਪੇ ਵੱਖੋ-ਵੱਖ ਉਮਰ ਵਰਗ ਦੇ ਗਰੁੱਪਾਂ ਵਿਚ ਖੇਡਾਂ ਖੇਡਦੇ ਰਹੇ। ਪਹਿਲੇ, ਦੂਜੇ ਅਤੇ ਤੀਸਰੇ ਸਥਾਨ ’ਤੇ ਆਉਣ ਵਾਲਿਆਂ ਨੂੰ ਇਨਾਮ ਦਿੱਤੇ ਗਏ। ਇਸ ਮੌਕੇ ਬੰਟੇ, ਖ਼ੋ-ਖ਼ੋ, ਬਾਂਦਰ ਕੀਲਾ, ਕਬੱਡੀ, ਗੁੱਲੀਡੰਡਾ, ਬੈਗ ਰੇਸ, ਸਪੂਨ ਰੇਸ, ਤਿੰਨ ਟੰਗੀ ਰੇਸ, ਟਾਵਲ ਰੇਸ, ਚਾਟੀ ਰੇਸ, ਹੋਰ ਬਹੁਤ ਸਾਰੀਆਂ ਰਵਾਇਤੀ ਖੇਡਾਂ ਖਿੱਚ ਦਾ ਕੇਂਦਰ ਬਣੀਆ ਰਹੀਆਂ। ਯੂਨਾਈਟਡ ਸਪੋਰਟਸ ਕਲੱਬ ਦੇ ਸਹਿਯੋਗ ਨਾਲ ਕਰਵਾਏ ਗਏ ਵਾਲੀਬਾਲ ਮੁਕਾਬਲੇ ਵਿਚ ਫਰਿਜ਼ਨੋ ਦੀ ਟੀਮ ਨੇ ਪਹਿਲਾ ਅਤੇ ਸੈਨਹੋਜ਼ੇ ਦੀ ਟੀਮ ਨੇ ਦੂਸਰਾ ਸਥਾਨ ਹਾਸਲ ਕੀਤਾ। ਘੋੜਾ ਕਬੱਡੀ ਵਿਚ ਜੀ.ਐਚ.ਜੀ. ਦੇ ਗੱਭਰੂ ਪਹਿਲੇ ਅਤੇ ਖਾਲਸਾ ਟੀਮ ਗੁਰੂਘਰ ਨਾਨਕ ਪ੍ਰਗਾਸ ਦੇ ਬੱਚੇ ਬਹੁਤ ਹੀ ਸਖ਼ਤ ਮੁਕਾਬਲੇ ਵਿਚ ਦੂਸਰੇ ਸਥਾਨ ’ਤੇ ਰਹੇ। ਰੱਸਾਕਸ਼ੀ ਵਿਚ ਇੰਦਰਜੀਤ ਨਾਗਰਾ ਦੀ ਅਗਵਾਈ ਵਿਚ ਆਏ ਬਜ਼ੁਰਗਾਂ ਦੀ ਟੀਮ ਨੇ ਮੇਲਾ ਲੁੱਟ ਲਿਆ। ਰੱਸਾਕਸ਼ੀ ਮੁਕਾਬਲੇ ਵਿਚ ਟਰੱਕਾਂ ਵਾਲੇ ਵੀਰਾਂ ਦੀਆਂ ਦੋਵੇਂ ਟੀਮਾਂ ਬਾਜ਼ੀ ਮਾਰ ਗਈਆਂ। ਬੀਬੀਆਂ ਦੇ ਰੱਸਾਕਸ਼ੀ ਮੁਕਾਬਲੇ ਵਿਚ ਧੀਆਂ ਦੀ ਟੀਮ ਨੇ ਮਾਂਵਾਂ ਦੀ ਟੀਮ ਨੂੰ ਕਰਾਰੀ ਹਾਰ ਦਿੱਤੀ। ਗੀਤ ਸੰਗੀਤ ਸਾਰਾ ਦਿਨ ਚਲਦਾ ਰਿਹਾ। ਸਟੇਜ ਦੀ ਸੇਵਾ ਗੁਰਦੀਪ ਸਿੰਘ ਸ਼ੇਰਗਿੱਲ ਨੇ ਬਾਖੂਬੀ ਨਿਭਾਈ। ਕਬੱਡੀ ਦੀ ਕਮੈਂਟਰੀ ਕਰਕੇ ਜਸਪ੍ਰੀਤ ਸਿੱਧੂ ਨੇ ਚੰਗਾ ਰੰਗ ਬੰਨ੍ਹਿਆ। ਮਿਊਜ਼ੀਕਲ ਚੇਅਰ ਦੇ ਬਹੁਤ ਹੀ ਰੋਚਕ ਮੁਕਾਬਲੇ ਹੋਏ। ਗੁਰੂ ਕੇ ਲੰਗਰ ਸਾਰਾ ਦਿਨ ਅਤੁੱਟ ਵਰਤਦੇ ਰਹੇ। ਸਿਕੰਦਰ ਚੀਮਾ, ਸ਼ਿਕਾਗੋ ਪੀਜ਼ਾ, ਸੰਗੂ ਫੈਮਿਲੀ, ਮਨਜਿੰਦਰ ਚਾਹਲ, ਤਲਵਿੰਦਰ ਓਦਲ, ਜੋਗਾ ਅਤੇ ਬਿੱਟੂ (ਪੀ ਐਮ ਫਲੀਟ ਸਰਵਿਸ) ਅਤੇ ਜੀਤਾ ਆਰ ਵੀ ਟਰਾਂਸਪੋਰਟ ਦੇ ਪਰਿਵਾਰਾਂ ਨੇ ਲੰਗਰ ਦੀ ਸੇਵਾ ਵਿਚ ਹਿੱਸਾ ਪਾਇਆ। ਪਾਣੀ ਦੀ ਸੇਵਾ ਦਵਿੰਦਰ ਢਿੱਲੋਂ ਅਤੇ ਗੁਰਪ੍ਰੀਤ ਧਾਲੀਵਾਲ ਪਰਿਵਾਰਾਂ ਵੱਲੋਂ ਕੀਤੀ ਗਈ। ਇੰਡੋ ਅਮੈਰੀਕਨ ਹੈਰੀਟੇਜ ਫੋਰਸ ਅਤੇ ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਸੰਸਥਾਵਾਂ ਨੇ ਵੀ ਪੂਰਨ ਸਹਿਯੋਗ ਦਿੱਤਾ, ਸਾਊਂਡ ਸਿਸਟਮ ਦੀ ਸੇਵਾ ਬਲਦੇਵ ਵਿਰਕ ਵੱਲੋਂ ਕੀਤੀ ਗਈ।

ਬਾਕੀ ਸਫ਼ਾ 30 ’ਤੇ



# ਜ਼ਿੰਦਗੀ ਨੂੰ ਸੁਹਾਵਣੀ ਬਣਾਓ 'ਦ ਕੰਪਨੀ ਯੂ ਕੀਪ' ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।





COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!



# HYDERABAD PAVILION

## VEGETABLES
FRESHLY MADE EVERYDAY!

39030 Argonaut Way, Fremont, CA 94538




THALI • BIRYANI • TANDOORI

ਅੰਮ੍ਰਿਤਸਰੀ ਕੁਲਚੇ ਦਾ ਅਸਲੀ ਜ਼ਾਇਕਾ ਸਿਰਫ ਹੈਦਰਾਬਾਦ ਪੰਜਾਬੀ ਢਾਬੇ 'ਤੇ ਹੀ ਮਿਲਦਾ ਹੈ
ਅਸੀਂ ਕੇਟਰਿੰਗ ਵੀ ਕਰਦੇ ਹਾਂ।

ORDER AHEAD & PICKUP, CALL:
510.713.0183





Raja Sweets & Catering

Raja Sweets & Indian Cuisine

Raja Indian Cuisine & Bar

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

- All kinds of Sweets
- Snacks & Food
- Chaat & Tikki Stall
- Pani Poori Stall
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


ਯੂਬਾ ਸੁਟਰਜ਼ ਫੀਲਡ ਹਾਕੀ ਕਲੱਬ ਅਤੇ
ਗਦਰੀ ਬਾਬੇ ਸਪੋਰਟਸ ਕਲੱਬ
ਯੂਨੀਵਰਸਿਟੀ ਆਫ ਪੈਸਿਫਿਕ
ਦੇ ਸਹਿਯੋਗ ਨਾਲ ਪੇਸ਼ ਕਰਦੇ ਹਨ
7ਵਾਂ ਫੀਲਡ ਹਾਕੀ ਟੂਰਨਾਮੈਂਟ 2017
31 ਮਾਰਚ, 01 ਅਤੇ 02 ਅਪ੍ਰੈਲ 2017, ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ
University of Pacific, 3601 Pacific Ave. Stockton, California
ਪਹਿਲਾ ਇਨਾਮ
8100 ਡਾਲਰ
Sponsored By
Gakhal Brothers
ਹਾਕੀ ਦੇ ਦਿਲਚਸਪ ਮੁਕਾਬਲੇ
ਦੇਖਣ ਲਈ
ਖੇਡ ਪ੍ਰੇਮੀਆਂ ਨੂੰ
ਦੂਜਾ ਇਨਾਮ
4100 ਡਾਲਰ
Sponsored By
Malkit Sing Boparai
ਗੁਰੂ ਕਾ ਲੰਗਰ ਦਾ ਅਤੁੱਟ
ਵਰਤਾਇਆ ਜਾਵੇਗਾ
ਤਿੰਨੇ ਦਿਨ ਹੁੰਮ ਹੁਮਾ ਕੇ ਪਹੁੰਚਣ ਦਾ ਖੁੱਲ੍ਹਾ ਸੱਦਾ
SPONSORS
BHANDAL BRO. TRUCKING, A & I TRUCKING, HARMANS TRUCKING, A.D SERVICES, FAST CARGO INC., TAJINDER SINGH, VANCO TRUCK & AUTO PLAZA, SHOP & GO, MANJIT UPPAL, BACHITTAR SINGH, SARBJIT (WELLS FARGO), RANJIT DHALIWAL, AMRICAN FREIGHT (RIMPIE), WHITE HAWK, AUR BUSINESS SERVICE (AMAN SINGH SANDHU), JUMBO LOGISTIC, C AND A TRANS (SEKHON MANTECA), MAHAL TRUCKING , SARBJIT MAHAL, RANJIT LATHROP CA, BULLET EXPRESS, COMMANDER TRANSPORT, POWER TRUCK LINES, HSB TRUCKING, LAKHA MAHL, GURNAM SINGH MANTICA, SIGMA FREIGHT, EHAM TRANS, KASHMIR THANDI, BALHAR RANU, SAC TRUCK LINE, PS CARRIER, BALJINDER SINGH SACTO, GLOBAL ALLIANCE (KAPOOR), PAPA MURPHY (CHARAN KANG), RAMAN DHALIWAL, MAJOR SINGH LAVINGSTON, KULWINDER SINGH BAL, GURMUKH SINGH SANDHU, EAGLE EXPRESS, BALJIT SAHOTA, SONY SINGH, GURPREET JOHAL, LIQOUR KING, GILL TRANSPORT INC., AMARJIT SINGH DULAI HARBINDER JANDA, AVTAR SINGH SAHOTA, TIRATH GAKHAL, BALWINDER SINGH MITHU, KARNAIL SANDHU, SUKHDEV SINGH SANDHU, BALJINDER SINGH KLAIR, SARUP SINGH SARAI, MOHINDER SINGH KHINDA, GURMIT SINGH SANDHU, SUMER SINGH SANDHU, SODHI SINGH SIDHU, GURBIT SINGH BASRA, GURMEJ SINGH GILL, AMANMEET SINGH SANDHU, PARMJIT SINGH SIDHU, SURINDER SINGH ATWAL (ABT.), JASJEET SINGH, DR. PRITPAL SINGH, AJMER SINGH NIJJAR, HARTMAN SINGH
ਹੋਰ ਜਾਣਕਾਰੀ ਲਈ ਸੰਪਰਕ
Surjit Singh Nijjar 530-682-9596, Dave Atwal 209-456-2554, Jitu Dhaliwal 209-914-3616

# ਨਸ਼ਾ ਤਸਕਰੀ ਕੇਸ 'ਚ ਸ਼ਾਮਲ ਸਿਆਸੀ ਆਗੂਆਂ ਦੇ ਦਾਮਨ ਕੀਤੇ 'ਸਵੱਛ'

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼:** ਡਰੱਗ ਤਸਕਰੀ ਮਾਮਲੇ ਵਿੱਚ ਪੁਲੀਸ ਨੇ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਬਣੀ ਵਿਸ਼ੇਸ਼ ਜਾਂਚ ਟੀਮ (ਸਿਟ) ਵੱਲੋਂ ਇਸ ਮਾਮਲੇ ਦੀ ਨਵੇਂ ਸਿਰਿਓਂ ਕੀਤੀ ਪੜਤਾਲ ਦੌਰਾਨ ਕਿਸੇ ਵੀ ਸਿਆਸੀ ਆਗੂ ਦਾ ਨਾਂ ਸਾਹਮਣੇ ਨਹੀਂ ਆਇਆ। ਉਂਜ ਜਾਂਚ ਕਮੇਟੀ ਨੇ 20 ਮੁਲਜ਼ਮਾਂ ਵਿਚੋਂ ਬਰਖ਼ਾਸਤ ਡੀਐਸਪੀ ਜਗਦੀਸ਼ ਸਿੰਘ ਭੋਲਾ ਸਮੇਤ 13 ਮੁਲਜ਼ਮਾਂ ਖ਼ਿਲਾਫ਼ ਠੋਸ ਸਬੂਤ ਹੋਣ ਦਾ ਦਾਅਵਾ ਕੀਤਾ ਹੈ। ਇਨ੍ਹਾਂ ਵਿੱਚ ਮਨਜਿੰਦਰ ਸਿੰਘ ਔਲਖ ਉਰਫ਼ ਬਿੱਟੂ ਔਲਖ, ਅਨਿਲ ਚੌਹਾਨ, ਸਰਬਜੀਤ ਸਿੰਘ, ਸਤਿੰਦਰ ਧਾਮਾ, ਬਲਜਿੰਦਰ ਸਿੰਘ ਸੋਨੂੰ, ਦਵਿੰਦਰ ਸਿੰਘ ਹੈਪੀ, ਸੁਰਜੀਤ ਸਿੰਘ, ਹਰਮਿੰਦਰ ਸਿੰਘ, ਜਗਜੀਤ ਚਾਹਲ, ਪਰਮਜੀਤ ਚਾਹਲ, ਪਰਮਜੀਤ ਪੰਮਾ ਅਤੇ ਦੀਪ ਸਿੰਘ ਉਰਫ਼ ਦੀਪੂ ਸ਼ਾਮਲ ਹਨ। ਉਂਜ ਸਾਰੇ ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਹੀ ਦੋਸ਼ ਤੈਅ ਹੋ ਚੁੱਕੇ ਹਨ।

'ਸਿਟ' ਵੱਲੋਂ 16 ਮਾਰਚ ਨੂੰ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਆਂਸਲ ਬੇਰੀ ਦੀ ਅਦਾਲਤ ਵਿੱਚ ਕਰੀਬ 1700 ਪੰਨਿਆਂ ਦੀ ਇਹ ਜਾਂਚ ਰਿਪੋਰਟ ਪੇਸ਼ ਕੀਤੀ ਗਈ ਸੀ।



ਪੁਲੀਸ ਨੇ ਆਪਣੀ ਰਿਪੋਰਟ ਵਿੱਚ ਮੁਲਜ਼ਮਾਂ ਦੇ ਮੋਬਾਈਲ ਫੋਨਾਂ ਦੀ ਕਾਲ ਡਿਟੇਲ ਅਤੇ ਕਬਜ਼ੇ ਵਿੱਚ ਲਏ ਕੰਪਿਊਟਰਾਂ ਨੂੰ ਆਧਾਰ ਬਣਾਇਆ ਹੈ। ਰਿਪੋਰਟ ਮੁਤਾਬਕ ਕੋਈ ਵੀ ਸ਼ੱਕੀ ਰਾਜਸੀ ਆਗੂ ਮੁਲਜ਼ਮਾਂ ਦੇ ਸੰਪਰਕ ਵਿੱਚ ਨਹੀਂ ਸੀ ਅਤੇ ਨਾ ਕਬਜ਼ੇ ਵਿੱਚ ਲਏ ਕੰਪਿਊਟਰਾਂ ਦੀ ਜਾਂਚ ਦੌਰਾਨ ਕਿਸੇ ਵਿਰੁੱਧ ਕੋਈ ਸਬੂਤ ਮਿਲਿਆ ਹੈ। ਖ਼ਾਸ ਗੱਲ ਇਹ ਹੈ ਕਿ ਜਿਸ ਦਿਨ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ, ਉਸੇ ਦਿਨ ਇਹ ਰਿਪੋਰਟ ਅਦਾਲਤ ਵਿੱਚ ਪੇਸ਼ ਕੀਤੀ ਗਈ। ਇਸ ਸਬੰਧੀ ਸੰਪਰਕ ਕਰਨ 'ਤੇ ਆਈਜੀ ਈਸ਼ਵਰ ਸਿੰਘ ਨੇ ਕੋਈ ਟਿੱਪਣੀ ਕਰਨ ਤੋਂ ਸਾਫ਼ ਮਨ੍ਹਾ ਕਰ ਦਿੱਤਾ।

ਜਿਨ੍ਹਾਂ ਸਮਗਲਰਾਂ ਉਤੇ ਦੋਸ਼ ਹਨ, ਉਨ੍ਹਾਂ ਵਿਚ ਸਤਿੰਦਰ ਸ਼ਰਮਾ, ਪੰਚਕੂਲਾ, ਬਲਜਿੰਦਰ ਸਿੰਘ ਉਰਫ਼ ਸੋਨੂ, ਅੰਮ੍ਰਿਤਸਰ ਸਾਬਕਾ ਡੀਐੱਸਪੀ ਜਗਦੀਸ਼ ਸਿੰਘ ਭੋਲਾ, ਮੁਹਾਲੀ ਸਾਬਕਾ ਸਬ ਇੰਸਪੈਕਟਰ ਸਰਬਜੀਤ ਸਿੰਘ, ਕੱਥੂ ਨੰਗਲ, ਪਰਮਜੀਤ ਸਿੰਘ ਪੰਮਾ, ਕੱਥੂ ਨੰਗਲ, ਜਗਜੀਤ ਸਿੰਘ ਚਾਹਲ, ਰੋਮਾਣਾ ਚੱਕ, ਅੰਮ੍ਰਿਤਸਰ, ਪਰਮਜੀਤ ਸਿੰਘ ਚਾਹਲ, ਰੋਮਾਣਾ ਚੱਕ, ਅੰਮ੍ਰਿਤਸਰ, ਮਨਿੰਦਰ ਸਿੰਘ ਔਲਖ, ਵੈਰੋਕੇ, ਅੰਮ੍ਰਿਤਸਰ, ਦੀਪ ਸਿੰਘ, ਪੰਚਕੂਲਾ, ਸੁਰਜੀਤ ਸਿੰਘ, ਸਵਰੂਪ ਨਗਰ, ਦਿੱਲੀ

ਹਰਮਿੰਦਰ ਸਿੰਘ, ਜਲੰਧਰ, ਦਵਿੰਦਰ ਸਿੰਘ ਉਰਫ਼ ਹੈਪੀ, ਬਠਿੰਡਾ, ਅਨਿਲ ਚਵਾਨ ਉਰਫ਼ ਰਵੀ, ਗੋਆ ਸ਼ਾਮਲ ਹਨ। ਭਗੌੜਿਆਂ ਦੀ ਸੂਚੀ ਵਿਚ ਬਰਤਰਫ਼ ਸਬ ਇੰਸਪੈਕਟਰ, ਨਵਾਂ ਗਾਓਂ, ਮੁਹਾਲੀ ਅਮਨਿੰਦਰ ਛੀਨਾ ਉਰਫ਼ ਲਾਡੀ ਛੀਨਾ, ਕੈਨੇਡਾ, ਅਮਰਜੀਤ ਸਿੰਘ ਕੂਨਰ, ਕੈਨੇਡਾ, ਲਹਿੰਬਰ ਸਿੰਘ, ਕੈਨੇਡਾ, ਪਰਦੀਪ ਸਿੰਘ, ਜਗਰਾਓਂ, ਰਾਜਵਿੰਦਰ ਸਿੰਘ, ਰੁਦਰਪੁਰ, ਉਤਰਾਖੰਡ ਸ਼ਾਮਲ ਹਨ।

## ਕੈਪਟਨ ਸਰਕਾਰ ਦੇ ਖੰਭਾਂ ਨਾਲ ਉੱਡਿਆ 'ਜੁਗਨੂੰ'

***ਜੁਗਨੂੰ ਦਾ ਪਿਤਾ 'ਪੀਪਲਜ਼ ਪਾਰਟੀ ਆਫ਼ ਪੰਜਾਬ' ਦਾ ਸੀਨੀਅਰ ਆਗੂ ਰਿਹੈ***

ਬਠਿੰਡਾ/ਚਰਨਜੀਤ ਭੁੱਲਰ : ਬਠਿੰਡਾ ਪੁਲੀਸ ਨੇ ਸਿਆਸੀ ਦਬਕੇ ਮਗਰੋਂ ਵੀਆਈਪੀ ਠੇਕੇਦਾਰ ਨੂੰ ਜੇਲ੍ਹ ਵਿੱਚੋਂ 'ਮੁਕਤੀ' ਦਿਵਾ ਦਿੱਤੀ ਹੈ। ਕੈਪਟਨ ਸਰਕਾਰ ਨੇ ਅਡਵਾਂਸ ਵਾਈਨ ਦੇ ਠੇਕੇਦਾਰ ਨੂੰ ਸੀਖਾਂ ਤੋਂ ਬਾਹਰ ਕੱਢਣ ਲਈ ਖ਼ੁਦ ਪਹਿਲ ਕੀਤੀ, ਕਿਉਂਕਿ ਅਦਾਲਤ 'ਚੋਂ ਠੇਕੇਦਾਰ ਦੀ ਰੈਗੂਲਰ ਜ਼ਮਾਨਤ ਨਹੀਂ ਹੋਈ। ਜ਼ਿਲ੍ਹਾ ਪੁਲੀਸ ਹੁਣ ਠੇਕੇਦਾਰ ਜਸਵਿੰਦਰ ਸਿੰਘ ਉਰਫ਼ ਜੁਗਨੂੰ ਖ਼ਿਲਾਫ਼ ਦਰਜ ਕੇਸ ਨੂੰ ਖ਼ਾਰਜ ਕਰਨ ਦੇ ਰਾਹ ਪੈ ਗਈ ਹੈ।



ਚੋਣਾਂ ਦੌਰਾਨ ਇਸ ਠੇਕੇਦਾਰ ਦੇ ਗੁਦਾਮਾਂ ਵਿੱਚੋਂ ਕਰੀਬ ਸਵਾ ਲੱਖ ਬੋਤਲ ਗ਼ੈਰਕਾਨੂੰਨੀ ਸ਼ਰਾਬ ਫੜੀ ਗਈ ਸੀ। ਜਸਵਿੰਦਰ ਸਿੰਘ ਤੇ ਹਿੱਸੇਦਾਰਾਂ ਖ਼ਿਲਾਫ਼ ਥਾਣਾ ਕੈਨਾਲ ਵਿੱਚ 28 ਜਨਵਰੀ 2017 ਨੂੰ ਐਫਆਈਆਰ ਨੰਬਰ 14 ਦਰਜ ਹੋਈ ਸੀ। ਪੁਲੀਸ ਨੇ 20 ਫਰਵਰੀ ਨੂੰ ਠੇਕੇਦਾਰ ਜੁਗਨੂੰ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਜਦੋਂ ਪੁਲੀਸ ਨੇ ਉਸ ਨੂੰ ਜ਼ਿਲ੍ਹਾ ਅਦਾਲਤ ਵਿੱਚੋਂ ਧਾਰਾ 169 ਤਹਿਤ ਰਾਹਤ ਦਿਵਾ ਦਿੱਤੀ ਤਾਂ ਉਹ ਹਸਪਤਾਲ ਵਿਚੋਂ ਹੀ ਰਿਹਾਅ ਹੋ ਕੇ ਘਰ ਚਲਾ ਗਿਆ। ਜੇਲ੍ਹ ਦੇ ਡਿਪਟੀ ਸੁਪਰਡੈਂਟ ਬਲਜੀਤ ਸਿੰਘ ਦਾ ਕਹਿਣਾ ਸੀ ਕਿ ਜੇਲ੍ਹ ਦੇ ਡਾਕਟਰ ਦੀ ਸਿਫ਼ਾਰਸ਼ 'ਤੇ ਠੇਕੇਦਾਰ ਨੂੰ ਹਸਪਤਾਲ ਭੇਜਿਆ ਗਿਆ ਸੀ, ਜਿੱਥੋਂ ਉਹ ਅਦਾਲਤੀ ਹੁਕਮਾਂ ਮਗਰੋਂ ਰਿਹਾਅ ਹੋ ਗਿਆ ਹੈ। ਆਬਕਾਰੀ ਮਹਿਕਮੇ ਦੇ ਉਸ ਦੀ ਅਡਵਾਂਸ ਵਾਈਨ ਵੱਲ 18.09 ਕਰੋੜ ਦੇ ਬਕਾਏ ਖੜ੍ਹੇ ਹਨ। ਦੱਸਣਯੋਗ ਹੈ ਕਿ ਇਸ ਠੇਕੇਦਾਰ ਦਾ ਪਿਤਾ ਅਤੇ ਸਾਬਕਾ ਚੇਅਰਮੈਨ 'ਪੀਪਲਜ਼ ਪਾਰਟੀ ਆਫ਼ ਪੰਜਾਬ' ਦਾ ਸੀਨੀਅਰ ਆਗੂ ਰਿਹਾ ਹੈ। ਕਰ ਅਤੇ ਆਬਕਾਰੀ ਅਫ਼ਸਰ ਵਿਕਰਮ ਠਾਕੁਰ ਨੇ ਅਦਾਲਤ ਵਿੱਚ ਬਿਆਨ ਦਰਜ ਕਰਾ ਦਿੱਤੇ ਕਿ ਠੇਕੇਦਾਰ ਦੀ ਜ਼ਮਾਨਤ ਹੋਣ 'ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਥਾਣਾ ਕੈਨਾਲ ਦੇ ਮੁੱਖ ਥਾਣਾ ਅਫ਼ਸਰ ਗੁਰਦੇਵ ਸਿੰਘ ਭੱਲਾ ਦਾ ਕਹਿਣਾ ਸੀ ਕਿ ਅਦਾਲਤ ਨੇ ਠੇਕੇਦਾਰ ਨੂੰ ਆਰਜ਼ੀ ਰਾਹਤ ਦਿੱਤੀ ਹੈ। ਈਟੀਓ ਵਿਕਰਮ ਠਾਕੁਰ ਦਾ ਕਹਿਣਾ ਸੀ ਕਿ ਠੇਕੇਦਾਰ ਨੇ ਮਹਿਕਮੇ ਨੂੰ ਦਰਖ਼ਾਸਤ ਦਿੱਤੀ ਹੈ ਕਿ ਉਹ ਫੜੀ ਸ਼ਰਾਬ ਦੀ ਐਕਸਾਈਜ਼ ਡਿਊਟੀ ਭਰਨ ਨੂੰ ਤਿਆਰ ਹਨ ਅਤੇ ਉਨ੍ਹਾਂ ਨੇ ਪੁਲੀਸ ਨੂੰ ਲਿਖ ਦਿੱਤਾ ਹੈ ਕਿ ਜੇ ਫਰਮ ਐਕਸਾਈਜ਼ ਡਿਊਟੀ ਭਰਦੀ ਹੈ ਤਾਂ ਮਹਿਕਮੇ ਨੂੰ ਕੇਸ ਖ਼ਾਰਜ ਕੀਤੇ ਜਾਣ 'ਤੇ ਕੋਈ ਇਤਰਾਜ਼ ਨਹੀਂ ਹੈ। ਇਸ ਤੋਂ ਪਹਿਲਾਂ ਪੁਲੀਸ ਨੇ ਠੇਕੇਦਾਰ ਖ਼ਿਲਾਫ਼ ਦਰਜ ਕੇਸ ਦੇ ਮਾਮਲੇ ਵਿੱਚ ਵਿਸ਼ੇਸ਼ ਜਾਂਚ ਟੀਮ ਬਣਾ ਦਿੱਤੀ ਹੈ, ਜਿਸ ਦਾ ਮੁਖੀ ਐਸ.ਪੀ (ਸਥਾਨਕ) ਦੇਸ ਰਾਜ ਨੂੰ ਲਾਇਆ ਗਿਆ ਹੈ।

ਦੱਸਣਯੋਗ ਹੈ ਕਿ ਅਮਰਿੰਦਰ ਸਰਕਾਰ ਨੇ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਦਾ ਪ੍ਰਣ ਲਿਆ ਹੋਇਆ ਹੈ ਤੇ ਮੁਹਿੰਮ ਵਿੱਢੀ ਹੋਈ ਹੈ। ਇਸ ਦੌਰਾਨ ਅਜਿਹੀਆਂ ਕਾਰਵਾਈਆਂ ਨਾਲ ਮੁਹਿੰਮ 'ਤੇ ਸਵਾਲੀਆ ਨਿਸ਼ਾਨ ਲੱਗ ਰਿਹਾ ਹੈ।

## ਕੈਪਟਨ ਸਰਕਾਰ ਨੇ ਸ਼ਰਾਬ 'ਤੇ 'ਗਊ ਸੈੱਸ' ਤੋਂ ਟਾਲਾ ਵੱਟਿਆ, 'ਵਿਕਾਸ ਸੈੱਸ' ਠੋਕਿਆ

**ਬਠਿੰਡਾ/ਬਿਊਰੋ ਨਿਊਜ਼ :** ਕੈਪਟਨ ਸਰਕਾਰ ਨੇ ਸ਼ਰਾਬ 'ਤੇ 'ਗਊ ਸੈੱਸ' ਲਾਉਣ ਤੋਂ ਪਾਸਾ ਵੱਟ ਲਿਆ ਹੈ ਜਦੋਂ ਕਿ ਸ਼ਰਾਬ ਉਤੇ ਲਾਏ 'ਵਿਕਾਸ ਸੈੱਸ' ਵਿੱਚ ਵਾਧਾ ਕਰ ਦਿੱਤਾ ਹੈ। ਕਰ ਅਤੇ ਆਬਕਾਰੀ ਮਹਿਕਮੇ ਵੱਲੋਂ ਐਤਕੀਂ ਆਟਾ ਦਾਲ ਸੈੱਸ, ਸਿੱਖਿਆ ਤੇ ਖੇਡ ਸੈੱਸ, ਕਲਚਰਲ ਸੈੱਸ ਨਹੀਂ ਲਾਇਆ ਗਿਆ। ਐਕਸਾਈਜ਼ ਨੀਤੀ 2017-18 ਵਿਚ 'ਸਪੈਸ਼ਲ ਵਿਕਾਸ ਫੀਸ' ਲਾਈ ਗਈ ਹੈ। ਗਠਜੋੜ ਸਰਕਾਰ ਨੇ ਪਹਿਲਾਂ ਕਈ ਤਰ੍ਹਾਂ ਦੇ ਸੈੱਸ ਲਾਏ ਸਨ, ਜੋ 29 ਰੁਪਏ ਪ੍ਰਤੀ ਪਰੂਫ ਲਿਟਰ ਬਣਦੇ ਸਨ। ਕੈਪਟਨ ਸਰਕਾਰ ਨੇ 29 ਰੁਪਏ ਤੋਂ ਵਧਾ ਕੇ 40 ਰੁਪਏ ਪ੍ਰਤੀ ਪਰੂਫ ਲਿਟਰ 'ਸਪੈਸ਼ਲ ਵਿਕਾਸ ਫੀਸ' ਲਗਾ ਦਿੱਤੀ ਹੈ। ਪਰ 'ਗਊ ਸੈੱਸ' ਦਾ ਤਕਰੀਬਨ 200 ਕਰੋੜ ਦਾ ਭਾਰ ਪਾਉਣ ਤੋਂ ਕਿਨਾਰਾ ਕਰ ਲਿਆ ਹੈ।

ਗਠਜੋੜ ਸਰਕਾਰ ਸਮੇਂ ਸ਼ਰਾਬ 'ਤੇ 'ਗਊ ਸੈੱਸ' ਲਾਏ ਜਾਣ ਦਾ ਨੋਟੀਫਿਕੇਸ਼ਨ ਕੀਤਾ ਗਿਆ ਸੀ ਪਰ ਠੇਕੇਦਾਰਾਂ ਨੇ ਇਹ ਭਰਨ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਐਕਸਾਈਜ਼ ਨੀਤੀ ਵਿੱਚ ਇਸ ਦੀ ਵਿਵਸਥਾ ਨਹੀਂ ਕੀਤੀ ਗਈ। ਹੁਣ ਮਾਲੀ ਵਰ੍ਹੇ 2017-18 ਦੀ ਐਕਸਾਈਜ਼ ਨੀਤੀ ਵਿੱਚ 'ਗਊ ਸੈੱਸ' ਦੀ ਵਿਵਸਥਾ ਨਹੀਂ ਕੀਤੀ ਗਈ, ਜਿਸ ਤੋਂ ਸਪਸ਼ਟ ਹੈ ਕਿ ਸ਼ਰਾਬ ਉਤੇ 'ਗਊ ਸੈੱਸ' ਨਹੀਂ ਲੱਗੇਗਾ। ਪੰਜਾਬ ਰਾਜ ਗਊ ਕਮਿਸ਼ਨ ਦੇ ਚੇਅਰਮੈਨ ਕੀਮਤੀ ਲਾਲ ਭਗਤ ਨੇ ਕਿਹਾ ਕਿ ਪਿਛਲੇ ਵਰ੍ਹੇ ਵੀ ਆਬਕਾਰੀ ਮਹਿਕਮੇ ਨੇ ਸ਼ਰਾਬ ਤੋਂ 'ਗਊ ਸੈੱਸ' ਦੇ 200 ਕਰੋੜ ਰੁਪਏ ਨਹੀਂ ਵਸੂਲੇ ਸਨ ਅਤੇ ਐਤਕੀਂ ਵੀ ਇਸ ਮਾਮਲੇ 'ਤੇ ਪਾਲਸੀ ਚੁੱਪ ਹੈ। ਚੇਅਰਮੈਨ ਨੇ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਪੰਜਾਬ ਨੂੰ ਪੱਤਰ ਵੀ ਲਿਖਿਆ ਹੈ ਅਤੇ ਖ਼ੁਦ ਵੀ ਉਹ ਮੁੱਖ ਮੰਤਰੀ ਨੂੰ ਮਿਲਣਗੇ ਤਾਂ ਜੋ ਗਊ ਧਨ ਦੀ ਭਲਾਈ ਲਈ ਸ਼ੁਰੂ ਕੀਤੀਆਂ ਸਕੀਮਾਂ ਜਾਰੀ ਰਹਿਣ।

ਸੂਤਰਾਂ ਮੁਤਾਬਕ ਨਵੇਂ ਠੇਕੇ ਲੈਣ ਦੇ ਚਾਹਵਾਨ ਇਸ ਗੱਲੋਂ ਖ਼ੁਸ਼ ਹਨ ਕਿ ਉਨ੍ਹਾਂ ਦਾ ਬਚਾਅ ਹੋ ਗਿਆ ਹੈ। ਦੂਜੇ ਪਾਸੇ ਸ਼ਰਾਬੀਆਂ ਨੂੰ ਐਤਕੀਂ ਭਲਾਈ ਸਕੀਮਾਂ ਦਾ ਬੋਝ ਜ਼ਿਆਦਾ ਚੁੱਕਣਾ ਪਵੇਗਾ। ਨਜ਼ਰ ਮਾਰੀਏ ਤਾਂ ਪਹਿਲਾਂ ਹਰ ਤਰ੍ਹਾਂ ਦਾ 23 ਰੁਪਏ ਪ੍ਰਤੀ ਪਰੂਫ ਲਿਟਰ ਸੈੱਸ ਵਸੂਲ ਕੀਤਾ ਜਾਂਦਾ ਸੀ, ਜਿਸ ਵਿੱਚ ਸਾਲ 2016-17 ਵਿੱਚ ਵਾਧਾ ਕਰਕੇ 29 ਰੁਪਏ ਕਰ ਦਿੱਤਾ। ਹੁਣ ਇਸ ਸੈੱਸ ਦੀ ਥਾਂ 'ਸਪੈਸ਼ਲ ਵਿਕਾਸ ਫੀਸ' 40 ਰੁਪਏ ਪ੍ਰਤੀ ਪਰੂਫ ਲਿਟਰ ਲਗਾ ਦਿੱਤੀ ਹੈ। ਪਹਿਲਾਂ ਇਹ ਸੈੱਸ 'ਐਡੀਸ਼ਨਲ ਲਾਇਸੈਂਸ ਫੀਸ' ਤਹਿਤ ਵਸੂਲੇ ਜਾਂਦੇ ਸਨ। ਇਸੇ ਤਰ੍ਹਾਂ ਬੀਅਰ 'ਤੇ ਵੀ 10 ਰੁਪਏ ਪ੍ਰਤੀ ਬਲਕ ਲਿਟਰ 'ਸਪੈਸ਼ਲ ਫੀਸ' ਲਾਈ ਗਈ ਹੈ। ਐਡੀਸ਼ਨਲ ਕਰ ਅਤੇ ਆਬਕਾਰੀ ਕਮਿਸ਼ਨਰ ਦਾ ਕਹਿਣਾ ਸੀ ਕਿ 'ਗਊ ਸੈੱਸ' ਦੀ ਨਵੀਂ ਨੀਤੀ ਵਿੱਚ ਕੋਈ ਵਿਵਸਥਾ ਨਹੀਂ ਕੀਤੀ ਗਈ ਹੈ ਅਤੇ 'ਸਪੈਸ਼ਲ ਲਾਇਸੈਂਸ ਫੀਸ' 40 ਰੁਪਏ ਪ੍ਰਤੀ ਪਰੂਫ ਲਿਟਰ ਲਾਈ ਗਈ ਹੈ।

## ਅਕਾਲੀ ਦਲ ਦੇ ਸਟਾਰ ਪ੍ਰਚਾਰਕ ਰਹੇ ਜਰਮਨਜੀਤ ਕੋਲੋਂ ਵੱਡੀ ਮਾਤਰਾ 'ਚ ਹਥਿਆਰ ਬਰਾਮਦ

**ਫ਼ਰੀਦਕੋਟ/ਬਿਊਰੋ ਨਿਊਜ਼ :** ਵਿਧਾਨ ਸਭਾ ਚੋਣਾਂ ਵਿੱਚ ਫ਼ਰੀਦਕੋਟ ਤੋਂ ਅਕਾਲੀ ਦਲ ਦੇ ਸਟਾਰ ਪ੍ਰਚਾਰਕ ਰਹੇ ਪਿੰਡ ਗੋਲੇਵਾਲਾ ਦੇ ਜਰਮਨਜੀਤ ਸਿੰਘ ਕੋਲੋਂ ਪੁਲੀਸ ਨੇ ਭਾਰੀ ਮਾਤਰਾ ਵਿੱਚ ਹਥਿਆਰ ਬਰਾਮਦ ਕੀਤੇ ਹਨ। ਚੋਣ ਨਤੀਜਿਆਂ ਤੋਂ ਪਹਿਲਾਂ ਜਰਮਨਜੀਤ ਸਿੰਘ ਨੇ ਫ਼ਰੀਦਕੋਟ ਤੋਂ ਅਕਾਲੀ ਉਮੀਦਵਾਰ ਦੀ ਜਿੱਤ ਅਤੇ ਅਕਾਲੀ ਦਲ ਦੀ ਸਰਕਾਰ ਬਣਨ ਦਾ ਦਾਅਵਾ ਕਰਦਿਆਂ ਸੋਸ਼ਲ ਮੀਡੀਆ 'ਤੇ ਪੰਜ ਕਰੋੜ ਰੁਪਏ ਦੀ ਸ਼ਰਤ ਲਾਈ ਸੀ। ਚੋਣ ਨਤੀਜਿਆਂ ਤੋਂ ਬਾਅਦ ਜਰਮਨਜੀਤ ਸਿੰਘ ਰੂਪੋਸ਼ ਦੱਸਿਆ ਜਾ ਰਿਹਾ ਸੀ। ਜ਼ਿਲ੍ਹਾ ਪੁਲੀਸ ਮੁਖੀ ਡਾ. ਨਾਨਕ ਸਿੰਘ ਨੇ ਕਿਹਾ ਕਿ ਜਰਮਨਜੀਤ ਸਿੰਘ ਕੋਲੋਂ ਇਕ ਦੇਸੀ ਪਿਸਤੌਲ 12 ਬੋਰ, ਇਕ 315 ਬੋਰ ਪਿਸਤੌਲ, ਇਕ ਰਿਵਾਲਵਰ, ਇਕ 12 ਬੋਰ ਦੋਨਾਲੀ ਰਾਈਫਲ, 44 ਕਾਰਤੂਸ, ਇਕ ਕਾਪਾ ਅਤੇ ਇਕ ਕਿਰਚ ਬਰਾਮਦ ਕਰ ਕੇ ਉਸ ਖ਼ਿਲਾਫ਼ ਅਸਲਾ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ। ਜ਼ਿਲ੍ਹਾ ਪੁਲੀਸ ਮੁਖੀ ਨੇ ਦਾਅਵਾ ਕੀਤਾ ਕਿ ਜਰਮਨਜੀਤ ਸਿੰਘ ਦੇ ਗੈਂਗਸਟਰ ਮੁੰਨਾ ਨਿਪਾਲੀ ਨਾਲ ਕਰੀਬੀ ਸਬੰਧ ਹਨ ਅਤੇ ਇਹ ਹਥਿਆਰ ਉਸ ਨੇ ਫਿਰੌਤੀ ਲੈਣ ਲਈ ਜਮ੍ਹਾਂ ਕੀਤੇ ਸਨ। ਜਰਮਨਜੀਤ ਸਿੰਘ ਨੂੰ 23 ਮਾਰਚ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਇਸ ਦੌਰਾਨ ਜ਼ਿਲ੍ਹਾ ਪੁਲੀਸ ਨੇ ਪਿੰਡ ਪੰਜਗਰਾਈਂ ਕੋਲੋਂ ਨਾਕਾਬੰਦੀ ਕਰ ਕੇ ਇਕ ਕੈਂਟਰ ਅਤੇ ਬਲੈਰੋ ਕੈਂਪਰ ਵਿਚੋਂ 1200 ਪੇਟੀਆਂ (14400 ਬੋਤਲਾਂ) ਸ਼ਰਾਬ ਬਰਾਮਦ ਕਰ ਕੇ ਇਸ ਮਾਮਲੇ ਵਿੱਚ ਇਕਬਾਲ ਸਿੰਘ, ਹਰਪ੍ਰੀਤ ਸਿੰਘ, ਕੁਲਦੀਪ ਕੁਮਾਰ, ਅਮਰਜੀਤ ਸਿੰਘ ਤੇ ਅਜੇ ਸ਼ਰਮਾ ਨੂੰ ਗ੍ਰਿਫ਼ਤਾਰ ਕੀਤਾ ਹੈ। ਸੂਤਰਾਂ ਅਨੁਸਾਰ ਇਹ ਵਿਅਕਤੀ ਹੁਸ਼ਿਆਰਪੁਰ ਤੋਂ ਸ਼ਰਾਬ ਲਿਆ ਕੇ ਫ਼ਰੀਦਕੋਟ ਜ਼ਿਲ੍ਹੇ ਵਿੱਚ ਵੇਚਦੇ ਸਨ। ਪੁਲੀਸ ਅਨੁਸਾਰ ਇਹ ਸ਼ਰਾਬ ਠੇਕੇਦਾਰ ਦਰਸ਼ਨ ਸਿੰਘ ਦੇ ਕਹਿਣ 'ਤੇ ਲਿਆਂਦੀ ਜਾ ਰਹੀ ਸੀ।



ਬਰਾਮਦ ਕੀਤੇ ਹਥਿਆਰਾਂ ਬਾਰੇ ਜਾਣਕਾਰੀ ਦਿੰਦੇ ਹੋਏ ਐਸਐਸਪੀ

## ਕਾਂਗਰਸੀਆਂ ਤੇ ਅਕਾਲੀਆਂ ਵਿਚਾਲੇ ਝੜਪ; ਗੋਲੀ ਚੱਲਣ ਨਾਲ ਦੋ ਜ਼ਖ਼ਮੀ

**ਤਰਨ ਤਾਰਨ/ਬਿਊਰੋ ਨਿਊਜ਼ :** ਥਾਣਾ ਖੇਮਕਰਨ ਅਧੀਨ ਆਉਂਦੇ ਪਿੰਡ ਮਾੜੀਕੇ ਵਿੱਚ ਅਕਾਲੀ ਵਰਕਰਾਂ ਵੱਲੋਂ ਕਾਂਗਰਸੀਆਂ 'ਤੇ ਕਥਿਤ ਤੌਰ 'ਤੇ ਗੋਲੀ ਚਲਾਉਣ ਨਾਲ ਦੋ ਵਿਅਕਤੀ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਦੀ ਸ਼ਨਾਖ਼ਤ ਪ੍ਰਭਜੀਤ ਸਿੰਘ ਪ੍ਰਭਾ ਅਤੇ ਕੁਲਵਿੰਦਰ ਸਿੰਘ ਵਜੋਂ ਹੋਈ ਹੈ, ਜਿਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ।

ਪੁਲੀਸ ਨੇ ਇਸ ਮਾਮਲੇ ਵਿੱਚ ਪੰਜ ਅਕਾਲੀ ਵਰਕਰਾਂ ਰਵਿੰਦਰ ਸਿੰਘ ਕਾਲੂ, ਉਸ ਦੇ ਭਰਾ ਗੁਰਵਿੰਦਰ ਸਿੰਘ, ਬੂਟਾ ਸਿੰਘ, ਜਗਤਾਰ ਸਿੰਘ ਤੇ ਕੁਲਦੀਪ ਸਿੰਘ ਖ਼ਿਲਾਫ਼ ਧਾਰਾ ਕੇਸ ਦਰਜ ਕੀਤਾ ਹੈ।

ਕਾਂਗਰਸੀ ਆਗੂ ਗੁਰਸੇਵਕ ਸਿੰਘ ਨੇ ਪੁਲੀਸ ਨੂੰ ਲਿਖਤੀ ਸ਼ਿਕਾਇਤ ਦਿੱਤੀ ਕਿ ਉਹ ਪ੍ਰਭਜੀਤ ਸਿੰਘ ਅਤੇ ਕੁਲਵਿੰਦਰ ਸਿੰਘ ਨਾਲ ਘਰ ਆ ਰਿਹਾ ਸੀ ਕਿ ਵਿਰੋਧੀਆਂ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ। ਦੋਹਾਂ ਧਿਰਾਂ ਵਿਚਾਲੇ ਪੁਰਾਣਾ ਤਕਰਾਰ ਚਲਦਾ ਆ ਰਿਹਾ ਹੈ। ਇਸ ਦੌਰਾਨ ਸਾਬਕਾ ਅਕਾਲੀ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੇ ਦੋਸ਼ ਲਾਇਆ ਕਿ ਗੋਲੀਬਾਰੀ ਵਿੱਚ ਅਕਾਲੀ ਵਰਕਰ ਵੀ ਜ਼ਖ਼ਮੀ ਹੋਏ ਹਨ, ਪਰ ਉਨ੍ਹਾਂ ਦੇ ਬਿਆਨਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਆਏ ਦਿਨ ਅਕਾਲੀਆਂ ਵਰਕਰਾਂ 'ਤੇ ਹਮਲੇ ਕੀਤੇ ਜਾ ਰਹੇ ਹਨ।

## ਬੈਂਕ ਕਰਿੰਦਿਆਂ ਨੇ ਬਜ਼ੁਰਗ ਕਿਸਾਨ ਨੂੰ ਕੁੱਟਮਾਰ ਕਰਕੇ ਕੀਤਾ ਜ਼ਖ਼ਮੀ, ਹਸਪਤਾਲ ਦਾਖ਼ਲ

### ਜਾਂਦੇ ਜਾਂਦੇ ਕਿਸਾਨ ਦੇ ਰਿਸ਼ਤੇਦਾਰ ਦਾ ਨਵਾਂ ਮੋਟਰਸਾਈਕਲ ਖੋਹ ਕੇ ਲੈ ਗਏ

**ਫ਼ਰੀਦਕੋਟ/ਬਿਊਰੋ ਨਿਊਜ਼ :** ਇਕ ਪ੍ਰਾਈਵੇਟ ਬੈਂਕ ਦੀ ਫ਼ਰੀਦਕੋਟ ਬਰਾਂਚ ਦੇ ਕਰਿੰਦਿਆਂ ਨੇ ਕਥਿਤ ਤੌਰ 'ਤੇ ਕਰਜ਼ਾ ਉਗਰਾਹੁਣ ਲਈ ਪਿੰਡ ਕਾਬਲਵਾਲਾ ਦੇ ਕਿਸਾਨ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਪੀੜਤ ਕਿਸਾਨ ਹੁਣ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਦਾਖ਼ਲ ਹੈ। ਕਿਸਾਨ ਸਤਨਾਮ ਸਿੰਘ ਨੇ ਟਰੈਕਟਰ ਖਰੀਦਣ ਲਈ ਫ਼ਰੀਦਕੋਟ ਦੇ ਇਕ ਪ੍ਰਾਈਵੇਟ ਬੈਂਕ ਤੋਂ 4 ਲੱਖ 70 ਹਜ਼ਾਰ ਰੁਪਏ ਕਰਜ਼ਾ ਲਿਆ ਸੀ। ਨੋਟਬੰਦੀ



ਕਾਰਨ ਸਤਨਾਮ ਸਿੰਘ ਕੁਝ ਕਿਸ਼ਤਾਂ ਅਦਾ ਨਹੀਂ ਕਰ ਸਕਿਆ ਅਤੇ ਇਸ ਸਬੰਧੀ ਬੈਂਕ ਨੇ ਅਦਾਲਤ ਵਿੱਚ ਕੇਸ ਦਾਇਰ ਕਰ ਦਿੱਤਾ। ਬੈਂਕ ਕਰਿੰਦਿਆਂ ਨੇ ਸਤਨਾਮ ਸਿੰਘ ਤੋਂ ਟਰੈਕਟਰ ਖੋਹਣ ਦੀ ਕੋਸ਼ਿਸ਼ ਕੀਤੀ ਪਰ ਬੈਂਕ ਕਰਮਚਾਰੀ ਤੇ ਕਰਿੰਦੇ ਸਤਨਾਮ ਸਿੰਘ ਤੋਂ ਟਰੈਕਟਰ ਨਹੀਂ ਖੋਹ ਸਕੇ। ਇਸ ਦੌਰਾਨ ਉਨ੍ਹਾਂ ਸਤਨਾਮ ਸਿੰਘ ਦੇ ਪਿਤਾ ਜੀਤ ਸਿੰਘ ਨੂੰ ਰਸਤੇ ਵਿੱਚ ਘੇਰ ਕੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਬੈਂਕ ਕਰਿੰਦੇ ਕਿਸਾਨ ਦੇ ਰਿਸ਼ਤੇਦਾਰ ਦਾ ਨਵਾਂ ਮੋਟਰਸਾਈਕਲ ਵੀ ਖੋਹ ਕੇ ਲੈ ਗਏ। ਘਟਨਾ ਤੋਂ ਬਾਅਦ ਪੁਲੀਸ ਨੇ ਪੀੜਤ ਕਿਸਾਨ ਦਾ ਬਿਆਨ ਤਾਂ ਲਿਖ ਲਿਆ ਪਰ ਅਜੇ ਤੱਕ ਮੁਲਜ਼ਮਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਜ਼ਿਲ੍ਹਾ ਪੁਲੀਸ ਮੁਖੀ ਡਾ. ਨਾਨਕ ਸਿੰਘ ਨੇ ਕਿਹਾ ਕਿ ਪੁਲੀਸ ਇਸ ਮਾਮਲੇ ਦੀ ਪੜਤਾਲ ਕਰ ਰਹੀ ਹੈ ਅਤੇ ਮੁਲਜ਼ਮਾਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਮਨਪ੍ਰੀਤ ਬਾਦਲ ਨੇ ਰਿਸ਼ਵਤ ਮੰਗ ਰਹੇ ਟਰੈਫਿਕ ਪੁਲੀਸ ਮੁਲਾਜ਼ਮਾਂ ਦੀ ਚੁੱਪ-ਚਪੀਤੇ ਬਣਾਈ ਵੀਡੀਓ

## ਦੋਵੇਂ ਪੁਲੀਸ ਮੁਲਾਜ਼ਮ ਮੁਅੱਤਲ

**ਲੁਧਿਆਣਾ/ਬਿਊਰੋ ਨਿਊਜ਼ :** ਸੂਬੇ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਲੁਧਿਆਣਾ-ਦੋਰਾਹਾ ਦੱਖਣੀ ਬਾਈਪਾਸ 'ਤੇ ਲੰਘਦਿਆਂ ਇੱਕ ਟਰੈਫਿਕ ਪੁਲੀਸ ਮੁਲਾਜ਼ਮ ਵੱਲੋਂ ਰਿਸ਼ਵਤ ਲਏ ਜਾਣ ਦੀ ਵੀਡੀਓ ਬਣਾ ਲਈ। ਉਨ੍ਹਾਂ ਜਾਂਦੇ ਸਮੇਂ ਗੱਡੀ ਦੁਬਾਰਾ ਘੁਮਾ ਕੇ ਟਰੈਫਿਕ ਕਰਮੀ ਦੀ ਕਲਾਸ ਲਾਈ ਅਤੇ ਸਾਰੇ ਘਟਨਾਕ੍ਰਮ ਦੀ ਵੀਡੀਓ ਲੁਧਿਆਣਾ ਦੇ ਪੁਲੀਸ ਕਮਿਸ਼ਨਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਭੇਜ ਦਿੱਤੀ। ਇਸ ਮਗਰੋਂ ਪੁਲੀਸ ਕਮਿਸ਼ਨਰ ਨੇ ਏਡੀਸੀਪੀ (ਕ੍ਰਾਈਮ) ਬਲਕਾਰ ਸਿੰਘ ਤੇ ਏਡੀਸੀਪੀ (ਟਰੈਫਿਕ) ਧਰੁਵ ਦਹੀਆ ਨਾਲ ਜਾਂਚ ਕੀਤੀ।



ਜਿਵੇਂ ਹੀ ਟਰੈਫਿਕ ਮੁਲਾਜ਼ਮ ਨੂੰ ਪਤਾ ਚੱਲਿਆ ਕਿ ਕੋਈ ਉਸ ਦੀ ਵੀਡੀਓ ਬਣਾ ਰਿਹਾ ਹੈ ਤਾਂ ਪਹਿਲਾਂ ਮੁਲਾਜ਼ਮ ਨੇ ਉਨ੍ਹਾਂ 'ਤੇ ਰੋਅਬ ਪਾਉਣਾ ਸ਼ੁਰੂ ਕੀਤਾ ਪਰ ਜਿਵੇਂ ਹੀ ਮੁਲਾਜ਼ਮ ਨੇ ਵਿਤ ਮੰਤਰੀ ਨੂੰ ਪਛਾਣ ਲਿਆ ਤਾਂ ਮਿੰਨਤਾਂ ਕਰਨ ਲੱਗਾ। ਉਸ ਨੇ ਕਿਹਾ, "ਸਰ, ਮੈਨੂੰ ਪਤਾ ਨਹੀਂ ਸੀ ਤੁਸੀਂ ਓਂ। ਸਰ ਮੈਂ ਮੰਨਦਾ ਮੈਂ ਗਲਤੀ ਕੀਤੀ ਹੈ। ਮੈਨੂੰ ਗੋਲੀ ਮਾਰ ਦਿਓ ਪਰ ਪੁਲੀਸ ਕਮਿਸ਼ਨਰ ਨੂੰ ਨਾ ਦੱਸੋ।" ਮੌਕੇ 'ਤੇ ਲੋਕ ਇਕੱਠੇ ਹੋਏ ਤਾਂ ਵਿੱਤ ਮੰਤਰੀ ਉਥੋਂ ਚਲੇ ਗਏ। ਪੁਲੀਸ ਕਮਿਸ਼ਨਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਜਾਂਚ ਮਗਰੋਂ ਟਰੈਫਿਕ ਮੁਲਾਜ਼ਮਾਂ ਦੀ ਪਛਾਣ ਕਰਵਾਈ ਤੇ ਕਾਰਵਾਈ ਲਈ ਐਸ.ਐਸ.ਪੀ. ਖੰਨਾ ਨੂੰ ਲਿਖ ਦਿੱਤਾ, ਜਿਨ੍ਹਾਂ ਨੇ ਦੋ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ।

ਜਾਣਕਾਰੀ ਅਨੁਸਾਰ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਫਿਰੋਜ਼ਪੁਰ ਵਿੱਚ ਸਮਾਗਮ 'ਚ ਹਾਜ਼ਰੀ ਭਰ ਕੇ ਖ਼ੁਦ ਗੱਡੀ ਚਲਾ ਕੇ ਚੰਡੀਗੜ੍ਹ ਜਾ ਰਹੇ ਸਨ। ਉਹ ਲੁਧਿਆਣਾ ਦੱਖਣੀ ਬਾਈਪਾਸ ਵਾਲੀ ਸੜਕ ਤੋਂ ਵਾਇਆ ਦੋਰਾਹਾ ਹੁੰਦੇ ਹੋਏ ਚੰਡੀਗੜ੍ਹ ਜਾ ਰਹੇ ਸਨ। ਇਸੇ ਦੌਰਾਨ ਜਦੋਂ ਉਹ ਦੋਰਾਹਾ ਦੇ ਗੁਰਥਲੀ ਪੁਲ 'ਤੇ ਪੁੱਜੇ ਤਾਂ ਇੱਕ ਟਰੈਫਿਕ ਮੁਲਾਜ਼ਮ ਕਿਸੇ ਵਿਅਕਤੀ ਤੋਂ ਰਿਸ਼ਵਤ ਲੈ ਰਿਹਾ ਸੀ। ਇਸ ਨੂੰ ਮਨਪ੍ਰੀਤ ਸਿੰਘ ਬਾਦਲ ਨੇ ਤੁਰੰਤ ਆਪਣੇ ਕੈਮਰੇ ਵਿੱਚ ਕੈਦ ਕਰ ਲਿਆ। ਉਨ੍ਹਾਂ ਵੀਡੀਓ ਬਣਾ ਕੇ ਗੱਡੀ ਘੁਮਾ ਕੇ ਉਸ ਮੁਲਾਜ਼ਮ ਕੋਲ ਰੋਕ ਲਈ ਤੇ ਟਰੈਫਿਕ ਮੁਲਾਜ਼ਮ ਦੀ ਕਲਾਸ ਲਾਈ। ਪੁਲੀਸ ਕਮਿਸ਼ਨਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕਿਹਾ ਕਿ ਉਨ੍ਹਾਂ ਵੀਡੀਓ ਮਿਲਣ ਤੋਂ ਬਾਅਦ ਜਾਂਚ ਕੀਤੀ ਤਾਂ ਪਤਾ ਲੱਗਿਆ ਕਿ ਸਬੰਧਤ ਮੁਲਾਜ਼ਮ ਖੰਨਾ ਪੁਲੀਸ ਦਾ ਹੈ ਅਤੇ ਦੋਰਾਹਾ ਪੁਲ 'ਤੇ ਡਿਊਟੀ ਕਰਦਾ ਹੈ। ਇਸ ਕਰਮੀ ਦੀ ਪਛਾਣ ਹੈੱਡ ਕਾਂਸਟੇਬਲ ਜਗਜੀਤ ਸਿੰਘ ਵਜੋਂ ਹੋਈ ਹੈ। ਕਾਂਸਟੇਬਲ ਜਗਜੀਤ ਸਿੰਘ ਨਾਲ ਮੌਕੇ 'ਤੇ ਡਿਊਟੀ ਦੇ ਰਹੇ ਉਸ ਦੇ ਸਾਥੀ ਮਨਜੀਤ ਸਿੰਘ ਨੂੰ ਵੀ ਮੁਅੱਤਲ ਕਰ ਦਿੱਤਾ ਹੈ।

## 'ਸਿਫ਼ਾਰਸ਼ੀ' ਦਾ ਚਲਾਨ ਕੱਟਣ 'ਤੇ ਪੁਲੀਸ ਕਮਿਸ਼ਨਰ ਨੇ 3 ਪੁਲੀਸ ਮੁਲਾਜ਼ਮਾਂ ਨੂੰ ਕੀਤਾ ਜਬਰੀ ਸੇਵਾਮੁਕਤ



**ਲੁਧਿਆਣਾ/ਬਿਊਰੋ ਨਿਊਜ਼ :** ਲੁਧਿਆਣਾ ਦੇ ਨਵੇਂ ਪੁਲੀਸ ਕਮਿਸ਼ਨਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਸ਼ਹਿਰ ਵਿੱਚ ਨਾਕੇ ਦੌਰਾਨ ਚਲਾਨ ਕੱਟਣ ਵਾਲੇ ਤਿੰਨ ਪੁਲੀਸ ਕਰਮੀਆਂ ਨੂੰ ਜਬਰੀ ਸੇਵਾਮੁਕਤ ਕਰ ਦਿੱਤਾ ਹੈ। ਇਨ੍ਹਾਂ ਤਿੰਨਾਂ ਦਾ ਕਸੂਰ ਸੀ ਕਿ ਪੁਲੀਸ ਕਮਿਸ਼ਨਰ ਨੇ ਲੁਧਿਆਣਾ ਦਾ ਚਾਰਜ ਸੰਭਾਲਣ ਤੋਂ ਬਾਅਦ ਟਰੈਫਿਕ ਪੁਲੀਸ ਨੂੰ ਚਲਾਨ ਕੱਟਣ ਲਈ ਮਨਾ ਕੀਤਾ ਸੀ, ਇਸ ਦੇ ਬਾਵਜੂਦ ਟਰੈਫਿਕ ਮੁਲਾਜ਼ਮਾਂ ਨੇ ਮਹਿਲਾ ਵਾਹਨ ਚਾਲਕਾਂ ਦਾ ਚਲਾਨ ਕੱਟ ਦਿੱਤਾ ਸੀ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਵਿਚੋਂ ਇੱਕ ਔਰਤ ਪੁਲੀਸ ਦੇ ਉੱਚ ਅਧਿਕਾਰੀ ਦੀ ਜਾਣਕਾਰ ਸੀ। ਉਧਰ, ਟਰੈਫਿਕ ਪੁਲੀਸ ਮੁਲਾਜ਼ਮਾਂ ਨੇ ਕੰਮ ਠੱਪ ਕਰਕੇ ਪੂਰਾ ਦਿਨ ਵਿਰੋਧ ਜ਼ਾਹਰ ਕੀਤਾ।

ਜਾਣਕਾਰੀ ਅਨੁਸਾਰ ਪੁਲੀਸ ਕਮਿਸ਼ਨਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਦੋ ਦਿਨ ਪਹਿਲਾਂ ਪ੍ਰੈੱਸ ਮਿਲਣੀ ਵਿੱਚ ਹੁਕਮ ਦਿੱਤੇ ਸਨ ਕਿ ਟਰੈਫਿਕ ਪੁਲੀਸ ਕਰਮੀ ਇੱਕ ਮਹੀਨੇ ਤੱਕ ਕਿਸੇ ਦਾ ਚਲਾਨ ਨਾ ਕੱਟਣ। ਇਸ ਦੇ ਬਾਵਜੂਦ ਨਾਕੇ 'ਤੇ ਚਲਾਨ ਕੱਟ ਦਿੱਤੇ ਗਏ। ਟਰੈਫਿਕ ਪੁਲੀਸ ਮੁਲਾਜ਼ਮਾਂ ਨੇ ਨਾਕੇ ਦੌਰਾਨ ਐਕਟਿਵਾ ਸਕੂਟਰ ਸਵਾਰ ਲੜਕੀ ਨੂੰ ਰੋਕ ਲਿਆ। ਪੁਲੀਸ ਨੇ ਉਸ ਦਾ ਚਲਾਨ ਕਰ ਦਿੱਤਾ। ਇਸ ਤੋਂ ਬਾਅਦ ਲੜਕੀ ਦੇ ਪਰਿਵਾਰ ਵਾਲਿਆਂ ਨੇ ਆਪਣੇ ਰਿਸ਼ਤੇਦਾਰ ਉੱਚ ਪੁਲੀਸ ਅਧਿਕਾਰੀ ਨੂੰ ਦੱਸਿਆ, ਜਿਨ੍ਹਾਂ ਨੇ ਪੁਲੀਸ ਕਮਿਸ਼ਨਰ ਨਾਲ ਗੱਲ ਕੀਤੀ। ਪੁਲੀਸ ਕਮਿਸ਼ਨਰ ਨੇ ਟਰੈਫਿਕ ਪੁਲੀਸ ਕਰਮੀਆਂ ਨੂੰ ਦਫ਼ਤਰ ਵਿੱਚ ਬੁਲਾ ਲਿਆ ਤੇ ਤਿੰਨਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਪੁਲੀਸ ਦੇ ਉੱਚ ਅਧਿਕਾਰੀਆਂ ਦੇ ਹੁਕਮਾਂ 'ਤੇ ਨਾਕਾਬੰਦੀ ਕੀਤੀ ਗਈ ਸੀ। ਦੇਰ ਰਾਤ ਨੂੰ ਸਾਰੇ ਕਰਮੀਆਂ ਨੂੰ ਇੱਕ ਵਾਰ ਭੇਜ ਦਿੱਤਾ ਗਿਆ ਤੇ ਸਵੇਰੇ 8 ਵਜੇ ਸਾਰੇ ਟਰੈਫਿਕ ਪੁਲੀਸ ਕਰਮੀਆਂ ਨੂੰ ਪੁਲੀਸ ਲਾਈਨ ਬੁਲਾ ਲਿਆ। ਦੁਪਹਿਰ ਤੱਕ ਪੁਲੀਸ ਕਮਿਸ਼ਨਰ ਨੇ ਤਿੰਨ ਮੁਲਾਜ਼ਮਾਂ ਨੂੰ ਜਬਰੀ ਸੇਵਾਮੁਕਤ ਕਰ ਦਿੱਤਾ। ਪੁਲੀਸ ਸੂਤਰਾਂ ਅਨੁਸਾਰ ਤਿੰਨੇ ਕਰਮੀਆਂ ਦੇ ਬੈਂਕ ਖਾਤੇ ਵਿੱਚ ਤਿੰਨ ਮਹੀਨੇ ਦੀ ਐਡਵਾਂਸ ਤਨਖ਼ਾਹ ਤੇ ਹੋਰ ਫੰਡ ਵੀ ਪਾ ਦਿੱਤੇ ਗਏ ਹਨ। ਜਬਰੀ ਸੇਵਾਮੁਕਤ ਕੀਤੇ ਏਐਸਆਈ ਦਵਿੰਦਰ ਸਿੰਘ, ਕੁਲਵਿੰਦਰ ਸਿੰਘ ਤੇ ਹੈੱਡ ਕਾਂਸਟੇਬਲ ਨੀਲਕੰਠ ਨੇ ਕਿਹਾ ਕਿ ਦਫ਼ਤਰ ਵਿੱਚ ਨਾਕਿਆਂ ਬਾਰੇ ਮੀਟਿੰਗ ਹੋਈ। ਦੁਪਹਿਰ ਸਮੇਂ ਕਾਲਜ ਦੇ ਬਾਹਰ ਨਾਕਾ ਲਾਇਆ ਗਿਆ। ਇਸੇ ਦੌਰਾਨ ਇੱਕ ਲੜਕੀ ਨੂੰ ਰੋਕਿਆ ਗਿਆ ਤਾਂ ਉਸ ਦਾ ਹੈਲਮੇਟ ਦਾ ਚਲਾਨ ਕਰ ਦਿੱਤਾ। ਤਿੰਨਾਂ ਟਰੈਫਿਕ ਕਰਮੀਆਂ ਨੇ ਕਿਹਾ ਕਿ ਉਨ੍ਹਾਂ ਨੇ ਹੀ ਸਿਰਫ਼ ਚਲਾਨ ਨਹੀਂ ਕੱਟੇ, ਬਲਕਿ ਸਾਰੇ ਪੁਲੀਸ ਕਰਮੀਆਂ ਨੇ ਵੀ ਚਲਾਨ ਕੀਤੇ ਸਨ।

ਪੁਲੀਸ ਕਮਿਸ਼ਨਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਹੁਕਮ ਕੀਤਾ ਸੀ ਕਿ ਇੱਕ ਮਹੀਨਾ ਚਲਾਨ ਨਾ ਕੱਟੇ ਜਾਣ। ਇਸ ਦੇ ਬਾਵਜੂਦ ਸਾਜ਼ਿਸ਼ ਤਹਿਤ ਨਾਕੇ ਦੌਰਾਨ ਚਲਾਨ ਕੱਟੇ ਗਏ। ਉਨ੍ਹਾਂ ਕਿਹਾ ਕਿ ਨਿਯਮ ਤੋੜਨ ਵਾਲੇ ਕਰਮੀਆਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ ਤੇ ਅੱਗੇ ਵੀ ਜਾਰੀ ਰਹੇਗੀ।

# ਏਮਜ਼ ਦੀ ਰਿਪੋਰਟ ਵਿਚ ਪੰਜਾਬ 'ਚ ਚੱਲ ਰਹੇ ਨਸ਼ਿਆਂ ਦੇ ਕਾਰੋਬਾਰ ਦੀ ਖੁੱਲ੍ਹੀ ਪੋਲ

### ਕੈਮਿਸਟਾਂ ਦੀਆਂ ਦੁਕਾਨਾਂ ਤੋਂ ਹਰ ਸਾਲ 375 ਕਰੋੜ ਰੁਪਏ ਦੀਆਂ ਨਸ਼ੇ ਦੀਆਂ ਦਵਾਈਆਂ ਦੀ ਵਿਕਰੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਦਿੱਲੀ ਨੇ ਆਪਣੀ ਰਿਪੋਰਟ ਵਿਚ ਪੰਜਾਬ ਵਿੱਚ ਨਸ਼ਿਆਂ ਦੇ ਚਲ ਰਹੇ ਕਾਰੋਬਾਰ ਦੀ ਪੋਲ ਖੋਲ੍ਹ ਦਿੱਤੀ ਹੈ। ਰਿਪੋਰਟ ਮੁਤਾਬਕ ਪੰਜਾਬ ਵਿਚ ਕੈਮਿਸਟਾਂ ਦੀਆਂ ਦੁਕਾਨਾਂ ਤੋਂ ਹਰ ਸਾਲ ਪੌਣੇ ਚਾਰ ਸੌ ਕਰੋੜ ਰੁਪਏ ਦੀਆਂ ਨਸ਼ੇ ਦੀਆਂ ਦਵਾਈਆਂ ਦੀ ਵਿਕਰੀ ਹੋ ਰਹੀ ਹੈ। ਪੰਜਾਬ ਵਿੱਚ ਦਵਾਈਆਂ ਦੀ 14 ਫ਼ੀਸਦ ਵਿੱਕਰੀ ਨਸ਼ੇ ਦੀਆਂ ਦਵਾਈਆਂ ਦੀ ਹੈ।

ਏਮਜ਼ ਵੱਲੋਂ ਰਿਪੋਰਟ ਤਿਆਰ ਕਰਨ ਤੋਂ ਪਹਿਲਾਂ ਇੱਕ ਸਰਵੇਖਣ ਕਰਾਇਆ ਗਿਆ ਸੀ। ਇਸ ਵਿੱਚ ਏਮਜ਼ ਦੇ ਡਾਕਟਰਾਂ ਤੋਂ ਬਿਨਾਂ ਸਿਹਤ ਵਿਭਾਗ ਅਤੇ ਨਸ਼ਾ ਛਡਾਊ ਕੇਂਦਰਾਂ ਦੇ ਡਾਕਟਰਾਂ ਨੂੰ ਸ਼ਾਮਲ ਕੀਤਾ ਗਿਆ ਸੀ। ਰਿਪੋਰਟ ਦੇ ਸ਼ੁਰੂ ਵਿੱਚ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਸਰਵੇਖਣ ਦਾ ਮਕਸਦ ਪੰਜਾਬ ਵਿਚ ਨਸ਼ਿਆਂ ਬਾਰੇ ਚਲ ਰਹੇ ਵਿਵਾਦਮਈ ਤਕਰਾਰ ਨੂੰ ਖ਼ਤਮ ਕਰਨਾ ਹੈ। ਰਿਪੋਰਟ ਮੁਤਾਬਕ ਨਸ਼ੇ ਕਰਨ ਵਾਲਿਆਂ ਵਿੱਚ 99 ਫ਼ੀਸਦ ਦੀ ਉਮਰ 18 ਤੋਂ 35 ਸਾਲ ਦੇ ਵਿੱਚ ਹੈ ਅਤੇ ਇਨ੍ਹਾਂ ਵਿਚੋਂ 54 ਪ੍ਰਤੀਸ਼ਤ ਵਿਆਹੇ ਵਰੇ ਪੁਰਸ਼ ਹਨ। ਪੜ੍ਹੇ ਲਿਖੇ ਨਸ਼ੇੜੀਆਂ ਦੀ ਗਿਣਤੀ ਜ਼ਿਆਦਾ ਹੈ ਅਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਪੰਜਾਬੀ ਬੋਲੀ ਵਿਚ ਗੱਲ ਕਰਦੇ ਹਨ। ਕੈਮਿਸਟਾਂ ਤੋਂ ਨਸ਼ਾ ਕਰਨ ਲਈ ਵਧੇਰੇ ਕਰਕੇ ਕੁਡੀਨ, ਲੋਮੋਟਿਲ, ਬੁਪਰੋ ਨੋਰਫਿਨ, ਫੋਰਟਵਿਨ ਅਤੇ ਨੋਰਫਿਨ ਮੁੱਲ ਲਈ ਜਾ ਰਹੀ ਹੈ। ਇਹ ਦਵਾਈਆਂ ਡਾਕਟਰਾਂ ਵਲੋਂ ਮਰੀਜ਼ਾਂ ਵਾਸਤੇ ਲਿਖੀਆਂ ਜਾਂਦੀਆਂ ਹਨ ਪਰ ਵੱਡੀ ਗਿਣਤੀ ਲੋਕ ਕੈਮਿਸਟਾਂ ਨੂੰ ਗੁਮਰਾਹ ਕਰਕੇ ਇਹ ਦਵਾਈ ਲੈਣ ਵਿਚ ਕਾਮਯਾਬ ਹੋ ਜਾਂਦੇ ਹਨ। ਕਈ ਕੈਮਿਸਟਾਂ ਵਲੋਂ ਇਹ ਦਵਾਈਆਂ ਵੱਧ ਭਾਅ ਦੇ ਲਾਲਚ ਵਸ ਗ਼ੈਰ ਕਾਨੂੰਨੀ ਤੌਰ 'ਤੇ ਵੀ ਵੇਚੀਆਂ ਜਾ ਰਹੀਆਂ ਹਨ।

ਜਾਣਕਾਰੀ ਅਨੁਸਾਰ ਪੰਜਾਬ ਵਿੱਚ ਦਵਾਈਆਂ ਦੀਆਂ 17000 ਪ੍ਰਚੂਨ ਅਤੇ 8000 ਥੋਕ ਦੀਆਂ ਦੁਕਾਨਾ ਹਨ ਪਰ ਇਨ੍ਹਾਂ ਦੀ ਜਾਂਚ ਲਈ ਕੇਵਲ 48 ਡਰੱਗ ਇੰਸਪੈਕਟਰ ਹਨ। ਇਸ ਤਰ੍ਹਾਂ ਏਨੀ ਘੱਟ ਗਿਣਤੀ ਵਿਚ ਫੋਰਸ ਦੇ ਹੁੰਦਿਆਂ ਕੈਮਿਸਟਾਂ 'ਤੇ ਬਾਜ਼ ਅੱਖ ਰੱਖਣੀ ਆਸਾਨ ਨਹੀਂ ਹੈ। ਪਿਛਲੇ ਸਾਲ ਦੀ ਕਾਰਗੁਜ਼ਾਰੀ 'ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ ਬਾਰਾਂ ਮਹੀਨੇ ਵਿੱਚ ਕੇਵਲ 9153 ਕੈਮਿਸਟਾਂ ਦੀਆਂ ਦੁਕਾਨਾ 'ਤੇ ਛਾਪੇ ਮਾਰੇ ਗਏ ਸਨ। ਇਨ੍ਹਾਂ ਵਿਚੋਂ 434 ਵਿਰੁੱਧ ਗ਼ੈਰ ਕਾਨੂੰਨੀ ਤੌਰ 'ਤੇ ਦਵਾਈ ਵੇਚਣ ਦਾ ਕੇਸ ਚਲ ਰਿਹਾ ਹੈ ਅਤੇ ਸਿਰਫ਼ 54 ਨੂੰ ਸਜ਼ਾ ਹੋਈ ਹੈ।

ਸਰਕਾਰ ਵੱਲੋਂ ਖੋਲ੍ਹੇ ਗਏ ਨਸ਼ਾ ਛਡਾਊ ਕੇਂਦਰਾਂ ਵਿੱਚ ਮਨੋਰੋਗ ਦੇ ਮਾਹਰ ਡਾਕਟਰ ਨਹੀਂ ਹਨ। ਇਸ ਤੋਂ ਵੀ ਅੱਗੇ ਨਸ਼ੇੜੀਆਂ ਨੂੰ ਨਸ਼ਾਮੁਕਤ ਕਰਨ ਤੋਂ ਬਾਅਦ ਉਨ੍ਹਾਂ ਦੇ ਮੁੜ ਵਸੇਬੇ ਲਈ ਜਿਹੜੇ ਕੇਂਦਰ ਖੋਲ੍ਹੇ ਗਏ ਹਨ ਉਨ੍ਹਾਂ ਵਿੱਚ ਵੀ ਮਾਹਰ ਡਾਕਟਰਾਂ ਦੀ ਘਾਟ ਹੈ ਅਤੇ ਐਮਬੀਬੀਐਸ ਨੂੰ ਛੇ ਮਹੀਨੇ ਦੀ ਟਰੇਨਿੰਗ ਦੇ ਕੇ ਲਾ ਦਿੱਤਾ ਗਿਆ ਹੈ। ਪੰਜਾਬ ਸਿਹਤ ਵਿਭਾਗ ਦੇ ਸਟੇਟ ਡਰੱਗ ਇੰਸਪੈਕਟਰ ਡਾਕਟਰ ਪਰਵੀਨ ਮੱਟੂ ਨੇ ਕਿਹਾ ਹੈ ਕਿ ਆਮ ਕਰਕੇ ਡਾਕਟਰਾਂ ਵਲੋਂ ਮਰੀਜ਼ ਨੂੰ ਬਿਮਾਰੀ ਦੇ ਇਲਾਜ ਲਈ ਦਿੱਤੀਆਂ ਜਾ ਰਹੀਆਂ ਦਵਾਈਆਂ ਹੀ ਬਾਅਦ ਵਿਚ ਨਸ਼ੇ ਦੇ ਰੂਪ ਵਿਚ ਲੋਕ ਵਰਤਣ ਲੱਗ ਪੈਂਦੇ ਹਨ।




## ਕੈਪਟਨ ਨੇ ਚਿੱਟੇ ਦੇ ਖ਼ਾਤਮੇ ਲਈ ਟਾਸਕ ਫੋਰਸ ਨੂੰ ਦਿੱਤੀ ਖੁੱਲ੍ਹੀ ਛੁੱਟੀ

***ਚੰਡੀਗੜ੍ਹ/ਬਿਊਰੋ ਨਿਊਜ਼ :***

*ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਏਡੀਜੀਪੀ ਹਰਪ੍ਰੀਤ ਸਿੱਧੂ ਦੀ ਅਗਵਾਈ ਵਿੱਚ ਨਵੀਂ ਗਠਿਤ ਕੀਤੀ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ) ਨੂੰ ਸੂਬੇ ਵਿਚੋਂ ਨਸ਼ਿਆਂ ਦਾ ਪੂਰੀ ਤਰ੍ਹਾਂ ਸਫਾਇਆ ਕਰਨ ਲਈ ਸਿਰ ਤੋੜ ਕੋਸ਼ਿਸ਼ਾਂ ਕਰਨ ਦੇ ਹੁਕਮ ਦੇਣ ਤੋਂ ਇਲਾਵਾ ਇਸ ਕਾਰਜ ਨੂੰ ਚਾਰ ਹਫਤਿਆਂ ਦੇ ਨਿਰਧਾਰਤ ਸਮੇਂ ਵਿੱਚ ਅੰਜਾਮ 'ਤੇ ਪਹੁੰਚਾਉਣ ਲਈ ਕਿਹਾ ਹੈ। ਉਨ੍ਹਾਂ ਸ੍ਰੀ ਸਿੱਧੂ ਨੂੰ ਨਸ਼ੇ ਦੇ ਵਪਾਰ ਵਿੱਚ ਲੱਗੇ ਕਿਸੇ ਵੀ ਵਿਅਕਤੀ ਨੂੰ ਨਾ ਬਖ਼ਸ਼ਣ ਦੇ ਨਿਰਦੇਸ਼ ਵੀ ਜਾਰੀ ਕੀਤੇ ਹਨ।*



*ਮੁੱਖ ਮੰਤਰੀ ਨੇ ਕਿਹਾ ਕਿ ਉਹ ਰੋਜ਼ਮਰਾ ਦੇ ਆਧਾਰ 'ਤੇ ਖ਼ੁਦ ਐਸ.ਟੀ.ਐਫ ਦੀ ਪ੍ਰਗਤੀ 'ਤੇ ਨਿਗਰਾਨੀ ਰੱਖਣਗੇ ਤਾਂ ਕਿ ਚਾਰ ਹਫਤਿਆਂ ਵਿਚ ਨਸ਼ਿਆਂ ਦੇ ਪੂਰੀ ਤਰ੍ਹਾਂ ਸਫਾਏ ਕਰਨ ਦੇ ਵਾਅਦੇ ਨੂੰ ਪੂਰਾ ਕੀਤਾ ਜਾ ਸਕੇ। ਸਿੱਧੂ ਨੇ ਵਿਸ਼ੇਸ਼ ਟਾਸਕ ਫੋਰਸ ਦਾ ਚਾਰਜ ਸੰਭਾਲ ਲਿਆ ਹੈ। ਪੰਜਾਬ ਵਿੱਚ ਨਸ਼ਿਆਂ ਵਿਰੁੱਧ ਵਿਸ਼ੇਸ਼ ਟਾਸਕ ਫੋਰਸ ਦਾ ਮੁਖੀ ਬਣਾਏ ਜਾਣ ਤੋਂ ਪਹਿਲਾਂ ਉਹ ਛੱਤੀਸਗੜ੍ਹ ਵਿਖੇ ਨਕਸਲੀਆਂ ਵਿਰੁੱਧ ਕਾਰਵਾਈ ਵਿੱਚ ਹਿੱਸਾ ਲੈ ਰਿਹਾ ਸੀ। ਮੁੱਖ ਮੰਤਰੀ ਨੇ ਸਿੱਧੂ ਦੀ ਅਗਵਾਈ ਵਿੱਚ ਉੱਚ ਪੁਲੀਸ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਦੱਸਿਆ ਕਿ ਸੂਬੇ ਵਿੱਚ ਨਸ਼ਿਆਂ ਦੇ ਵਪਾਰੀਆਂ ਅਤੇ ਤਸਕਰਾਂ ਨੂੰ ਕਾਬੂ ਕਰਨ ਅਤੇ ਉਨ੍ਹਾਂ ਦੇ ਟੋਹ ਲਾਉਣ ਲਈ ਲੋਕਾਂ ਦੀ ਮਦਦ ਵੀ ਲਈ ਜਾਵੇ। ਇਸ ਸਬੰਧ ਵਿੱਚ 24 ਘੰਟੇ ਚੱਲਣ ਵਾਲੀ ਹੈਲਪ ਲਾਈਨ ਵੀ ਤਿਆਰ ਕੀਤੀ ਗਈ ਹੈ ਅਤੇ ਕੋਈ ਵੀ ਵਿਅਕਤੀ 181 'ਤੇ ਫੋਨ ਕਰਕੇ ਨਸ਼ਿਆਂ ਨਾਲ ਸਬੰਧਤ ਕਿਸੇ ਵੀ ਘਟਨਾ ਦੀ ਜਾਣਕਾਰੀ ਦੇ ਸਕਦਾ ਹੈ ਅਤੇ ਉਸ ਦੀ ਸ਼ਨਾਖ਼ਤ ਸਬੰਧੀ ਉਸ ਦੀ ਪੂਰੀ ਸੁਰੱਖਿਆ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਨਸ਼ਾ ਮਾਫੀਆ, ਨਸ਼ੇ ਦੇ ਵਪਾਰੀਆਂ/ਡੀਲਰਾਂ ਦੀ ਕਿਸੇ ਵੀ ਤਰੀਕੇ ਨਾਲ ਮਦਦ ਕਰਨ ਵਾਲੇ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਵੀ ਵਿਸ਼ੇਸ਼ ਟਾਸਕ ਫੋਰਸ ਨੂੰ ਨਿਰਦੇਸ਼ ਦਿੱਤੇ ਹਨ।*

## ਜਨਗਣਨਾ ਸੂਚੀ ਵਿਚ ਸ਼ਾਮਲ ਤਾਂ ਹੋਣਗੇ ਪਾਕਿ ਸਿੱਖ, ਦੇਰੀ ਹੋਣ ਕਾਰਨ ਪਤਾ ਨਹੀਂ ਲੱਗ ਸਕੇਗੀ ਅਸਲ ਸਿੱਖ ਆਬਾਦੀ

**ਪਿਸ਼ਾਵਰ/ਬਿਊਰੋ ਨਿਊਜ਼ :** ਜਨਗਣਨਾ ਸੂਚੀਆਂ ਵਿਚ ਸਿੱਖ ਭਾਈਚਾਰੇ ਨੂੰ ਸ਼ਾਮਲ ਨਾ ਕੀਤੇ ਜਾਣ ਦਾ ਮਾਮਲਾ ਪਿਸ਼ਾਵਰ ਤੇ ਸਿੰਧ ਹਾਈ-ਕੋਰਟ ਸਹਿਤ ਪਾਕਿਸਤਾਨ ਸੁਪਰੀਮ ਕੋਰਟ ਵਿਚ ਪਹੁੰਚਣ 'ਤੇ ਹੁਣ ਨਵੇਂ ਫਾਰਮਾਂ ਵਿਚ ਸਿੱਖ ਧਰਮ ਦਾ ਅਲੱਗ ਕਾਲਮ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਹ ਨਵੇਂ ਫਾਰਮ ਜਨਗਣਨਾ ਦੇ ਦੂਸਰੇ ਫ਼ੇਜ਼ ਦੀ ਗਿਣਤੀ ਵਿਚ ਸ਼ਾਮਲ ਕੀਤੇ ਜਾਣਗੇ। ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲੇ ਫ਼ੇਜ਼ ਦੀ ਜਨਗਣਨਾ ਗਿਣਤੀ ਵਿਚ ਪਾਕਿ ਦੇ 63 ਜ਼ਿਲੇ ਸ਼ਾਮਲ ਕੀਤੇ ਗਏ ਸਨ, ਜਿਨ੍ਹਾਂ ਦੀ ਜਨਗਣਨਾ 15 ਅਪ੍ਰੈਲ ਤੱਕ ਮੁਕੰਮਲ ਹੋਵੇਗੀ, ਜਦੋਂਕਿ ਦੂਸਰੇ ਫ਼ੇਜ਼ ਵਿਚ 87 ਜ਼ਿਲਿਆਂ ਦੀ ਜਨਗਣਨਾ 25 ਅਪ੍ਰੈਲ ਨੂੰ ਸ਼ੁਰੂ ਕੀਤੀ ਜਾਵੇਗੀ। ਇਸ ਵਿਚ ਜਨਗਣਨਾ ਦੇ ਨਵੇਂ ਫਾਰਮਾਂ ਵਿਚ ਸਿੱਖ ਧਰਮ ਦਾ ਅਲੱਗ ਕਾਲਮ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਉਪਰੋਕਤ 63 ਜ਼ਿਲਿਆਂ ਵਿਚ ਹੋਈ ਜਨਗਣਨਾ ਵਿਚ ਸਿੱਖ ਭਾਈਚਾਰੇ ਨੂੰ ਅਲੱਗ ਧਰਮ ਵੱਜੋਂ ਲਿਖਣ ਦੀ ਬਜਾਇ ਕਾਲਮ ਨੰਬਰ 6 'ਅਦਰ' (ਹੋਰਨਾਂ) ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਜਨਗਣਨਾ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਕਤ ਜ਼ਿਲਿਆਂ ਵਿਚ ਹੁਣ ਮੁੜ ਜਨਗਣਨਾ ਕਰਾਉਣਾ ਸੰਭਵ ਨਹੀਂ ਹੈ। ਜਿਸ ਦੇ ਚਲਦਿਆਂ ਇਹ ਸਾਫ਼ ਹੋ ਜਾਂਦਾ ਹੈ ਕਿ ਮੌਜੂਦਾ ਜਨਗਣਨਾ ਵਿਚ ਪਾਕਿਸਤਾਨ ਦੇ ਸਿੱਖਾਂ ਦੀ ਅਸਲ ਆਬਾਦੀ ਦੀ ਜਾਣਕਾਰੀ ਪਤਾ ਨਹੀਂ ਲੱਗ ਸਕੇਗੀ। ਪ੍ਰਾਪਤ ਜਾਣਕਾਰੀ ਅਨੁਸਾਰ ਪਿਸ਼ਾਵਰ ਹਾਈਕੋਰਟ ਦੇ ਚੀਫ਼ ਜਸਟਿਸ ਯਹੀਆ ਅਫ਼ਰੀਦੀ ਅਤੇ ਜੱਜ ਇਕਰਮਉੱਲਾ ਖ਼ਾਂ ਦੁਆਰਾ ਅਪੀਲ ਕਰਤਾ ਪਾਸੋਂ ਇਹ ਪੁੱਛਣ 'ਤੇ ਕਿ ਉਨ੍ਹਾਂ ਇਸ ਸੰਬੰਧ ਵਿਚ ਅਦਾਲਤ ਵਿਚ ਪਹਿਲਾਂ ਅਪੀਲ ਦਾਇਰ ਕਿਉਂ ਨਹੀਂ ਕੀਤੀ ਗਈ, ਦੇ ਜਵਾਬ ਵਿਚ ਵਕੀਲ ਸ਼ਾਹਿਦ ਰਜ਼ਾ ਮਲਿਕ ਨੇ ਅਦਾਲਤ ਨੂੰ ਦੱਸਿਆ ਕਿ ਜਿਨਾਂ ਇਲਾਕਿਆਂ ਵਿਚ ਜਨਗਣਨਾ ਹੋ ਚੁੱਕੀ ਹੈ, ਉਥੇ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਜਨਗਣਨਾ ਫਾਰਮ ਜਾਚਣ ਜਾਂ ਖ਼ੁਦ ਭਰਨ ਲਈ ਨਹੀਂ ਦਿੱਤੇ ਗਏ ਸਨ। ਵਕੀਲ ਨੇ ਦੱਸਿਆ ਕਿ ਜਦੋਂ ਸਿੱਖ ਭਾਈਚਾਰੇ ਨੂੰ ਇਸ ਸੰਬੰਧੀ ਪੁਖ਼ਤਾ ਜਾਣਕਾਰੀ ਮਿਲੀ ਤਾਂ ਉਨ੍ਹਾਂ ਤੁਰੰਤ ਇਸ ਸਭ ਦਾ ਵਿਰੋਧ ਕਰਦਿਆਂ ਮਾਮਲਾ ਅਦਾਲਤ ਦੇ ਧਿਆਨ ਵਿਚ ਲਿਆਂਦਾ। ਪਿਸ਼ਾਵਰੀ ਸਿੱਖ ਸੰਗਤ ਨੇ ਪਾਕਿਸਤਾਨ ਵਿਚ ਰਹਿੰਦੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਮਰਦਮਸ਼ੁਮਾਰੀ ਦੇ ਨਵੇਂ ਫਾਰਮ ਜਿਨ੍ਹਾਂ ਵਿਚ ਸਿੱਖ ਧਰਮ ਦਾ ਅਲੱਗ ਕਾਲਮ ਬਣਾਇਆ ਜਾ ਰਿਹਾ ਹੈ, ਵਿਚ ਹੀ ਆਪਣਾ ਵੇਰਵਾ ਦਰਜ ਕਰਾਉਣ।

# ‘ਹਿੰਦੀ ਚੌਧਰੀਆਂ’ ਦੇ ਵੱਸ ਪੈ ਗਈ ਪੰਜਾਬੀ ਜ਼ੁਬਾਨ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੀ ਸਿੱਖਿਆ ਰਾਜ ਮੰਤਰੀ ਅਰੁਣਾ ਚੌਧਰੀ ਨੇ ਪਹਿਲਾਂ ਪਿਛਲੇ ਹਫ਼ਤੇ ਹਲਫ਼ਦਾਰੀ ਸਮਾਗਮ ਦੌਰਾਨ ਅਤੇ ਹੁਣ ਵਿਧਾਨ ਸਭਾ ਵਿੱਚ ਵਿਧਾਇਕਾਂ ਦੇ ਸਹੁੰ ਚੁੱਕ ਸਮਾਗਮ ਦੌਰਾਨ ਪੰਜਾਬੀ ਨੂੰ ਤਰਜੀਹ ਨਹੀਂ ਦਿੱਤੀ। ਮੰਤਰੀ ਦੇ ਪਤੀ ਅਸ਼ੋਕ ਚੌਧਰੀ (ਸੇਵਾਮੁਕਤ ਨੌਕਰਸ਼ਾਹ) ਨੇ ਮੰਨਿਆ ਹੈ ਕਿ ਮੰਤਰੀ ਆਪਣੇ ਵਿਦਿਅਕ ਪਿਛੋਕੜ



ਕਾਰਨ ਪੰਜਾਬੀ ਭਾਸ਼ਾ ਵਿੱਚ ‘ਸਹਿਜ’ ਨਹੀਂ ਹੈ ਮੰਤਰੀ ਦੀ ਪੰਜਾਬੀ ਜ਼ੁਬਾਨ ਦੀ ਮੁਹਾਰਤ ਬਾਰੇ ਇਹ ਕਬੂਲਨਾਮਾ ਹੈਰਾਨ ਕਰਨ ਵਾਲਾ ਹੈ ਕਿਉਂਕਿ ਅਰੁਣਾ ਚੌਧਰੀ ਸਕੂਲ ਤੇ ਉੱਚ ਸਿੱਖਿਆ ਵਿਭਾਗਾਂ, ਜਿਨਾਂ ਨੂੰ ਪੰਜਾਬੀ ਭਾਸ਼ਾ ਨੂੰ ਉਤਸ਼ਾਹਿਤ ਕਰਨ ਵਾਲੇ ਮੁਢਲੇ ਸੰਸਥਾਨ ਵਜੋਂ ਦੇਖਿਆ ਜਾਂਦਾ ਹੈ, ਦੇ ਮੁਖੀ ਹਨ। ਇਸ ਤੋਂ ਇਲਾਵਾ ਸ੍ਰੀਮਤੀ ਚੌਧਰੀ ਇਤਿਹਾਸਕ ਮਹੱਤਤਾ ਵਾਲੇ ਪੰਜਾਬ ਭਾਸ਼ਾ ਵਿਭਾਗ, ਜਿਸ ਦਾ ਇਕਲੌਤਾ ਮਕਸਦ ਪੰਜਾਬੀ ਭਾਸ਼ਾ ਦੀ ਤਰੱਕੀ ਤੇ ਵਿਕਾਸ ਹੈ, ਦੇ ਮੁਖੀ ਹਨ। ਭਾਸ਼ਾ ਵਿਭਾਗ ਵੱਲੋਂ ਵਿਸ਼ਵ ਦੀਆਂ ਸ਼ਾਹਕਾਰ ਲਿਖਤਾਂ ਦਾ ਪੰਜਾਬੀ ਵਿੱਚ ਤਰਜਮਾ ਕਰਾ ਕੇ ਅਤੇ ਨਾਯਾਬ ਪੰਜਾਬੀ ਕਿਤਾਬਾਂ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ।

ਅਸ਼ੋਕ ਚੌਧਰੀ ਨੇ ਦੱਸਿਆ, ‘ਮੇਰੀ ਪਤਨੀ ਨੇ ਸਾਰੀ ਸਿੱਖਿਆ ਜੰਮੂ ਤੇ ਕਸ਼ਮੀਰ ਵਿੱਚੋਂ ਹਾਸਲ ਕੀਤੀ ਹੈ, ਜਿਥੇ ਪੰਜਾਬੀ ਨਾ ਤਾਂ ਸਕੂਲ ਅਤੇ ਨਾ ਹੀ ਕਾਲਜ ਪਾਠਕ੍ਰਮ ਦਾ ਹਿੱਸਾ ਸੀ। ਵਿਦਿਅਕ ਪਿਛੋਕੜ ਕਾਰਨ ਉਹ ਪੰਜਾਬੀ ਨਾਲੋਂ ਹਿੰਦੀ ਤੇ ਅੰਗਰੇਜ਼ੀ ਵਿੱਚ ਜ਼ਿਆਦਾ ਸਹਿਜ ਹਨ।’ ਸ੍ਰੀ ਅਸ਼ੋਕ ਨੇ ਫ਼ਖ਼ਰ ਨਾਲ ਕਿਹਾ ਕਿ ਅਰੁਣਾ ਨੇ ਰਾਜ ਮੰਤਰੀ ਵਜੋਂ ਹਿੰਦੀ ਵਿੱਚ ਹਲਫ਼ ਲਿਆ ਹੈ ਕਿਉਂਕਿ ਇਹ ‘ਸਾਡੀ ਮਾਤ ਭਾਸ਼ਾ’ ਹੈ, ਉਨਾਂ ਦੇ ਅੰਗਰੇਜ਼ੀ ਵਿੱਚ ਹਲਫ਼ ਲੈਣ ਨਾਲ ਕਈ ਹੈਰਾਨ ਹੋਏ ਹਨ।

ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਸੁਖਦੇਵ ਸਿੰਘ ਸਿਰਸਾ ਨੇ ਕਿਹਾ, ‘ਜੇਕਰ ਸਿੱਖਿਆ ਮੰਤਰੀ ਪੰਜਾਬੀ ਨਾਲੋਂ ਹਿੰਦੀ ਤੇ ਅੰਗਰੇਜ਼ੀ ਵਿੱਚ ਵੱਧ ਸਹਿਜ ਹੈ ਤਾਂ ਭਵਿੱਖ ਵਿੱਚ ਅਸੀਂ ਪੰਜਾਬੀ ਦੀ ਕਿਸ ਤਰਾਂ ਦੀ ਤਰੱਕੀ ਦੀ ਉਮੀਦ ਕਰ ਸਕਦੇ ਹਾਂ? ਇਹ ਹਾਸੋਹੀਣਾ ਹੈ ਕਿ ਇਹ ਉਸ ਸੂਬੇ ਵਿੱਚ ਹੋ ਰਿਹਾ ਹੈ, ਜਿਥੇ ਭਾਸ਼ਾ ਦਾ ਸਵਾਲ ਹਮੇਸ਼ਾ ਅਹਿਮ ਮੁੱਦਾ ਰਿਹਾ ਹੈ।’

# ਰੁਤਬੇ ਤੇ ਸ਼ੌਕ ਕਾਰਨ ਹਥਿਆਰ ਰੱਖਣ ਵਿਚ ਮੋਹਰੀ ਹੋ ਰਹੇ ਪੰਜਾਬੀ

### *ਪੰਜਾਬ ਪੁਲੀਸ ਨਾਲੋਂ ਕਿਤੇ ਵੱਧ ‘ਅਸਲਾ’ ਪੰਜਾਬੀਆਂ ਕੋਲ*

**ਚੰਡੀਗੜ੍ਹ/ ਵਿਕਰਮਜੀਤ ਸਿੰਘ ਮਾਨ :** ਪੰਜਾਬੀ ਰਫ਼ਲਾਂ ਰੱਖਣ ਦੇ ਸ਼ੌਕੀ ਹਨ। ਇਸ ਗੱਲ ਦੀ ਚਰਚਾ ਤਾਂ ਪੂਰੇ ਦੇਸ਼ ਵਿਚ ਹੀ ਹੈ ਪਰ ਪੰਜਾਬ ਵਿਚ ਸ਼ੌਕ ਦੇ ਨਾਲ-ਨਾਲ ਰੁਤਬੇ ਲਈ ਹਥਿਆਰ ਰੱਖਣ ਵਾਲਿਆਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ ਅਤੇ ਹਾਲਤ ਇਹ ਹਨ ਕਿ ਪੰਜਾਬੀਆਂ ਕੋਲ ਪੰਜਾਬ ਪੁਲੀਸ ਤੋਂ ਵੀ ਕੀਤੇ ਵੱਧ ਹਥਿਆਰ ਦੱਸੇ ਜਾ ਰਹੇ ਹਨ। ਅੰਕੜਿਆਂ ਅਨੁਸਾਰ ਸੂਬੇ ਦੇ ਹਰ 18ਵੇਂ ਪਰਿਵਾਰ ਕੋਲ ਲਾਇਸੈਂਸੀ ਹਥਿਆਰ ਹਨ ਜਦਂੋ ਕਿ ਗ਼ੈਰ-ਕਾਨੂੰਨੀ ਹਥਿਆਰਾਂ ਦੀ ਗਿਣਤੀ ਕਰਨ ਦਾ ਤਾਂ ਪੁਲੀਸ ਦੇ ਕੋਲ ਕੋਈ ਪੈਮਾਨਾ ਹੀ ਨਹੀਂ। ਹਥਿਆਰਾਂ ਦੀ ਵੱਧ ਰਹੀ ਗਿਣਤੀ ਤੇ ਅਪਰਾਧਕ ਵਾਰਦਾਤਾਂ ਜਿੱਥੇ ਪੰਜਾਬ ਪੁਲੀਸ ਲਈ ਵੱਡੀ ਸਿਰਦਰਦੀ ਬਣੀਆਂ ਹੋਈਆਂ ਹਨ, ਉਥੇ ਸੂਬੇ ਵਿਚ ਵਾਪਰ ਰਹੀਆਂ ਖੁੱਲ੍ਹੇਆਮ ਹਥਿਆਰਾਂ ਦੀ ਵਰਤੋਂ ਸਬੰਧੀ ਘਟਨਾਵਾਂ ਆਮ ਲੋਕਾਂ ਵਿਚ ਵੀ ਸਹਿਮ ਪੈਦਾ ਕਰਦੀਆਂ ਹਨ।

ਗ੍ਰਹਿ ਵਿਭਾਗ ਦੇ ਪਿਛਲੇ ਸਾਲ ਦੇ ਇਕ ਅਨੁਮਾਨ ਅਨੁਸਾਰ ਸਾਹਮਣੇ ਆਇਆ ਹੈ ਕਿ ਸੂਬੇ ਵਿਚ ਹਰ 90ਵੇਂ ਵਿਅਕਤੀ ਕੋਲ ਲਾਇਸੈਂਸੀ ਹਥਿਆਰ ਹੈ ਅਤੇ ਇਨ੍ਹਾਂ ਅੰਕੜਿਆਂ ਅਨੁਸਾਰ ਲਾਇਸੈਂਸੀ ਹਥਿਆਰ ਰੱਖਣ ਦੇ ਮਾਮਲੇ ਵਿਚ ਪੰਜਾਬ ਦੇਸ਼ ਵਿਚ ਯੂ.ਪੀ. ਦੇ ਬਾਅਦ ਦੂਜੇ ਨੰਬਰ ਦੱਸਿਆ ਜਾ ਰਿਹਾ ਹੈ। ਇਸੇ ਤਰ੍ਹਾਂ ਗੁਆਂਢੀ ਰਾਜ ਹਰਿਆਣਾ 1.14 ਲੱਖ ਲਾਇਸੈਂਸੀ ਹਥਿਆਰਾਂ ਦੇ ਨਾਲ ਪੰਜਵੇਂ ਨੰਬਰ ਉੱਤੇ ਆਉਂਦਾ ਹੈ। ਵਿਧਾਨ ਸਭ ਚੋਣਾਂ ਦੌਰਾਨ ਸਾਹਮਣੇ ਆਏ ਅੰਕੜਿਆਂ ਤਹਿਤ ਪੰਜਾਬ ਵਿਚ ਇਸ ਸਮੇਂ 3 ਲੱਖ ਦੇ ਕਰੀਬ ਲਾਇਸੈਂਸੀ ਹਥਿਆਰ ਹਨ ਜਦਕਿ ਪੰਜਾਬ ਪੁਲੀਸ ਦੇ ਕਰੀਬ 90 ਹਜ਼ਾਰ ਮੁਲਾਜ਼ਮਾਂ ਕੋਲ ਹਥਿਆਰਾਂ ਦੀ ਗਿਣਤੀ ਲਗਭਗ 1.17 ਲੱਖ ਦੱਸੀ ਜਾ ਰਹੀ ਹੈ। ਇਸ ਸਬੰਧੀ ਪੁਲੀਸ ਦਾ ਵੀ ਇਹ ਮੰਨਣਾ ਹੈ ਕਿ ਗ਼ੈਰ-ਕਾਨੂੰਨੀ ਹਥਿਆਰਾਂ ਦੀ ਗਿਣਤੀ ਲਾਇਸੈਂਸੀ ਹਥਿਆਰਾਂ ਤੋਂ ਕਿਤੇ ਜ਼ਿਆਦਾ ਹੋ ਸਕਦੀ ਹੈ ਤੇ ਅੰਦਾਜ਼ਨ ਲਾਇਸੈਂਸੀ ਤੇ ਗੈਰ-ਲਾਇਸੈਂਸੀ ਹਥਿਆਰ ਮਿਲਾ ਕੇ ਇਹ ਸੰਖਿਆ 4.50 ਲੱਖ ਪੁੱਜੀ ਦੱਸੀ ਜਾ ਰਹੀ ਹੈ। ਪੰਜਾਬ ਵਿਚ ਲਾਇਸੈਂਸੀ ਹਥਿਆਰਾਂ ਦਾ ਜ਼ਿਲ੍ਹੇਵਾਰ ਵੇਰਵਾ ਦੇਖੀਏ ਤਾਂ ਗੁਰਦਾਸਪੁਰ ਜ਼ਿਲ੍ਹੇ ਵਿਚ 36 ਹਜ਼ਾਰ ਲਾਇਸੈਂਸੀ ਹਥਿਆਰ ਹਨ ਜਦੋਂ ਕਿ ਬਠਿੰਡਾ ਜ਼ਿਲ੍ਹੇ ਵਿਚ ਇਹ ਗਿਣਤੀ ਕਰੀਬ 33 ਹਜ਼ਾਰ ਹੈ। ਕਈ ਪੁਲੀਸ ਅਧਿਕਾਰੀਆਂ ਅਨੁਸਾਰ ਸੂਬੇ ਵਿਚ ਅੱਤਵਾਦ ਦੇ ਕਾਲੇ ਦੌਰ ਵਿਚ ਇਨ੍ਹਾਂ ਦੋ ਜ਼ਿਲ੍ਹਿਆਂ ਵਿਚ ਲੋਕਾਂ ਵਿਚ ਹਥਿਆਰ ਰੱਖਣ ਦਾ ਚਲਨ ਤੇਜ਼ੀ ਨਾਲ ਵਧਿਆ ਸੀ। ਇਸੇ ਤਰ੍ਹਾਂ ਲੁਧਿਆਣਾ ਜ਼ਿਲ੍ਹੇ ਵਿਚ 27 ਹਜ਼ਾਰ, ਜਲੰਧਰ ਵਿਚ ਕਰੀਬ 25 ਹਜ਼ਾਰ ਤੇ ਪਟਿਆਲਾ ਜ਼ਿਲ੍ਹੇ ਵਿਚ ਕਰੀਬ 24.50 ਹਜ਼ਾਰ ਹਥਿਆਰਾਂ ਦੀ ਗਿਣਤੀ ਦੱਸੀ ਜਾ ਰਹੀ ਹੈ। ਦੂਜੇ ਪਾਸੇ ਪੁਲੀਸ ਦੇ ਸਾਹਮਣੇ ਇਹ ਵੀ ਆਇਆ ਹੈ ਕਿ ਸੂਬੇ ਵਿਚ ਨੌਜਵਾਨ ਤੇ ਰਸੂਖਦਾਰ ਵਰਗ ਅਸਲਾ ਲਾਇਸੈਂਸ ਹਾਸਲ ਕਰਨ ਦੀ ਦੌੜ ਵਿਚ ਸਭ ਤੋਂ ਅੱਗੇ ਹੈ ਤੇ ਲਾਇਸੈਂਸੀ ਹਥਿਆਰ ਦੇ ਰੂਪ ਵਿਚ ਜ਼ਿਆਦਾਤਰ ਨੌਜਵਾਨ 32 ਬੋਰ ਦੀ ਰਿਵਾਲਵਰ ਰੱਖਣਾ ਪਸੰਦ ਕਰਦੇ ਹਨ। ਹੁਣ ਰਾਜ ਵਿੱਚ ਨਵੀਂ ਸਰਕਾਰ ਦੇ ਗਠਨ ਮਗਰੋਂ ਗ੍ਰਹਿ ਵਿਭਾਗ ਫ਼ਿਲਹਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਹੈ ਤੇ ਦੱਸਿਆ ਜਾ ਰਿਹਾ ਹੈ ਕਿ ਹਥਿਆਰਾਂ ਦੇ ਲਾਇਸੈਂਸ ਧੜਾ ਧੜ ਦੇਣ ਵਾਲੀ ਨੀਤੀ ਵਿਚ ਬਦਲਾਅ ਕਰਕੇ ਇਸ ਸਬੰਧੀ ਸਖ਼ਤੀ ਵਰਤੀ ਜਾਵੇਗੀ।

# ਸਾਡੇ ਖ਼ਿਲਾਫ਼ ‘ਆਪ’ ਦੇ ਪ੍ਰਚਾਰ ਦਾ ਲਾਭ ਕਾਂਗਰਸ ਨੇ ਖੱਟਿਆ : ਸੁਖਬੀਰ ਬਾਦਲ

**ਬੰਗਾ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਨੇ ਆਮ ਆਦਮੀ ਪਾਰਟੀ ਵਾਂਗ ਲੋਕਾਂ ਨੂੰ ਗੁਮਰਾਹ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਗੱਠਜੋੜ ਬਾਰੇ ਕੂੜ ਪ੍ਰਚਾਰ ਕਰਨ ਵਾਲੀ ‘ਆਪ’ ਦਾ ਪੰਜਾਬ ਵਿੱਚੋਂ ਸਫ਼ਾਇਆ ਹੋ ਗਿਆ ਪਰ ਇਸ ਦਾ ਵਕਤੀ ਲਾਭ ਪ੍ਰਾਪਤ ਕਰਨ ਵਿੱਚ ਕਾਂਗਰਸ ਸਫ਼ਲ ਹੋ ਗਈ।

ਸੁਖਬੀਰ ਸਿੰਘ ਬਾਦਲ ਪਿੰਡ ਖਟਕੜ ਕਲਾਂ ਵਿੱਚ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਰੱਖੀ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸੂਬੇ ਦੇ ਵੱਖ ਵੱਖ ਵਿਕਾਸ ਕਾਰਜਾਂ ਲਈ ਜਾਰੀ ਹੋਇਆ ਪੈਸਾ ਨਵੀਂ ਸਰਕਾਰ ਵੱਲੋਂ ਵਾਪਸ ਮੰਗਵਾਉਣਾ ਮੰਦਭਾਗਾ ਹੈ, ਜਿਸ ਕਾਰਨ ਉਨ੍ਹਾਂ ਦੀ ਸਰਕਾਰ ਵੱਲੋਂ ਵਿੱਢੇ ਕੰਮ ਠੱਪ ਹੋ ਜਾਣਗੇ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜਾਬ ਵਿੱਚ ਕਾਂਗਰਸ ਸਰਕਾਰ ਬਣਦਿਆਂ ਹੀ ਇੱਕ ਹਫ਼ਤੇ ਅੰਦਰ ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਪੂਰਾ ਹੁੰਦਾ ਨਜ਼ਰ ਨਹੀਂ ਆ ਰਿਹਾ। ਪੰਜਾਬ ਵਿੱਚ ਕਾਂਗਰਸ ਪਾਰਟੀ ਨੇ ਜਿਸ ਤਰ੍ਹਾਂ ਕਰਜ਼ਾ ਮੁਆਫੀ, ਨੌਕਰੀਆਂ ਦੇਣ ਤੇ ਸਮਾਰਟ ਫੋਨ ਦੇਣ ਦੇ ਲਾਲਚ ਤਹਿਤ ਲਿਖਤੀ ਫਾਰਮ ਭਰਵਾਏ ਸਨ, ਉਹ ਦੇਸ਼ ਦੇ ਲੋਕਤੰਤਰੀ ਢਾਂਚੇ ਲਈ ਵੱਡਾ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਸ਼ਹੀਦਾਂ ਨੂੰ ਹਮੇਸ਼ਾ ਸਿਜਦਾ ਕੀਤਾ ਹੈ ਤੇ ਇਸੇ ਮਿਸ਼ਨ ਤਹਿਤ ਉਨ੍ਹਾਂ ਦੀ ਸਰਕਾਰ ਨੇ ਇਤਿਹਾਸਕ ਯਾਦਗਾਰਾਂ ਸਥਾਪਤ ਕਰਨ ਲਈ ਕਰੋੜਾਂ ਰੁਪਏ ਖ਼ਰਚੇ। ਉਨ੍ਹਾਂ ਦੂਜੀਆਂ ਸਿਆਸੀ ਪਾਰਟੀਆਂ ਛੱਡ ਕੇ ਜਾਂ ਨਿੱਜੀ ਲਾਭ ਲੈਣ ਲਈ ਅਕਾਲੀ ਦਲ ਵਿੱਚ ਆਉਣ ਵਾਲਿਆਂ ’ਤੇ ਵਿਅੰਗ ਕਰਦਿਆਂ ਪਾਰਟੀ ਲੀਡਰਸ਼ਿਪ ਨੂੰ ਹਦਾਇਤ ਕੀਤੀ ਕਿ ਭਵਿੱਖ ਵਿੱਚ ਅਜਿਹੀ ਕੋਈ ਸ਼ਮੂਲੀਅਤ ਨਾ ਕਰਾਈ ਜਾਵੇ। ਉਨ੍ਹਾਂ ਕਿਹਾ ਕਿ ਜਿੱਥੇ ਵੀ ਕਿਸੇ ਪਾਰਟੀ ਦੇ ਟਕਸਾਲੀ ਆਗੂ ਜਾਂ ਵਰਕਰ ਨਾਲ ਧੱਕਾ ਹੁੰਦਾ ਹੈ ਤਾਂ ਉਸ ਦੀ ਮਦਦ ਲਈ ਸਾਰੀ ਲੀਡਰਸ਼ਿਪ ਇਕੱਠੀ ਹੋ ਕੇ ਸੰਘਰਸ਼ ਕਰੇ। ਆਪਣੇ ਹੱਥੋਂ ਖੁੱਸੀ ਸੱਤਾ ਦੇ ਕਾਰਨਾਂ ਸਬੰਧੀ ਮੀਡੀਆ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਮੰਨਿਆ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਜੋ ਕਮੀਆਂ ਰਹਿ ਗਈਆਂ ਹਨ, ਉਹ ਭਵਿੱਖ ਵਿੱਚ ਗੰਭੀਰਤਾ ਨਾਲ ਵਿਚਾਰਨਗੇ ਅਤੇ ਕੈਪਟਨ ਸਰਕਾਰ ਜੋ ਚੰਗੇ ਕੰਮ ਕਰੇਗੀ ਤਾਂ ਉਹ ਸਾਥ ਦੇਣਗੇ। ਇਸ ਮੌਕੇ ਬੁਲਾਰਿਆਂ ਨੇ ਸਮਾਗਮ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ‘ਆਪ’ ਦੀ ਸੀਨੀਅਰ ਲੀਡਰਸ਼ਿਪ ਦੇ ਨਾ ਆਉਣ ਦਾ ਮਾਮਲਾ ਉਠਾਇਆ।



ਪਿੰਡ ਖਟਕੜ ਕਲਾਂ ਵਿੱਚ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਸੁਖਬੀਰ ਸਿੰਘ ਬਾਦਲ।

# ‘ਗੁਰੂ’ ਦੀ ਹਾਰ ਦਾ ਨਵਜੋਤ ਸਿੱਧੂ ਨੇ ਮਨਾਇਆ ਜਸ਼ਨ, ਭੰਗੜਾ ਪਾਉਂਦਿਆਂ ਦੀ ਟੁੱਟੀ ਸਟੇਜ

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਸਾਬਕਾ ਮੰਤਰੀ ਤੇ ਭਾਜਪਾ ਉਮੀਦਵਾਰ ਅਨਿਲ ਜੋਸ਼ੀ ਦੀ ਹਾਰ ਅਤੇ ਉੱਤਰੀ ਹਲਕੇ ਵਿੱਚੋਂ ਜਿੱਤੇ ਕਾਂਗਰਸੀ ਵਿਧਾਇਕ ਸੁਨੀਲ ਦੱਤੀ ਦੀ ਜਿੱਤ ਦੀ ਖ਼ੁਸ਼ੀ ਵਿਚ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ, ਕਾਂਗਰਸੀ ਵਿਧਾਇਕ ਸੁਨੀਲ ਦੱਤੀ ਤੇ ਜ਼ਿਲ੍ਹਾ ਪ੍ਰਧਾਨ ਜੁਗਲ ਕਿਸ਼ੋਰ ਸ਼ਰਮਾ ਸਮੇਤ ਹੋਰ ਕਾਂਗਰਸੀ ਆਗੂਆਂ ਨੇ ਭੰਗੜੇ ਪਾਏ। ਅਨਿਲ ਜੋਸ਼ੀ ਕਿਸੇ ਵੇਲੇ ਨਵਜੋਤ ਸਿੱਧੂ ਦੇ ਸਿਆਸੀ ਗੁਰੂ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਸਬੰਧੀ ਉੱਤਰੀ ਵਿਧਾਨ ਸਭਾ ਹਲਕੇ ਅਧੀਨ ਆਉਂਦੇ ਰਤਨ ਸਿੰਘ ਚੌਕ ਨੇੜੇ ਇਕ ਸਮਾਗਮ ਰੱਖਿਆ ਗਿਆ ਸੀ। ਇਹ ਸਮਾਗਮ ਸ੍ਰੀ ਜੋਸ਼ੀ ਦੇ ਕੈਂਪ ਦਫ਼ਤਰ ਤੋਂ ਕੁਝ ਹੀ ਦੂਰ ਸੀ। ਸਮਾਗਮ ਦੌਰਾਨ ਡੀਜੇ ਚੱਲ ਰਿਹਾ ਸੀ ਅਤੇ ਸਾਰੇ ਕਾਂਗਰਸੀ ਆਗੂ ਸਟੇਜ ’ਤੇ ਚੜ੍ਹ ਕੇ ਭੰਗੜੇ ਪਾ ਰਹੇ ਸਨ। ਇਸ ਦੌਰਾਨ ਆਰਜ਼ੀ ਤੌਰ ’ਤੇ ਬਣਾਈ ਸਟੇਜ ’ਤੇ ਸਮਰੱਥਾ ਤੋਂ ਵੱਧ ਵਿਅਕਤੀਆਂ ਦੇ ਚੜ੍ਹਨ ਕਰਕੇ ਕੁਝ ਹੀ ਦੇਰ ਵਿੱਚ ਸਟੇਜ ਟੁੱਟ ਗਈ। ਇਸ ਉਪਰੰਤ ਕਾਂਗਰਸੀ ਕਾਰਕੁਨਾਂ ਨੇ ਸੜਕ ’ਤੇ ਹੀ ਭੰਗੜੇ ਪਾਏ।



ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਜੁਗਲ ਕਿਸ਼ੋਰ ਸ਼ਰਮਾ ਨੇ ਦੱਸਿਆ ਕਿ ਚੋਣਾਂ ਦੌਰਾਨ ਸ੍ਰੀ ਸਿੱਧੂ ਨੇ ਇਸ ਇਲਾਕੇ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਜੇਕਰ ਉਹ ਅਨਿਲ ਜੋਸ਼ੀ ਨੂੰ ਹਰਾ ਦੇਣਗੇ ਤਾਂ ਉਹ ਇੱਥੇ ਆ ਕੇ ਉਨ੍ਹਾਂ ਨਾਲ ਭੰਗੜਾ ਪਾਉਣਗੇ। ਇਸੇ ਖ਼ੁਸ਼ੀ ਵਿੱਚ ਸਮਾਗਮ ਰੱਖਿਆ ਗਿਆ ਸੀ। ਦੱਸਣਯੋਗ ਹੈ ਕਿ ਦਹਾਕਾ ਪਹਿਲਾਂ ਅਨਿਲ ਜੋਸ਼ੀ ਅਤੇ ਸ੍ਰੀ ਸਿੱਧੂ ਦੇ ਸਬੰਧਾਂ ਵਿੱਚ ਉਸ ਵੇਲੇ ਕੁੜੱਤਣ ਆ ਗਈ ਸੀ ਜਦੋਂ ਸ੍ਰੀ ਜੋਸ਼ੀ ਵੱਲੋਂ ਇਕ ਪੁਲੀਸ ਅਧਿਕਾਰੀ ਨੂੰ ਅੰਮ੍ਰਿਤਸਰ ਵਿੱਚੋਂ ਤਬਦੀਲ ਕਰਾਉਣ ਲਈ ਮੁੱਖ ਮੰਤਰੀ ਕੋਲ ਪਹੁੰਚ ਕੀਤੀ ਗਈ। ਉਸ ਵੇਲੇ ਸ੍ਰੀ ਸਿੱਧੂ ਅਤੇ ਭਾਜਪਾ ਆਗੂ ਲਕਸ਼ਮੀ ਕਾਂਤਾ ਚਾਵਲਾ ਪੁਲੀਸ ਅਧਿਕਾਰੀ ਦੇ ਸਮਰਥਨ ਵਿੱਚ ਖੜ੍ਹੇ ਹੋਏ ਸਨ।

# ਟੀ.ਵੀ. ’ਤੇ ਜਾਰੀ ਰਹਿਣਗੇ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਠਹਾਕੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਸਥਾਨਕ ਸਰਕਾਰਾਂ, ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਖੁਸ਼ਸੀ ਠਹਾਕੇ ਜਾਰੀ ਰਹਿਣਗੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਜਚਾ ਦਿੱਤਾ ਗਿਆ ਹੈ ਕਿ ਲਾਭ ਵਾਲੇ ਅਹੁਦੇ ਦਾ ਕਾਨੂੰਨ ਸ੍ਰੀ ਸਿੱਧੂ ਨੂੰ ਇਕ ਮਸ਼ਹੂਰ ਟੀਵੀ ਕਾਮੇਡੀ ਸ਼ੋਅ ਦੇ ‘ਸੈਲੀਬ੍ਰਿਟੀ ਜੱਜ’ ਵਜੋਂ ਪਾਰੀ ਜਾਰੀ ਰੱਖਣ ਤੋਂ ਨਹੀਂ ਰੋਕਦਾ। ਕੈਪਟਨ ਅਮਰਿੰਦਰ ਸਿੰਘ ਨੇ ਅਧਿਕਾਰਤ ਤੌਰ ਉਤੇ ਗੇਂਦ ਐਡਵੋਕੇਟ ਜਨਰਲ ਅਤੁਲ ਨੰਦਾ ਦੇ ਪਾਲੇ ਵਿੱਚ ਸੁੱਟ ਦਿੱਤੀ ਸੀ। ਰਾਜ ਦੇ ਇਸ ਮੁੱਖ ਕਾਨੂੰਨ ਅਫ਼ਸਰ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਟੈਲੀਵਿਜ਼ਨ ’ਤੇ ਕਾਮੇਡੀ ਸ਼ੋਅ ਵਿੱਚ ਸਿੱਧੂ ਦੀ ਹਾਜ਼ਰੀ ਨਾਲ ਲਾਭ ਵਾਲੇ ਅਹੁਦੇ ਸਬੰਧੀ ਨਿਯਮਾਂ ਦੀ ਉਲੰਘਣਾ ਨਹੀਂ ਹੁੰਦੀ। ਸ੍ਰੀ ਨੰਦਾ ਨੇ ਹਾਲੇ ਇਹ ਰਾਇ ਮੁੱਖ ਮੰਤਰੀ ਨੂੰ ਸੌਂਪਣੀ ਹੈ ਪਰ ਜਾਪਦਾ ਹੈ ਕਿ ਛੋਟੇ ਪਰਦੇ ਉਤੇ ਸ੍ਰੀ ਸਿੱਧੂ ਦੀ ਪਾਰੀ ਖ਼ਤਮ ਨਹੀਂ ਹੋਵੇਗੀ। ਸੰਪਰਕ ਕਰਨ ਉਤੇ ਸ੍ਰੀ ਨੰਦਾ ਨੇ ਕਿਹਾ, “ਮੈਂ ਇਸ ਮੁੱਦੇ ਉਤੇ ਇਕ ਮੀਟਿੰਗ ਦੌਰਾਨ ਮੁੱਖ ਮੰਤਰੀ ਨਾਲ ਚਰਚਾ ਕੀਤੀ ਹੈ। ਮੁੱਖ ਮੰਤਰੀ ਨੇ ਇਸ ਮਾਮਲੇ ਉਤੇ ਕੁੱਝ ਸਵਾਲ ਪੁੱਛੇ ਸਨ। ਮੈਂ ਇਨ੍ਹਾਂ ਸਵਾਲਾਂ ਦਾ ਜਵਾਬ ਦੇ ਦਿੱਤਾ ਅਤੇ ਹੁਣ ਮੈਂ ਆਪਣੀ ਰਾਇ ਬਣਾ ਰਿਹਾ ਹਾਂ।”

ਜਦੋਂ ਪੁੱਛਿਆ ਗਿਆ ਕਿ ਕੀ ਸ੍ਰੀ ਸਿੱਧੂ ਟੀਵੀ ਸ਼ੋਅ ਜਾਰੀ ਰੱਖ ਸਕਦੇ ਹਨ ਤਾਂ ਸ੍ਰੀ ਨੰਦਾ ਨੇ ਕਿਹਾ ਕਿ ਜੇ ਉਹ ਸ਼ੋਅ ਜਾਰੀ ਰੱਖਦੇ ਹਨ ਤਾਂ ਮੁੱਢਲੀ ਨਜ਼ਰੇ ਉਨ੍ਹਾਂ ਵਿਰੁੱਧ ਲਾਭ ਵਾਲੇ ਅਹੁਦੇ ਦੇ ਕਾਨੂੰਨ ਦੀ ਉਲੰਘਣਾ ਦਾ ਕੋਈ ਕੇਸ ਨਹੀਂ ਬਣਦਾ। ਇਹ ਸੁਝਾਅ ਕਾਫੀ ਅਹਿਮ ਹੈ ਕਿਉਂਕਿ ਇਹ ਮੁੱਦਾ ਕਾਫੀ ਜਟਿਲ ਹੈ। ਐਡਵੋਕੇਟ ਜਨਰਲ ਦੀ ਰਾਇ ਨਾਲ ਦੂਰਗਾਮੀ ਪ੍ਰਭਾਵ ਪੈ ਸਕਦੇ ਹਨ ਕਿਉਂਕਿ ਅਣਗਿਣਤ ਗਤੀਵਿਧੀਆਂ ਵਿੱਚ ਸ਼ਾਮਲ ਕੁਝ ਹੋਰ ਮੰਤਰੀਆਂ ਨੂੰ ਵੀ ਅਣਚਿਤਵੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸ੍ਰੀ ਨੰਦਾ ਦਾ ਦਾਅਵਾ ਅਜਿਹੇ ਸਮੇਂ ਆਇਆ ਹੈ, ਜਦੋਂ ਕਿ ਸ੍ਰੀ ਸਿੱਧੂ ਮੀਡੀਆ ਨੂੰ ਕਹਿ ਰਹੇ ਹਨ ਕਿ ਉਹ ਮਸ਼ਹੂਰ ‘ਦਿ ਕਪਿਲ ਸ਼ਰਮਾ ਸ਼ੋਅ’ ਛੱਡਣ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਫੈਸਲੇ ਦਾ ਸਤਿਕਾਰ ਕਰਨਗੇ।

## ਸਿੱਧੂ ਦਾ ਲਾਭ ਵਾਲੇ ਅਹੁਦੇ ’ਤੇ ਕੰਮ ਕਰਨਾ ਕਾਨੂੰਨ ਦੀ ਉਲੰਘਣਾ ਨਹੀਂ : ਐਡਵੋਕੇਟ ਜਨਰਲ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਐਡਵੋਕੇਟ ਜਨਰਲ ਅਤੁੱਲ ਨੰਦਾ ਨੇ ਆਖਿਆ ਕਿ ਨਵਜੋਤ ਸਿੰਘ ਸਿੱਧੂ ਦੇ ਕੈਬਨਿਟ ਮੰਤਰੀ ਅਤੇ ਟੈਲੀਵਿਜ਼ਨ ਸ਼ੋਅ ਦੇ ਕੰਮਕਾਜ ਦਰਮਿਆਨ ਹਿਤਾਂ ਦਾ ਕੋਈ ਵੀ ਟਕਰਾਅ ਸਾਹਮਣੇ ਨਹੀਂ ਆਇਆ। ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ ’ਤੇ ਐਡਵੋਕੇਟ ਜਨਰਲ ਪਾਸੋਂ ਰਿਪੋਰਟ ਹਾਸਿਲ ਹੋਣ ਦੀ ਪੁਸ਼ਟੀ ਕੀਤੀ ਹੈ। ਇਸ ਸਥਿਤੀ ਵਿਚ ਮੁੱਖ ਮੰਤਰੀ ਨੇ ਕਿਹਾ ਹੈ ਕਿ ਹੁਣ ਨਾ ਸਿੱਧੂ ਦੇ ਟੀ.ਵੀ. ਸ਼ੋਅ ਵਿਚ ਕੰਮ ਵਿਚ ਕੋਈ ਅੜਿੱਕਾ ਹੈ ਅਤੇ ਨਾ ਹੀ ਉਨ੍ਹਾਂ ਦਾ ਸਭਿਆਚਾਰ ਵਿਭਾਗ ਬਦਲਣ ਦੀ ਲੋੜ ਹੈ। ਐਡਵੋਕੇਟ ਜਨਰਲ ਦੀ ਰਾਏ ਅਨੁਸਾਰ ਇਹ ਮਾਮਲਾ ਭਾਰਤੀ ਸੰਵਿਧਾਨ ਦੇ ਲੋਕ ਪ੍ਰਤੀਨਿਧ ਐਕਟ, 1951 ਜਾਂ ਆਚਰਣ ਜ਼ਾਬਤੇ ਦੀ ਉਲੰਘਣਾ ਨਹੀਂ ਹੈ। ਐਡਵੋਕੇਟ ਜਨਰਲ ਅਨੁਸਾਰ ਸਿੱਧੂ ਨੂੰ ਟੀ.ਵੀ ਸ਼ੋਅ ਦਾ ਕੰਮ ਜਾਰੀ ਰੱਖਣ ਵਿਚ ਕੋਈ ਕਾਨੂੰਨੀ ਪਾਬੰਦੀ ਨਹੀਂ ਹੈ। ਠੁਕਰਾਲ ਨੇ ਦੱਸਿਆ ਕਿ ਸ. ਸਿੱਧੂ ਵੱਲੋਂ ਸਥਾਨਕ ਸਰਕਾਰ, ਸੈਰ-ਸਪਾਟਾ, ਸਭਿਆਚਾਰ ਮਾਮਲੇ, ਪੁਰਾਤੱਤਵ ਤੇ ਅਜਾਇਬ ਘਰ ਵਿਭਾਗਾਂ ਦੇ ਕੈਬਨਿਟ ਮੰਤਰੀ ਵਜੋਂ ਜ਼ਿੰਮੇਵਾਰੀ ਨਿਭਾਉਣ ਅਤੇ ਟੀ.ਵੀ. ਸ਼ੋਅ ਵਿਚ ਕੰਮ ਕਰਨ ਵਿਚ ਹਿੱਤਾਂ ਦਾ ਕੋਈ ਟਕਰਾਅ ਨਹੀਂ ਹੈ। ਐਡਵੋਕੇਟ ਜਨਰਲ ਵੱਲੋਂ ਚਾਰ ਸਫ਼ਿਆਂ ਦੀ ਦਿੱਤੀ ਰਿਪੋਰਟ ਦੇ ਸਾਰ ਤੱਤ ਵਿਚ ਕਿਹਾ ਗਿਆ ਹੈ ਕਿ ਸਿੱਧੂ ਦਾ ਸਭਿਆਚਾਰ ਵਿਭਾਗ ਬਦਲਣ ਦੀ ਕੋਈ ਲੋੜ ਨਹੀਂ ਹੈ।

ਸੰਵਿਧਾਨ ਦਾ ਵੇਰਵਾ ਦਿੰਦਿਆਂ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸ਼ੋਅ ਵਿਚ ਮਹਿਮਾਨ ਜੱਜ ਦੀ ਭੂਮਿਕਾ ਨਿਭਾਉਣਾ ਭਾਰਤ ਸਰਕਾਰ, ਸੂਬਾ ਸਰਕਾਰ ਅਧੀਨ ਅਹੁਦੇ ਦਾ ਲਾਭ ਨਹੀਂ ਹੈ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਹ ਭਾਰਤ ਸਰਕਾਰ ਤੇ ਸੂਬਾ ਸਰਕਾਰ ਦੇ ਹੇਠ ਕੋਈ ਅਹੁਦਾ ਨਹੀਂ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ, ‘ਧਾਰਾ 191 (1) ਮੁਤਾਬਕ ਇਸ ਕੰਮ ਨੂੰ ਜਾਰੀ ਰੱਖਣ ਨਾਲ ਅਹੁਦੇ ਦੇ ਲਾਭ ਤੋਂ ਅਯੋਗ ਨਹੀਂ ਕੀਤਾ ਜਾ ਸਕਦਾ।’ ਐਡਵੋਕੇਟ ਜਨਰਲ ਨੇ ਆਪਣੀ ਰਾਏ

ਬਾਕੀ ਸਫ਼ਾ 32 ’ਤੇ

# ਬੁੱਚੜਖਾਨੇ ਬੰਦ ਹੋਏ ਤਾਂ ਖੁੱਸ ਜਾਏਗਾ ਲੱਖਾਂ ਹਿੰਦੂ-ਮੁਸਲਮਾਨਾਂ ਦਾ ਰੁਜ਼ਗਾਰ



**ਪ੍ਰਮੋਦ ਮਲਿਕ**

ਉਤਰ ਪ੍ਰਦੇਸ਼ ਵਿਚ ਬੁੱਚੜਖਾਨਿਆਂ ਖ਼ਿਲਾਫ਼ ਕੀਤੀ ਜਾ ਰਹੀ ਕਾਰਵਾਈ ਨਾਲ ਮਾਸ ਵਪਾਰ 'ਤੇ ਨਿਰਭਰ ਮੁਸਲਮਾਨ ਹੀ ਨਹੀਂ, ਲੱਖਾਂ ਦਲਿਤਾਂ ਦੀ ਰੋਟੀ-ਰੋਜ਼ੀ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਬੁੱਚੜਖਾਨਿਆਂ ਅਤੇ ਚਮੜਾ ਉਦਯੋਗ ਵਿਚ ਮੁਸਲਮਾਨਾਂ ਤੋਂ ਇਲਾਵਾ ਦਲਿਤ ਵੀ ਕੰਮ ਕਰਦੇ ਹਨ। ਯੋਗੀ ਅਦਿਤਿਆਨਾਥ ਨੇ ਮੁੱਖ ਮੰਤਰੀ ਬਣਨ ਮਗਰੋਂ ਗ਼ਾਜ਼ੀਆਬਾਦ ਸਮੇਤ ਕਈ ਥਾਵਾਂ 'ਤੇ ਬੁੱਚੜਖਾਨੇ ਬੰਦ ਕਰਵਾ ਦਿੱਤੇ ਹਨ। ਰਿਪੋਰਟ ਮੁਤਾਬਕ ਮੁੱਖ ਮੰਤਰੀ ਬਣਨ ਮਗਰੋਂ ਉਨ੍ਹਾਂ ਨੇ ਪੁਲੀਸ ਨੂੰ ਨਿਰਦੇਸ਼ ਦਿੱਤੇ ਹਨ ਕਿ 'ਗੈਰਕਾਨੂੰਨੀ' ਬੁੱਚੜਖਾਨੇ ਬੰਦ ਕੀਤੇ ਜਾਣ।

ਮੇਰਠ ਯੂਨੀਵਰਸਿਟੀ ਦੇ ਪ੍ਰੋਫੈਸਰ ਸਤੀਸ਼ ਪ੍ਰਕਾਸ਼ ਨੇ ਦੱਸਿਆ, 'ਬੁੱਚੜਖਾਨੇ ਬੰਦ ਹੋਣ ਦਾ ਸਭ ਤੋਂ ਜ਼ਿਆਦਾ ਅਸਰ ਦਲਿਤਾਂ 'ਤੇ ਪਏਗਾ। ਚਮੜੇ ਦਾ ਕੰਮ ਦਲਿਤਾਂ ਦਾ ਜੱਦੀ ਧੰਦਾ ਹੈ ਜੋ ਉਹ ਸਦੀਆਂ ਤੋਂ ਕਰਦੇ ਆ ਰਹੇ ਹਨ। ਬੁੱਚੜਖਾਨੇ ਬੰਦ ਹੋਣ ਨਾਲ ਵੱਡੀ ਤਾਦਾਦ ਵਿਚ ਦਲਿਤਾਂ ਦੀ ਰੋਜ਼ੀ-ਰੋਟੀ ਮਾਰੀ ਜਾਵੇਗੀ।'

ਖੇਤੀ ਵਿਭਾਗ ਦੇ ਅੰਕੜਿਆਂ ਮੁਤਾਬਕ ਦੇਸ਼ ਦੇ 75 ਬੁੱਚੜਖਾਨਿਆਂ ਵਿਚੋਂ 38 ਉਤਰ ਪ੍ਰਦੇਸ਼ ਵਿਚ ਹਨ। ਇਹ ਉਹ ਬੁੱਚੜਖਾਨੇ ਹਨ, ਜਿਨ੍ਹਾਂ ਨੂੰ ਕੇਂਦਰ ਸਰਕਾਰ ਦੇ ਐਗਰੀਕਲਚਰਲ ਐਂਡ ਪ੍ਰੋਸੈਸਡ ਫੂਡ ਐਕਸਪੋਰਟ ਅਥਾਰਟੀ (ਅਪੇਡਾ) ਤੋਂ ਲਾਇਸੈਂਸ ਮਿਲੇ ਹੋਏ ਹਨ।

ਅਲ ਹਿੰਦ ਐਕਸਪੋਰਟ ਦੇ ਨਿਰਦੇਸ਼ਕ ਲਿਆਕਤ ਅਲੀ ਨੇ ਦੱਸਿਆ ਕਿ ਇਨ੍ਹਾਂ ਬੁੱਚੜਖਾਨਿਆਂ ਵਿਚ ਮੁਸਲਮਾਨ ਤਾਂ ਸਿਰਫ਼ ਜਾਨਵਰ ਵੱਢਣ ਦਾ ਹੀ ਕੰਮ ਕਰਦੇ ਹਨ। ਬਾਕੀ ਸਾਰਾ ਕੰਮ ਹਿੰਦੂ ਕਰਦੇ ਹਨ। ਉਨ੍ਹਾਂ ਅਨੁਸਾਰ ਦਰਅਸਲ, ਇਸ ਖੇਤਰ ਵਿਚ ਹਿੰਦੂ ਅਤੇ ਮੁਸਲਮਾਨ ਮਿਲ ਕੇ ਲਗਭਗ ਦੋ ਲੱਖ ਲੋਕ ਕੰਮ ਕਰਦੇ ਹਨ ਪਰ ਤਕਰੀਬਨ 75 ਫੀਸਦੀ ਕਰਮਚਾਰੀ ਤਾਂ ਹਿੰਦੂ ਹਨ।

ਹਾਲਾਂਕਿ ਮਾਮਲਾ ਇਸ ਤੋਂ ਅੱਗੇ ਵੱਧ ਕੇ ਹੈ। ਜਾਨਵਰ ਪਾਲਣ ਵਾਲੇ ਅਤੇ ਉਨ੍ਹਾਂ 'ਤੇ ਨਿਰਭਰ ਰਹਿਣ ਵਾਲੇ ਵੀ ਸਾਰੇ ਭਾਈਚਾਰੇ ਦੇ ਹਨ। ਇਸ ਮਾਮਲੇ ਵਿਚ ਵੀ ਹਿੰਦੂਆਂ ਦੀ ਤਾਦਾਦ ਜ਼ਿਆਦਾ ਹੈ। ਸਤੀਸ਼ ਪ੍ਰਕਾਸ਼ ਦਾ ਕਹਿਣਾ ਹੈ, 'ਚਮੜਾ ਉਦਯੋਗ ਨਾਲ ਲੱਖਾਂ ਦਲਿਤਾਂ ਦਾ ਪੇਟ ਪਲਦਾ ਹੈ। ਇਸ ਧੰਦੇ 'ਤੇ ਇਕ ਤਰ੍ਹਾਂ ਨਾਲ ਉਨ੍ਹਾਂ ਦਾ ਏਕਾਧਿਕਾਰ ਰਿਹਾ ਹੈ। ਇਸ ਧੰਦੇ ਦੇ ਜ਼ੋਰ 'ਤੇ ਹੀ ਉਤਰ ਪ੍ਰਦੇਸ਼ ਦੇ ਦਲਿਤਾਂ ਦੀ ਮਾਲੀ ਹਾਲਤ ਸੁਧਰੀ ਅਤੇ ਕੁਝ ਕਾਫ਼ੀ ਬਿਹਤਰ ਹਾਲਤ ਵਿਚ ਹੋ ਗਏ।' ਉਨ੍ਹਾਂ ਦੱਸਿਆ ਕਿ ਦਲਿਤ ਹਾਪੁੜ ਦੀ ਮੰਡੀ ਤੋਂ ਚਮੜਾ ਲਿਆਉਂਦੇ ਹਨ ਤਾਂ ਕਈ ਵਾਰ ਪੁਲੀਸ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੀ ਹੈ, ਕੁੱਟਮਾਰ ਦੀਆਂ ਘਟਨਾਵਾਂ ਵੀ ਵਾਪਰਦੀਆਂ ਹਨ। ਅਜਿਹੇ ਦਲਿਤਾਂ 'ਤੇ ਆਉਣ ਵਾਲੇ ਸਮੇਂ ਵਿਚ ਸੰਕਟ ਵਧੇਗਾ, ਉਨ੍ਹਾਂ ਨੂੰ ਹੋਰ ਜ਼ਿਆਦਾ ਪ੍ਰੇਸ਼ਾਨ ਕੀਤਾ ਜਾਣ ਲੱਗੇਗਾ, ਇਸ ਦਾ ਪੂਰਾ ਖ਼ਦਸ਼ਾ ਹੈ।

ਪਰ ਗਾਂ-ਮੱਝ ਪਾਲਣ ਅਤੇ ਉਸ ਦੇ ਦੁੱਧ ਦੇ ਵਪਾਰ ਵਿਚ ਲੱਖਾਂ ਲੋਕ ਜੁੜੇ ਹੋਏ ਹਨ, ਉਨ੍ਹਾਂ ਨੂੰ ਵੀ ਦਿੱਕਤ ਆਵੇਗੀ। ਲਿਆਕਤ ਅਲੀ ਕਹਿੰਦੇ ਹਨ, 'ਦੋ-ਤਿੰਨ ਵਾਰ ਬੱਚੇ ਜਣਨ ਮਗਰੋਂ ਗਾਂ-ਮੱਝ ਦੀ ਉਪਯੋਗਤਾ

**ਚਮੜਾ ਉਦਯੋਗ ਵਿਚ ਰੁਜ਼ਗਾਰ**

| | |
|---|---|
| ਚਮੜਾ ਉਦਯੋਗ ਵਿਚ ਰੁਜ਼ਗਾਰ | 20 ਲੱਖ |
| **ਟੈਨਿੰਗ ਅਤੇ ਫਿਨਿਸ਼ਿੰਗ** | 1.25 ਲੱਖ |
| **ਜੁੱਤਾ ਬਣਾਉਣ ਦਾ ਕੰਮ** | 1.75 ਲੱਖ |
| **ਸ਼ੂ ਅਪਰ ਬਣਾਉਣ ਦਾ ਕੰਮ** | 75 ਹਜ਼ਾਰ |
| **ਲੈਦਰ ਗੁੱਡਜ਼ ਤੇ ਲੈਦਰ ਫੈਸ਼ਨ** | 1.50 ਲੱਖ |
| **ਚੱਪਲ ਤੇ ਸੈਂਡਲ ਬਣਾਉਣ 'ਚ** | 4.50 ਲੱਖ |

**ਬੀਫ਼ ਦੀ ਕੌਮਾਂਤਰੀ ਬਰਾਮਦ ਮੀਟ੍ਰਿਕ ਟਨ ਵਿਚ**

| | |
|---|---|
| ਕੁੱਲ ਬਰਾਮਦ | 94,39,000 |
| ਬ੍ਰਾਜ਼ੀਲ | 18,50,000 |
| ਭਾਰਤ | 18,50,000 |
| ਆਸਟਰੇਲੀਆ | 13,8500 |
| ਅਮਰੀਕਾ | 11,20,000 |

**ਦੁਨੀਆ ਵਿਚ ਬੀਫ਼ ਦਾ ਉਤਪਾਦਨ ਮੀਟ੍ਰਿਕ ਟਨ ਵਿਚ**

| | |
|---|---|
| ਅਮਰੀਕਾ | 11,389,000 |
| ਬ੍ਰਾਜ਼ੀਲ | 92,84,000 |
| ਯੂਰਪੀ ਸੰਘ | 78,50,000 |
| ਚੀਨ | 69,00,000 |
| ਭਾਰਤ | 42,50,000 |

**ਚਮੜਾ ਉਦਯੋਗ ਦੇ ਉਤਪਾਦ**

| | |
|---|---|
| ਹਾਈਡ | 6.40 ਕਰੋੜ |
| ਸਕਿਨ | 16.60 ਕਰੋੜ |
| ਜੁੱਤੇ | 10 ਕਰੋੜ ਜੋੜੇ |
| ਸ਼ੂ ਅਪਰ | 7.80 ਕਰੋੜ ਜੋੜੇ |
| ਲੈਦਰ ਵਿਅਰ | 60 ਲੱਖ |
| ਹੋਰ ਉਤਪਾਦ | 7 ਕਰੋੜ |
| ਉਦਯੋਗਿਕ ਦਸਤਾਨੇ | 4 ਕਰੋੜ ਜੋੜੇ |

ਨਹੀਂ ਬਚਦੀ। ਉਨ੍ਹਾਂ ਨੂੰ ਪਾਲਣ 'ਤੇ ਮਹੀਨੇ ਵਿਚ ਘੱਟੋ-ਘੱਟ 400 ਰੁਪਏ ਖ਼ਰਚਾ ਆਉਂਦਾ ਹੈ। ਉਸ ਜਾਨਵਰ ਨੂੰ ਵੇਚ ਕੇ ਜੋ ਪੈਸਾ ਮਿਲਦੇ ਹਨ, ਉਸ ਤੋਂ ਕਿਸਾਨ ਪੂਰਾ ਖ਼ਰਚ ਕੱਢ ਲੈਂਦਾ ਹੈ। ਜੇਕਰ ਉਹ ਜਾਨਵਰ ਨਾ ਵਿਕੇ ਤਾਂ ਉਹ ਘੱਟੇ ਵਿਚ ਰਹੇਗਾ। ਫਿਰ ਉਹ ਜਾਨਵਰ ਨਹੀਂ ਪਾਲੇਗਾ।'

ਸੂਬੇ ਵਿਚ ਗੈਰ ਕਾਨੂੰਨੀ ਬੁੱਚੜਖਾਨੇ ਵੀ ਹਨ। ਇਨ੍ਹਾਂ ਕੋਲ ਲਾਇਸੈਂਸ ਨਹੀਂ ਹਨ ਕਿਉਂਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਨੇ ਨੈਸ਼ਨਲ ਗਰੀਨ ਟ੍ਰਿਬਿਊਨਲ ਦੀ ਆਗਿਆ ਨਹੀਂ ਲਈ ਹੈ। ਜਿਨ੍ਹਾਂ ਕੋਲ ਲਾਇਸੈਂਸ ਹਨ, ਉਨ੍ਹਾਂ ਵਿਚੋਂ ਜ਼ਿਆਦਾਤਰ ਦੇ ਲਾਇਸੈਂਸ 20 17 ਵਿਚ ਖ਼ਤਮ ਹੋ ਜਾਣਗੇ। ਕੁਝ ਦੂਸਰਿਆਂ ਦੇ ਲਾਇਸੈਂਸ 2018, 2019 ਅਤੇ 2020 ਵਿਚ ਖ਼ਤਮ ਹੋ ਰਹੇ ਹਨ। ਲਿਆਕਤ ਅਲੀ ਦਾ ਦੋਸ਼ ਹੈ ਕਿ ਲਾਇਸੈਂਸ ਦੀ ਮਿਆਦ ਖ਼ਤਮ ਹੋਣ ਮਗਰੋਂ ਉਨ੍ਹਾਂ ਨੂੰ ਨਵਿਆਇਆ ਨਹੀਂ ਜਾਵੇਗਾ। ਉਸ ਮਗਰੋਂ ਉਹ ਵੀ ਗੈਰ ਕਾਨੂੰਨੀ ਮੰਨੇ ਜਾਣਗੇ ਤੇ ਫਿਰ ਉਨ੍ਹਾਂ ਖ਼ਿਲਾਫ਼ ਕਾਰਵਾਈ ਆਸਾਨ ਹੋ ਜਾਵੇਗੀ।

ਇੰਡੀਅਨ ਫੂਡਜ਼ ਐਕਸਪੋਰਟਸ ਪ੍ਰਾਈਵੇਟ ਲਿਮਟਿਡ ਦੇ ਨਿਰਦੇਸ਼ਕ ਅਸ਼ੋਕ ਯਾਦਵ ਗੈਰ ਕਾਨੂੰਨੀ ਬੁੱਚੜਖਾਨਿਆਂ ਨੂੰ ਬੰਦ ਕਰਨਾ ਗ਼ਲਤ ਨਹੀਂ ਮੰਨਦੇ। ਉਨ੍ਹਾਂ ਦੱਸਿਆ, 'ਗੈਰ ਕਾਨੂੰਨੀ ਤਾਂ ਚੀਜ਼ ਹੀ ਗ਼ਲਤ ਹੈ, ਭਾਵੇਂ ਉਹ ਕਿਸੇ ਵੀ ਉਦਯੋਗ ਵਿਚ ਹੋਵੇ। ਗੈਰ ਕਾਨੂੰਨੀ ਕਾਰੋਬਾਰ ਨੂੰ ਬੰਦ ਕਰਨ ਨੂੰ ਅਸੀਂ ਗ਼ਲਤ ਨਹੀਂ ਕਹਿ ਸਕਦੇ।'

ਬੀਫ਼ ਕਾਰੋਬਾਰੀਆਂ ਦੀ ਵੈੱਬਸਾਈਟ ਬੀਫ਼ਟੂਲਿਵ. ਕੱਮ ਮੁਤਾਬਕ, ਭਾਰਤ ਬੀਫ਼ ਉਤਪਾਦਨ ਵਿਚ ਦੁਨੀਆ ਵਿਚ ਪੰਜਵੇਂ ਨੰਬਰ 'ਤੇ ਹੈ ਪਰ ਬਰਾਮਦ ਵਿਚ ਉਹ ਪਿਛਲੇ ਸਾਲ ਤਕ ਦੂਸਰੇ ਨੰਬਰ 'ਤੇ ਸੀ। ਸਮਝਿਆ ਜਾਂਦਾ ਹੈ ਕਿ 2017-18 ਦੇ ਵਿੱਤੀ ਸਾਲ ਵਿਚ ਬ੍ਰਾਜ਼ੀਲ ਤੋਂ ਅੱਗੇ ਨਿਕਲ ਜਾਵੇਗਾ। ਭਾਰਤ ਤੋਂ ਬੀਫ਼ ਬਰਾਮਦ ਨਾਲ ਤਕਰੀਬਨ 27000 ਕਰੋੜ ਰੁਪਏ ਦੀ ਕਮਾਈ ਹੁੰਦੀ ਹੈ। ਉਤਰ ਪ੍ਰਦੇਸ਼ ਦੇ ਬੀਫ਼ ਨਿਰਯਾਤਕਾਂ ਦੇ ਹਿੱਸੇ ਤਕਰੀਬਨ 15000 ਕਰੋੜ ਰੁਪਏ ਆਉਂਦੇ ਹਨ। ਇਸ ਤੋਂ ਇਲਾਵਾ ਤਕਰੀਬਨ 3000 ਕਰੋੜ ਰੁਪਏ ਦੇ ਬੀਫ਼ ਦੀ ਖ਼ਪਤ ਦੇਸ਼ ਵਿਚ ਹੁੰਦੀ ਹੈ ਪਰ ਉਤਰ ਪ੍ਰਦੇਸ਼ ਵਿਚ ਇਹ ਖਪਤ ਕਾਫ਼ੀ ਘੱਟ ਹੈ। ਬੀਫ਼ ਉਤਪਾਦਨ ਵਿਚ ਭਾਰਤ ਪੂਰੀ ਦੁਨੀਆ ਵਿਚ ਪੰਜਵੇਂ ਸਥਾਨ 'ਤੇ ਹੈ। ਪਹਿਲੇ ਨੰਬਰ 'ਤੇ ਅਮਰੀਕਾ ਅਤੇ ਦੂਸਰੇ 'ਤੇ ਚੀਨ ਹੈ। ਇਨ੍ਹਾਂ ਦੋਹਾਂ ਹੀ ਮੁਲਕਾਂ ਵਿਚ ਬੀਫ਼ ਦੀ ਖਪਤ ਵੀ ਬਹੁਤ ਜ਼ਿਆਦਾ ਹੈ। ਬੀਫ਼ ਉਦਯੋਗ 'ਤੇ ਨਿਰਭਰ ਹੈ ਚਮੜਾ ਉਦਯੋਗ ਤੇ ਚਮੜਾ ਉਦਯੋਗ ਵਿਚ ਉਤਰ ਪ੍ਰਦੇਸ਼ ਪੂਰੇ ਦੇਸ਼ ਵਿਚ ਮੋਹਰੀ ਹੈ। ਉਤਰ ਪ੍ਰਦੇਸ਼ ਵਿਚ ਛੋਟੀ-ਵੱਡੀਆਂ ਚਮੜਾ ਇਕਾਈਆਂ ਦੀ ਤਾਦਾਦ 11000 ਤੋਂ ਵੀ ਜ਼ਿਆਦਾ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਇਕਾਈਆਂ ਕਾਨਪੁਰ ਅਤੇ ਆਗਰਾ ਵਿਚ ਹਨ। ਵਣਜ ਮੰਤਰਾਲੇ ਦਾ ਅਨੁਮਾਨ ਹੈ ਕਿ ਚਮੜਾ ਉਦਯੋਗ ਪੂਰੇ ਦੇਸ਼ ਵਿਚ ਲਗਭਗ 20 ਲੱਖ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ। ਉਤਰ ਪ੍ਰਦੇਸ਼ ਵਿਚ ਇਸ ਉਦਯੋਗ ਵਿਚ ਸਿੱਧੇ ਅਤੇ ਅਸਿੱਧੇ ਰੂਪ ਨਾਲ ਲਗਭਗ 10 ਲੱਖ ਲੋਕ ਜੁੜੇ ਹੋਏ ਹਨ।

ਸਤੀਸ਼ ਪ੍ਰਕਾਸ਼ ਕਹਿੰਦੇ ਹਨ, 'ਖਲ ਉਤਾਰਣ ਤੋਂ ਲੈ ਕੇ ਉਸ ਦੀ ਸਫ਼ਾਈ, ਰਸਾਇਣ ਪਾਉਣ, ਚਮੜਾ ਪਕਾਉਣ ਵਰਗੇ ਕੰਮ ਵਿਚ ਦਲਿਤ ਪੂਰੀ ਤਰ੍ਹਾਂ ਜੁਟੇ ਹੋਏ ਹਨ। ਚਮੜੇ ਦਾ ਸਾਮਾਨ ਬਣਾਉਣ ਵਿਚ ਉਨ੍ਹਾਂ ਨੂੰ ਮੁਹਾਰਤ ਹਾਸਲ ਹੈ। ਉਹ ਬੇਰੁਜ਼ਗਾਰ ਹੋ ਜਾਣਗੇ।'

ਚਮੜਾ ਉਦਯੋਗ ਵਿਚ ਪੂਰੇ ਦੇਸ਼ ਵਿਚ ਕੁੱਲ ਨਿਵੇਸ਼ 5322 ਕਰੋੜ ਰੁਪਏ ਦਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਵਿੱਤੀ ਵਰ੍ਹੇ 2014-15 ਵਿਚ ਚਮੜੇ ਦੇ ਸਾਮਾਨ ਦੀ ਬਰਾਮਦ 94.20 ਕਰੋੜ ਡਾਲਰ ਹੋਈ ਸੀ। ਮੁੱਖ ਬਰਾਮਦ-ਜਰਮਨੀ, ਅਮਰੀਕਾ, ਬਰਤਾਨੀਆ, ਇਟਲੀ, ਫਰਾਂਸ, ਹਾਂਗ ਕਾਂਗ, ਸਪੇਨ, ਸੰਯੁਕਤ ਅਰਬ ਅਮੀਰਾਤ ਨੂੰ ਹੁੰਦੀ ਹੈ। ਅਸ਼ੋਕ ਯਾਦਵ ਅਨੁਸਾਰ ਮਾਮਲਾ ਸਿਰਫ਼ ਮਾਸ ਜਾਂ ਬੁੱਚੜਖਾਨਿਆਂ ਦਾ ਨਹੀਂ ਹੈ। ਇਸ ਧੰਦੇ ਨਾਲ ਜੁੜੇ ਢੇਰ ਸਾਰੇ ਦੂਸਰੇ ਧੰਦੇ ਹਨ, ਜੋ ਪੂਰੀ ਤਰ੍ਹਾਂ ਬੁੱਚੜਖਾਨਿਆਂ 'ਤੇ ਨਿਰਭਰ ਹਨ। ਉਨ੍ਹਾਂ ਨਾਲ ਲੱਖਾਂ ਲੋਕਾਂ ਦਾ ਪੇਟ ਪਲਦਾ ਹੈ। ਉਹ ਵਿਚਾਰੇ ਕਿੱਥੇ ਜਾਣਗੇ।

ਉਤਰ ਪ੍ਰਦੇਸ਼ ਵਿਚ ਨਵੀਂ ਸਰਕਾਰ ਆਉਣ ਮਗਰੋਂ ਜਿਸ ਤਰ੍ਹਾਂ ਕਈ ਥਾਵਾਂ 'ਤੇ ਛਾਪੇ ਮਾਰੇ ਗਏ ਅਤੇ ਕਈ ਗੈਰ ਕਾਨੂੰਨੀ ਬੁੱਚੜਖਾਨੇ ਬੰਦ ਹੋਏ ਹਨ, ਉਸ ਨਾਲ ਪੂਰੇ ਉਦਯੋਗ ਦੇ ਲੋਕ ਡਰੇ ਹੋਏ ਹਨ। ਲਿਆਕਤ ਮੁਤਾਬਕ, 'ਸਾਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਧੰਦੇ ਵਿਚ ਸਾਰੇ ਭਾਈਚਾਰੇ ਦੇ ਲੋਕ ਮਿਲ ਕੇ ਕੰਮ ਕਰਦੇ ਹਨ, ਪਰ ਦਿਖ ਅਜਿਹੀ ਬਣਾ ਦਿੱਤੀ ਗਈ ਹੈ ਕਿ ਇਹ ਇਕ ਭਾਈਚਾਰੇ ਵਿਸ਼ੇਸ਼ ਦਾ ਹੀ ਕੰਮ ਹੈ।' ਪਰ ਦੂਸਰੇ ਪਾਸੇ ਲੋਕ ਸਰਕਾਰ ਨੂੰ ਪੂਰਾ ਸਮਾਂ ਦੇਣਾ ਚਾਹੁੰਦੇ ਹਨ ਅਤੇ ਉਨ੍ਹਾਂ ਦੀ ਮਨਸ਼ਾ 'ਤੇ ਫ਼ਿਲਹਾਲ ਸਵਾਲੀਆ ਨਿਸ਼ਾਨ ਲਾਉਣ ਤੋਂ ਬਚ ਰਹੇ ਹਨ। ਅਸ਼ੋਕ ਯਾਦਵ ਨੇ ਕਿਹਾ, 'ਹੁਣ ਤਕ ਕਾਨੂੰਨੀ ਤੌਰ 'ਤੇ ਚੱਲਣ ਵਾਲੇ ਕਿਸੇ ਬੁੱਚੜਖਾਨੇ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਇਸ ਲਈ ਅਸੀਂ ਸਰਕਾਰ ਦੇ ਇਰਾਦੇ ਬਾਰੇ ਕਿਵੇਂ ਕਹਿ ਸਕਦੇ ਹਾਂ?' ਪਰ ਮੋਟੇ ਤੌਰ 'ਤੇ ਲੋਕ ਇਹ ਮੰਨ ਰਹੇ ਹਨ ਕਿ ਇਹ ਆਰਥਿਕ ਤੇ ਕਾਰੋਬਾਰੀ ਮਾਮਲਾ ਹੈ ਅਤੇ ਇਸ ਨਾਲ ਲੱਖਾਂ ਲੋਕ ਜੁੜੇ ਹੋਏ ਹਨ। ਕਿਸੇ ਵੀ ਸਰਕਾਰ ਨੂੰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ।

ਬੀਬੀਸੀ ਤੋਂ ਧੰਨਵਾਦ ਸਹਿਤ

## ਭਾਜਪਾ ਨੂੰ 2018 ਤਕ ਰਾਮ ਮੰਦਰ ਉਸਾਰੇ ਜਾਣ ਦਾ ਯਕੀਨ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਉਤਰ ਪ੍ਰਦੇਸ਼ ਵਿੱਚ ਯੋਗੀ ਅਦਿੱਤਿਆਨਾਥ ਵਰਗੇ ਕੱਟੜਵਾਦੀ ਦੀ ਅਗਵਾਈ ਹੇਠ ਸਰਕਾਰ ਕਾਇਮ ਹੋ ਜਾਣ ਦੇ ਬਾਵਜੂਦ ਭਾਜਪਾ ਦਾ ਖ਼ਿਆਲ ਹੈ ਕਿ ਇਸ ਦਾ ਅਯੁੱਧਿਆ ਵਿੱਚ ਰਾਮ ਮੰਦਰ ਉਸਾਰਨ ਦਾ ਸੁਪਨਾ ਅਪ੍ਰੈਲ 2018 ਤੋਂ ਬਾਅਦ ਹੀ ਪੂਰਾ ਹੋ ਸਕੇਗਾ। ਪਾਰਟੀ ਨੂੰ ਆਸ ਹੈ ਕਿ ਉਦੋਂ ਤੱਕ ਇਸ ਨੂੰ ਰਾਜ ਸਭਾ ਵਿੱਚ ਬਹੁਮਤ ਹਾਸਲ ਹੋ ਜਾਵੇਗਾ ਤੇ ਫਿਰ ਇਸ ਲਈ ਮੰਦਰ ਦੀ ਉਸਾਰੀ ਵਾਸਤੇ ਕਾਨੂੰਨ ਬਣਾਉਣ ਵਿੱਚ ਕੋਈ ਅੜਚਣ ਨਹੀਂ ਆਵੇਗੀ।



ਗ਼ੌਰਤਲਬ ਹੈ ਕਿ ਬੀਤੇ ਦਿਨ ਸੁਪਰੀਮ ਕੋਰਟ ਨੇ ਸਬੰਧਤ ਧਿਰਾਂ ਨੂੰ ਅਦਾਲਤ ਤੋਂ ਬਾਹਰ ਗੱਲਬਾਤ ਰਾਹੀਂ ਮਸਲੇ ਦਾ ਹੱਲ ਕਰਨ ਦਾ ਸੁਝਾਅ ਦਿੱਤਾ ਸੀ ਪਰ ਪਹਿਲਾਂ ਅਜਿਹੀਆਂ ਕੋਸ਼ਿਸ਼ਾਂ ਨਾਕਾਮ ਰਹਿਣ ਕਾਰਨ ਇਸ ਸੁਝਾਅ ਨੂੰ ਮੁਸਲਿਮ ਜਥੇਬੰਦੀਆਂ ਵੱਲੋਂ ਰੱਦ ਕਰ ਦਿੱਤਾ ਗਿਆ। ਇਸ ਉਤੇ ਭਾਜਪਾ ਦੇ ਸੀਨੀਅਰ ਆਗੂ ਸੁਬਰਾਮਨੀਅਨ ਸਵਾਮੀ ਨੇ ਦੋਸ਼ ਲਾਇਆ ਕਿ ਮੁਸਲਿਮ ਜਥੇਬੰਦੀਆਂ ਰਾਮ ਜਨਮਭੂਮੀ-ਬਾਬਰੀ ਮਸਜਿਦ ਮਸਲੇ ਦੇ ਹੱਲ ਵਿੱਚ 'ਅੜਿੱਕੇ' ਡਾਹ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੰਦਰ ਦੀ ਉਸਾਰੀ ਨੂੰ ਕੋਈ ਭਾਵੇਂ ਕਿੰਨਾ ਵੀ ਲਮਕਾ ਲਵੇ, ਇਸ ਨੂੰ ਟਾਲਣ ਦੀ 'ਵੱਧ ਤੋਂ ਵੱਧ ਮਿਆਦ' ਅਪ੍ਰੈਲ 2018 ਹੀ ਹੈ।

ਉਨ੍ਹਾਂ ਭਾਵੇਂ ਇਸ 'ਵੱਧ ਤੋਂ ਵੱਧ ਮਿਆਦ' ਦਾ ਖ਼ੁਲਾਸਾ ਨਹੀਂ ਕੀਤਾ, ਪਰ ਉਹ ਜੋ ਆਖ ਰਹੇ ਸਨ, ਉਹ ਸਾਫ਼ ਹੀ ਹੈ। ਦੱਸਣਯੋਗ ਹੈ ਕਿ ਹਾਲੀਆ ਵਿਧਾਨ ਸਭਾ ਚੋਣਾਂ ਵਿੱਚ ਭਾਰੀ ਸਫਲਤਾ ਹਾਸਲ ਕਰ ਲੈਣ ਤੋਂ ਬਾਅਦ ਭਾਜਪਾ ਨੂੰ ਅਪ੍ਰੈਲ 2018 ਤੱਕ ਰਾਜ ਸਭਾ ਵਿੱਚ ਬਹੁਮਤ ਹਾਸਲ ਹੋ ਜਾਣ ਦੀ ਉਮੀਦ ਹੈ।

ਉਨ੍ਹਾਂ ਦਾ ਕਹਿਣਾ ਸੀ, "ਸਾਰੀਆਂ ਮੁਸਲਿਮ ਧਿਰਾਂ ਨੇ ਅਦਾਲਤ ਤੋਂ ਬਾਹਰ ਨਿਬੇੜੇ ਨੂੰ ਵਕਤ ਦੀ ਬਰਬਾਦੀ ਆਖਿਆ ਹੈ।' ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੂੰ ਹੀ ਇਸ ਦੀ ਸੁਣਵਾਈ ਕਰਨੀ ਚਾਹੀਦੀ ਹੈ।' ਉਹ ਮਾਮਲਾ ਲਮਕਾਉਣ ਦੀ ਕੋਸ਼ਿਸ਼ ਵਿੱਚ ਹਨ, ਜੇ ਉਹ ਨਹੀਂ ਮੰਨਦੀਆਂ ਤਾਂ ਵੀ ਵੱਧ ਤੋਂ ਵੱਧ ਮਿਆਦ ਅਪਰੈਲ 2018 ਹੀ ਹੈ।"

## ਅਨਸਾਰੀ ਨੇ ਵਿੱਦਿਅਕ ਅਦਾਰਿਆਂ 'ਚ ਬੇਲੋੜੀ ਰੋਕ-ਟੋਕ ਤੇ ਅਸਹਿਣਸ਼ੀਲਤਾ 'ਤੇ ਚਿੰਤਾ ਪ੍ਰਗਟਾਈ

**ਚੰਡੀਗੜ੍ਹ/ਬਿਊਰੋ ਨਿਊਜ਼ :**, ਉਪ ਰਾਸ਼ਟਰਪਤੀ ਤੇ ਪੰਜਾਬ ਯੂਨੀਵਰਸਿਟੀ ਦੇ ਚਾਂਸਲਰ ਹਾਮਿਦ ਅਨਸਾਰੀ ਨੇ ਵਿੱਦਿਅਕ ਅਦਾਰਿਆਂ ਵਿੱਚ ਬੇਲੋੜੀ ਰੋਕ ਟੋਕ ਅਤੇ ਅਸਹਿਣਸ਼ੀਲਤਾ ਉਤੇ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਅਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ, ਜਿਸ ਨੇ ਅਕਾਦਮਿਕ ਆਜ਼ਾਦੀ 'ਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਦਿੱਤੇ ਹਨ। ਕਈ ਯੂਨੀਵਰਸਿਟੀਆਂ ਵਿੱਚ ਉਪਰੋਥਲੀ ਵਾਪਰੀਆਂ ਕਈ ਘਟਨਾਵਾਂ ਕਾਰਨ ਸਹਿਣਸ਼ੀਲਤਾ ਖੰਭ ਲਾ ਕੇ ਉਡ ਗਈ ਹੈ ਅਤੇ ਵਿੱਦਿਅਕ ਅਦਾਰਿਆਂ ਨੂੰ ਚੁਣੌਤੀਆਂ ਨੇ ਆ ਘੇਰਿਆ ਹੈ। ਪੰਜਾਬ ਯੂਨੀਵਰਸਿਟੀ ਦੀ 66ਵੀਂ ਕਨਵੋਕੇਸ਼ਨ ਮੌਕੇ ਸ੍ਰੀ ਅਨਸਾਰੀ ਨੇ 'ਵਰਸਿਟੀ ਦਾ ਵਿਸ਼ੇਸ਼ ਨਾਂ ਲੈ ਕੇ ਕਿਹਾ ਕਿ ਸਿੱਖਿਆ ਸ਼ਾਸਤਰੀਆਂ ਅਤੇ ਬੁੱਧੀਜੀਵੀਆਂ ਨੂੰ ਅਕਾਦਮਿਕ ਪਾਬੰਦੀ ਅਤੇ ਅਸਹਿਣਸ਼ੀਲਤਾ ਖ਼ਿਲਾਫ਼ ਅਸਹਿਮਤੀ ਦਾ ਖੁੱਲ੍ਹ ਕੇ ਪ੍ਰਗਟਾਵਾ ਕਰਨ ਦਾ ਹੱਕ ਹੈ। ਸਿੱਖਿਆ ਸ਼ਾਸਤਰੀਆਂ ਲਈ ਜਿੰਨਾ ਮਹੱਤਵ ਅਕਾਦਮਿਕ ਡਿਊਟੀਆਂ ਨਿਭਾਉਣਾ ਹੈ, ਉਸ ਤੋਂ ਕਿਤੇ ਵੱਧ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਲਈ ਡਟਣਾ ਵੀ ਹੈ। ਉਨ੍ਹਾਂ ਆਪਣੇ ਭਾਸ਼ਣ ਵਿੱਚ ਖੋਜ 'ਤੇ ਜ਼ੋਰ ਦਿੱਤਾ। ਇਸ ਤੋਂ ਪਹਿਲਾਂ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਅਰੁਣ ਕੁਮਾਰ ਗਰੋਵਰ ਨੇ ਸਵਾਗਤੀ ਸ਼ਬਦ ਕਹੇ। ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਬਾਰੇ ਲਘੂ ਫ਼ਿਲਮ ਵੀ ਦਿਖਾਈ ਗਈ।



ਕਨਵੋਕੇਸ਼ਨ ਦੌਰਾਨ ਉਪ ਰਾਸ਼ਟਰਪਤੀ ਨੇ ਸਾਬਕਾ ਕੇਂਦਰੀ ਮੰਤਰੀ ਮੁਰਲੀ ਮਨੋਹਰ ਜੋਸ਼ੀ ਨੂੰ ਡੀ ਲਿੱਟ, ਪ੍ਰੋ ਜੀ.ਐਸ ਖ਼ੁਸ਼ ਨੂੰ ਡਾਕਟਰ ਆਫ਼ ਸਾਇੰਸ ਅਤੇ ਨੀਰੂਦੀਨ ਫਰਹਾ ਨੂੰ ਡੀ ਲਿੱਟ ਦੀ ਆਨਰੇਰੀ ਡਿਗਰੀ ਦਿੱਤੀ। ਡਾਕਟਰ ਆਫ਼ ਲਾਅ ਦੀ ਆਨਰੇਰੀ ਡਿਗਰੀ ਵਾਸਤੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਜੇ.ਐਸ. ਖੇਹਰ ਦੀ ਚੋਣ ਕੀਤੀ ਗਈ ਸੀ ਪਰ ਉਹ ਹਾਜ਼ਰ ਨਾ ਹੋਏ। ਇਸ ਤੋਂ ਬਾਅਦ ਪੰਜਾਬੀ ਲੇਖਿਕਾ ਡਾ. ਦਲੀਪ ਕੌਰ ਟਿਵਾਣਾ ਨੂੰ ਸਾਹਿਤ ਰਤਨ, ਕਲਾਕਾਰ ਅਨੁਪਮ ਖੇਰ ਨੂੰ ਕਲਾ ਰਤਨ ਅਤੇ ਡਾ. ਪੀਡੀ ਗੁਪਤਾ ਨੂੰ ਵਿਗਿਆਨ ਰਤਨ ਪੁਰਸਕਾਰ ਨਾਲ ਨਿਵਾਜਿਆ ਗਿਆ।

ਸਮਾਗਮ ਦੇ ਦੂਜੇ ਅੱਧ ਵਿੱਚ 315 ਖੋਜ ਵਿਦਿਆਰਥੀਆਂ ਨੂੰ ਪੀਐਚਡੀ ਦੀ ਡਿਗਰੀ ਦਿੱਤੀ ਗਈ। ਯੂਨੀਵਰਸਿਟੀ ਦੇ ਰਜਿਸਟਰਾਰ ਕਰਨਲ ਜੀ ਐਸ ਚੱਢਾ ਨੇ ਧੰਨਵਾਦ ਸ਼ਬਦ ਕਹੇ। ਕਨਵੋਕੇਸ਼ਨ ਮੌਕੇ ਹਰਿਆਣਾ ਦੇ ਰਾਜਪਾਲ ਪ੍ਰੋ. ਕਪਤਾਨ ਸਿੰਘ ਸੋਲੰਕੀ ਅਤੇ ਚੰਡੀਗੜ੍ਹ ਤੋਂ ਸੰਸਦ ਮੈਂਬਰ ਕਿਰਨ ਖੇਰ ਵੀ ਮੌਜੂਦ ਸਨ।

# ਆਪਣੀ ਪੁਰਾਣੀ ਦਿਖ ਤੋਂ ਬਾਹਰ ਨਿਕਲਣਾ ਯੋਗੀ ਲਈ ਵੱਡੀ ਚੁਣੌਤੀ

**ਰਵੀਸ਼ ਕੁਮਾਰ**





ਬਹੁਤਿਆਂ ਲਈ ਇਹ ਮੰਨ ਲੈਣ ਵਿਚ ਕੋਈ ਬੁਰਾਈ ਨਹੀਂ ਹੈ ਕਿ ਉਨ੍ਹਾਂ ਨੂੰ ਨਾ ਤਾਂ ਵਿਕਾਸ ਦੀ ਸਮਝ ਹੈ ਤੇ ਨਾ ਹਿੰਦੁਤਵ ਦੀ ਜਾਣਕਾਰੀ। ਇਹ ਵੱਖਰੀ ਗੱਲ ਹੈ ਕਿ ਇਸ ਤੋਂ ਬਿਨਾਂ ਵੀ ਕਈ ਲੋਕ ਪੱਖ ਵਿਚ ਅਤੇ ਵਿਰੋਧ ਵਿਚ ਦੋਹਾਂ ਬਾਰੇ ਪ੍ਰਮਾਣਕ ਟਿੱਪਣੀਆਂ ਕਰਨ ਦਾ ਦਾਅਵਾ ਕਰਦੇ ਰਹਿੰਦੇ ਹਨ। ਇਹ ਗੱਲ ਭਾਜਪਾ ਵਿਰੋਧੀ ਲਿਬਰਲ 'ਤੇ ਵੀ ਲਾਗੂ ਹੁੰਦੀ ਹੈ ਤੇ ਭਾਜਪਾ ਸਮਰਥਕ ਲਿਬਰਲ 'ਤੇ ਵੀ। ਉਵੇਂ ਹੀ ਜਿਵੇਂ ਤੁਹਾਨੂੰ ਕੱਟੜ ਹਿੰਦੁਤਵ ਤੇ ਨਰਮ ਹਿੰਦੁਤਵ ਵਿਚਾਲੇ ਫ਼ਰਕ ਕਰਨਾ ਸਿਖਾਇਆ ਗਿਆ ਹੈ, ਜਿਸ ਦਾ ਚਲਣ 1905 ਤੋਂ ਚਲਿਆ ਆ ਰਿਹਾ ਹੈ, ਜਦੋਂ ਗਰਮ ਦਲ ਤੇ ਨਰਮ ਦਲ ਕਾਰਨ ਕਾਂਗਰਸ ਵੰਡੀ ਗਈ ਸੀ। ਹਿੰਦੁਤਵ ਜੇਕਰ ਅੰਮ੍ਰਿਤ ਹੈ ਤਾਂ ਕੱਟੜ ਤੇ ਨਰਮ ਦੇ ਫਾਸਲੇ ਦਾ ਕੀ ਮਤਲਬ ਹੈ, ਹਿੰਦੁਤਵ ਜੇਕਰ ਜ਼ਹਿਰ ਹੈ ਤਾਂ ਕੱਟੜ ਤੇ ਨਰਮ ਦਾ ਕੀ ਮਤਲਬ ?

ਚੋਣਾਂ ਤੋਂ ਪਹਿਲਾਂ ਦੀ ਰਿਪੋਰਟਿੰਗ ਦੇਖੋ, ਯੋਗੀ ਅਦਿਤਿਆਨਾਥ ਹੀ ਮੁੱਖ ਮੰਤਰੀ ਦੀ ਦਾਅਵੇਦਾਰੀ ਕਰ ਰਹੇ ਸਨ। ਚੋਣਾਂ ਦੌਰਾਨ ਦੀ ਤਮਾਮ ਰਿਪੋਰਟਿੰਗ ਦੇਖੋ, ਯੋਗੀ ਅਦਿਤਿਆਨਾਥ ਦੇ ਸਮਰਥਕ ਹੀ ਦਾਅਵੇਦਾਰੀ ਕਰ ਰਹੇ ਸਨ। ਹਿੰਦੂ ਯੁਵਾ ਵਾਹਿਨੀ ਦੇ ਬਗ਼ਾਵਤ ਦੀ ਖ਼ਬਰ ਆਉਂਦੀ ਹੈ, ਸ਼ਾਂਤ ਹੋ ਜਾਂਦੀ ਹੈ, ਗੋਰਖਪੁਰ ਵਿਚ ਅਮਿਤ ਸ਼ਾਹ ਦੇ ਰੋਡ ਸ਼ੋਅ ਨੂੰ ਨਵੇਂ ਮੁੱਖ ਮੰਤਰੀ ਯਾਦਗਾਰ ਬਣਾ ਦਿੰਦੇ ਹਨ, ਚੋਣਾਂ ਮਗਰੋਂ ਫਿਰ ਲੋਕ ਕਿਉਂ ਭੁੱਲ ਗਏ ਕਿ ਯੋਗੀ ਅਦਿਤਿਆਨਾਥ ਮੁੱਖ ਮੰਤਰੀ ਨਹੀਂ ਬਣਨਗੇ। ਚੋਣਾਂ ਦੌਰਾਨ ਉਨ੍ਹਾਂ ਦੇ ਸਮਰਥਕ ਜੋ ਭਾਜਪਾ ਵਿਚ ਹਨ ਤੇ ਜੋ ਉਨ੍ਹਾਂ ਦੇ ਵੀ ਹਨ, ਭਾਜਪਾ ਦੀਆਂ ਰੈਲੀਆਂ ਵਿਚ ਡੀ.ਜੇ. 'ਤੇ ਗੀਤ ਵਜਾ ਰਹੇ ਸਨ। ਯੋਗੀ ਨੇ ਮੁੱਖ ਮੰਤਰੀ ਬਣਨਾ ਹੈ, ਗਾ ਰਹੇ ਸਨ। ਜ਼ਰੂਰ ਕੇਸ਼ਵ ਪ੍ਰਸਾਦ ਮੌਰਿਆ ਨੂੰ ਦਾਦ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਅਤੇ ਕਾਮਯਾਬ ਪ੍ਰਧਾਨ ਅਮਿਤ ਸ਼ਾਹ ਦੀ ਅਗਵਾਈ ਵਾਲੇ ਸੂਬੇ ਦੇ ਹਸਪਤਾਲ ਵਿਚ ਭਰਤੀ ਹੋ ਕੇ ਜਾਂ ਹੋਰਨਾਂ ਗੁਪਤ ਢੰਗ-ਤਰੀਕਿਆਂ ਰਾਹੀਂ ਆਪਣੀ ਦਾਅਵੇਦਾਰੀ ਕੀਤੀ। ਮੌਰਿਆ ਮੁੱਖ ਮੰਤਰੀ ਨਹੀਂ ਬਣ ਸਕੇ, ਪਰ ਨਵੇਂ ਹੋਣ ਦੇ ਬਾਵਜੂਦ ਉਨ੍ਹਾਂ ਕੋਸ਼ਿਸ਼ ਯੋਗੀ ਤੋਂ ਘੱਟ ਨਹੀਂ ਕੀਤੀ।

ਸਿਆਸਤ ਨੂੰ ਹਮੇਸ਼ਾ ਹਾਰ ਤੇ ਜਿੱਤ ਦੇ ਸਾਂਚੇ ਵਿਚ ਨਹੀਂ ਦੇਖਣਾ ਚਾਹੀਦਾ। ਹਾਰ ਵਿਚ ਵੀ ਕੋਈ ਜਿੱਤ ਰਿਹਾ ਹੁੰਦਾ ਹੈ, ਜਿੱਤ ਵਿਚ ਵੀ ਕੋਈ ਹਾਰ ਰਿਹਾ ਹੁੰਦਾ ਹੈ। ਮੁੱਖ ਮੰਤਰੀ ਯੋਗੀ ਦੇ ਉਭਰਨ ਨਾਲ ਜਿਤ ਦੇ ਇਸ ਪਲ ਵਿਚ ਕੌਣ ਹਾਰਿਆ ਹੈ, ਕੋਈ ਹਾਰਿਆ ਵੀ ਹੈ ਜਾਂ ਨਹੀਂ, ਇਸ ਲਈ ਤੁਸੀਂ ਉਸ ਪ੍ਰੈੱਸ 'ਤੇ ਕਿਵੇਂ ਭਰੋਸਾ ਕਰ ਸਕਦੇ ਹੋ, ਜੋ ਸੂਤਰਾਂ ਦੇ ਹਵਾਲੇ ਨਾਲ ਰਾਜਨਾਥ ਸਿੰਘ, ਮਨੋਜ ਸਿਨਹਾ, ਸਵਤੰਤਰ ਦੇਵ ਸਿੰਘ ਨੂੰ ਮੁੱਖ ਮੰਤਰੀ ਬਣਵਾ ਰਿਹਾ ਸੀ। ਸਵਤੰਤਰ ਦੇਵ ਜੀ ਰਾਜ ਮੰਤਰੀ ਬਣੇ। ਮਨੋਜ ਸਿਨਹਾ ਦਾ ਨਾਂ 18 ਮਾਰਚ ਦੀ ਦੁਪਹਿਰ ਮਗਰੋਂ ਤੇਜ਼ੀ ਨਾਲ ਗਾਇਬ ਹੋ ਗਿਆ। ਮੀਡੀਆ ਦੇ ਸੰਪਰਕ ਵਿਚ ਜੋ ਸੂਤਰ ਬੈਠੇ ਸਨ, ਉਨ੍ਹਾਂ ਨੂੰ ਸੱਪ ਸੁੰਘ ਗਿਆ ਹੋਵੇਗਾ ਜਦੋਂ ਯੋਗੀ ਅਦਿਤਿਆਨਾਥ ਦਾ ਨਾਂ ਸਾਹਮਣੇ ਆਇਆ। ਐਲਾਨ ਕੁਝ ਅਜਿਹਾ ਸੀ, ਮੰਨੋ ਦੂਸਰੀ ਵਾਰ ਨੋਟਬੰਦੀ ਦਾ ਐਲਾਨ ਹੋਇਆ ਹੋਵੇ। ਅਸਰ ਵੀ ਕੁਝ ਵੈਸਾ ਹੀ ਸੀ।

ਯੂ.ਪੀ. ਵਿਚ ਭਾਜਪਾ ਦੀ ਜਿੱਤ 'ਤੇ ਜਿੰਨੀਆਂ ਸਮੀਖਿਆਵਾਂ ਛਪੀਆਂ ਹਨ, ਉਸ ਤੋਂ ਘੱਟ ਯੋਗੀ ਦੇ ਐਲਾਨ ਮਗਰੋਂ ਨਹੀਂ ਛਪੀਆਂ। ਹਰ ਘੰਟੇ ਯੋਗੀ ਦੀ ਸਮੀਖਿਆ ਕਰਦਾ ਹੋਇਆ ਇਕ ਲੇਖ ਸਾਹਮਣੇ ਆ ਰਿਹਾ ਹੈ। ਇਨ੍ਹਾਂ ਲੇਖਾਂ ਵਿਚ ਯੋਗੀ ਦੇ ਪੁਰਾਣੇ ਬਿਆਨਾਂ ਦਾ ਹਵਾਲਾ ਦਿੱਤਾ ਜਾ ਰਿਹਾ ਹੈ। ਇਸਤਰੀ ਵਿਰੋਧੀ ਬਿਆਨ, ਘੱਟ ਗਿਣਤੀ ਵਿਰੋਧੀ ਬਿਆਨ। ਉਨੀ ਹੀ ਤੇਜ਼ੀ ਨਾਲ ਯੋਗੀ ਨੂੰ ਮੁਸਲਿਮ ਹਿਤੈਸ਼ੀ ਦੱਸਣ ਵਾਲੇ ਕਿੱਸੇ ਵੀ ਸਾਹਮਣੇ ਆ ਰਹੇ ਹਨ। ਕਿਵੇਂ ਮੰਦਰ ਕੰਪਲੈਕਸ ਵਿਚ ਮੁਸਲਮਾਨਾਂ ਦੀਆਂ ਦੁਕਾਨਾਂ ਹਨ, ਕਿਵੇਂ ਮੁਸਲਮਾਨ ਉਨ੍ਹਾਂ ਦੇ ਕਰੀਬ ਹਨ। ਇਕ ਤਰ੍ਹਾਂ ਨਾਲ ਆਲੋਚਕ ਹਿੰਦੁਤਵ ਵਾਲੇ ਫਰੇਮ ਨੂੰ ਵੱਡਾ ਕਰ ਰਹੇ ਹਨ। ਦੂਸਰੇ ਪਾਸੇ ਸਮਰਥਕ ਉਨ੍ਹਾਂ ਦੇ ਧਰਮ ਨਿਰਪੱਖ ਫਰੇਮ ਨੂੰ ਵੱਡਾ ਕਰ ਰਹੇ ਹਨ। ਯੋਗੀ ਜੋ ਵੀ ਹਨ ਤੇ ਜਿੰਨਾ ਵੀ ਹਨ, ਖੁੱਲ੍ਹ ਕੇ ਹਨ। ਗੋਰਖਪੁਰ ਦੀ ਜਨਤਾ ਨੇ ਕੁਝ ਤਾਂ ਖਾਸ ਦੇਖਿਆ ਹੋਵੇਗਾ ਜੋ ਸੰਨ 1998 ਤੋਂ ਯੋਗੀ ਨੂੰ ਚੁਣਦੀ ਆ ਹੀ ਹੈ। ਯੋਗੀ ਦੀ ਭਾਸ਼ਾ ਅਤੇ ਤੇਵਰ ਜਿਸ ਦਾ ਇਕ ਸਮੇਂ ਭਾਜਪਾ ਦੇ ਵੱਡੇ ਨੇਤਾ ਖੁੱਲ੍ਹ ਕੇ ਬਚਾਅ ਨਹੀਂ ਕਰਦੇ ਸਨ, ਕਰਦੇ ਤਾਂ ਚੋਣਾਂ ਤੋਂ ਪਹਿਲਾਂ ਉਨ੍ਹਾਂ ਨੂੰ ਉਮੀਦਵਾਰ ਐਲਾਨ ਦਿੰਦੇ, ਪਰ ਹੁਣ ਸਭ ਯੋਗੀ ਦਾ ਬਚਾਅ ਕਰ ਰਹੇ ਹਨ। ਯੋਗੀ ਅਦਿਤਿਆਨਾਥ ਦੀ ਸੰਘ ਪਰਿਵਾਰ ਅਤੇ ਭਾਜਪਾ ਪਰਿਵਾਰ ਵਿਚ ਇਸ ਤੋਂ ਵੱਡੀ ਜਿੱਤ ਕਦੇ ਨਹੀਂ ਹੋਈ ਹੋਵੇਗੀ।

**ਉਨ੍ਹਾਂ ਦੀ ਵੈੱਬਸਾਈਟ 'ਤੇ ਨਾ ਭਾਜਪਾ ਦਾ ਝੰਡਾ ਹੈ, ਨਾ ਸੰਘ ਪਰਿਵਾਰ ਦਾ। ਭਾਜਪਾ ਤੇ ਸੰਘ ਪਰਿਵਾਰ ਤੋਂ ਖ਼ੁਦਮੁਖਤਿਆਰ ਹੁੰਦੇ ਹੋਏ ਵੀ ਉਹ ਹਿੰਦੁਤਵ ਤੇ ਸੰਘ ਪਰਿਵਾਰ ਦੀ ਸਿਆਸੀ ਸੋਚ ਤੋਂ ਬਾਹਰ ਦੇ ਨੇਤਾ ਨਹੀਂ ਹਨ। ਉਹ ਭਾਜਪਾ ਦੇ ਸੰਸਦ ਮੈਂਬਰ ਹਨ ਤੇ ਕੰਮ ਭਾਜਪਾ ਲਈ ਹੀ ਕਰਦੇ ਹਨ ਤੇ ਮੁੱਖ ਮੰਤਰੀ ਭਾਜਪਾ ਦੇ ਹੀ ਹਨ। ਫਿਰ ਵੀ ਵੈੱਬਸਾਈਟ ਦੇ ਸਹਾਰੇ ਵੀ ਯੋਗੀ ਅਦਿਤਿਨਾਥ ਦੀ ਖ਼ੁਦਮੁਖ਼ਤਿਆਰੀ ਨੂੰ ਸਮਝਣਾ ਚਾਹੀਦਾ ਹੈ।**

ਯੋਗੀ ਅਦਿਤਿਆਨਾਥ ਦੀ ਆਪਣੀ ਵੈੱਬਸਾਈਟ ਵੀ ਹੈ। ਦੋ ਸਾਲ ਪਹਿਲਾਂ ਜਦੋਂ ਉਨ੍ਹਾਂ ਦੀ ਵੈੱਬਸਾਈਟ ਦੀ ਸਮੀਖਿਆ ਕੀਤੀ ਸੀ ਤਾਂ ਮੈਨੂੰ ਖ਼ੁਦਮੁਖ਼ਤਿਆਰ ਤੇ ਨਿਹਾਇਤ ਹੀ ਨਿੱਜੀ ਕਿਸਮ ਦੇ ਨੇਤਾ ਲੱਗੇ ਸਨ। ਦੋ ਸਾਲ ਪਹਿਲਾਂ ਉਨ੍ਹਾਂ ਦੀ ਵੈੱਬਸਾਈਟ 'ਤੇ ਸਿਰਫ਼ ਯੋਗੀ ਹੀ ਯੋਗੀ ਸਨ। ਸਾਲ 2014 ਦੇ ਸਾਲ ਵਿਚ ਭਾਜਪਾ ਦੇ ਨੇਤਾ ਦੀ ਵੈੱਬਸਾਈਟ ਤੋਂ ਲੈ ਕੇ ਬੈਠਕ ਦੀਆਂ ਦੀਵਾਰਾਂ 'ਤੇ ਮੋਦੀ ਦੀ ਤਸਵੀਰ ਤਾਂ ਹੁੰਦੀ ਹੀ ਸੀ, ਯੋਗੀ ਦੀ ਵੈੱਬਸਾਈਟ 'ਤੇ ਸਿਰਫ਼ ਯੋਗੀ ਸਨ। ਪ੍ਰਧਾਨ ਮੰਤਰੀ ਦੀ ਤਸਵੀਰ ਸੀ ਪਰ ਪ੍ਰਮੁੱਖਤਾ ਨਾਲ ਨਹੀਂ। ਹੁਣ ਉਨ੍ਹਾਂ ਦੀ ਵੈੱਬਸਾਈਟ 'ਤੇ ਪ੍ਰਧਾਨ ਮੰਤਰੀ ਦੀ ਵੀ ਤਸਵੀਰ ਹੈ ਤੇ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੀ ਵੀ ਹੈ।

ਮੀਡੀਆ ਵਿਚ ਯੋਗੀ ਦੇ ਜੋ ਬਿਆਨ ਹਨ, ਉਹ ਭਾਵੇਂ ਉਨ੍ਹਾਂ ਦੀ ਦਿਖ ਬਣਾਉਣ ਦੇ ਪ੍ਰੋਜੈਕਟ ਦਾ ਹਿੱਸਾ ਰਹੇ ਹੋਣ ਪਰ ਉਨ੍ਹਾਂ ਦੀ ਵੈੱਬਸਾਈਟ 'ਤੇ ਮੌਜੂਦ ਲੇਖ ਥੋੜ੍ਹਾ ਵੱਧ ਪ੍ਰਮਾਣ ਨਾਲ ਸਮਝਣ ਦਾ ਮੌਕਾ ਦਿੰਦੇ ਹਨ। 30 ਤੋਂ ਵੱਧ ਸੰਗਠਨਾਂ ਦੀ ਮੈਨੇਜਮੈਂਟ ਦਾ ਕੰਮ ਸੰਭਾਲਦੇ ਹਨ। ਉਹ ਸ਼ਾਇਦ ਭਾਜਪਾ ਦੇ ਇਕੱਲੇ ਨੇਤਾ ਰਹੇ ਹਨ, ਜਿਨ੍ਹਾਂ ਦੀ ਆਪਣੀ ਹਿੰਦੂ ਯੁਵਾ ਵਾਹਿਨੀ ਹੈ। ਉਨ੍ਹਾਂ ਦੀ ਵੈੱਬਸਾਈਟ 'ਤੇ ਨਾ ਭਾਜਪਾ ਦਾ ਝੰਡਾ ਹੈ, ਨਾ ਸੰਘ ਪਰਿਵਾਰ ਦਾ। ਭਾਜਪਾ ਤੇ ਸੰਘ ਪਰਿਵਾਰ ਤੋਂ ਖ਼ੁਦਮੁਖਤਿਆਰ ਹੁੰਦੇ ਹੋਏ ਵੀ ਉਹ ਹਿੰਦੁਤਵ ਤੇ ਸੰਘ ਪਰਿਵਾਰ ਦੀ ਸਿਆਸੀ ਸੋਚ ਤੋਂ ਬਾਹਰ ਦੇ ਨੇਤਾ ਨਹੀਂ ਹਨ। ਉਹ ਭਾਜਪਾ ਦੇ ਸੰਸਦ ਮੈਂਬਰ ਹਨ ਤੇ ਕੰਮ ਭਾਜਪਾ ਲਈ ਹੀ ਕਰਦੇ ਹਨ ਤੇ ਮੁੱਖ ਮੰਤਰੀ ਭਾਜਪਾ ਦੇ ਹੀ ਹਨ। ਫਿਰ ਵੀ ਵੈੱਬਸਾਈਟ ਦੇ ਸਹਾਰੇ ਵੀ ਯੋਗੀ ਅਦਿਤਿਨਾਥ ਦੀ ਖ਼ੁਦਮੁਖ਼ਤਿਆਰੀ ਨੂੰ ਸਮਝਣਾ ਚਾਹੀਦਾ ਹੈ। ਸੰਸਦ ਮੈਂਬਰ ਵਜੋਂ ਉਨ੍ਹਾਂ ਦੇ ਤਮਾਮ ਕਾਰਜਾਂ ਦਾ ਬਿਓਰਾ ਹੈ। ਵੈੱਬਸਾਈਟ 'ਤੇ ਲੇਖ ਦਾ ਇਕ ਕਾਲਮ ਹੈ, ਜਿਸ ਵਿਚ ਨੇਪਾਲ ਬਾਰੇ ਕਈ ਲੇਖ ਹਨ। ਕਈ ਵਾਰ ਲਗਦਾ ਹੈ ਕਿ ਗੋਰਖਪੁਰ ਤੋਂ ਬੈਠ ਕੇ ਯੋਗੀ ਜੀ ਨੇਪਾਲ ਵੱਲ ਵੀ ਖ਼ੂਬ ਦੇਖਦੇ ਹਨ। ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਦੇ ਮੰਦਿਰ ਪਰੰਪਰਾ ਵਿਚ ਨੇਪਾਲ ਦੀ ਆਬਾਦੀ ਦਾ ਵੱਡਾ ਹਿੱਸਾ ਆਉਂਦਾ ਹੈ। ਰਾਖਵਾਂਕਰਨ, ਮਾਤਰਸ਼ਕਤੀ ਤੇ ਨਵੇਂ ਰਾਜਾਂ ਦੇ ਪੁਨਰਗਠਨ ਨੂੰ ਲੈ ਕੇ ਕੁਝ ਲੇਖ ਹਨ।

ਸੰਦਰਭ ਤੋਂ ਵੱਖ ਵਿਆਖਿਆ ਦਾ ਖ਼ਤਰਾ ਹੋ ਸਕਦਾ ਹੈ, ਪਰ ਕੁਝ ਗੱਲਾਂ ਹਨ ਜੋ ਤੁਹਾਡੇ ਸਾਹਮਣੇ ਪੇਸ਼ ਕਰਨਾ ਚਾਹੁੰਦਾ ਹਾਂ। ਮਾਤਰਸ਼ਕਤੀ ਵਾਲੇ ਲੇਖ ਵਿਚ ਉਹ ਲਿਖਦੇ ਹਨ ਕਿ ਔਰਤਾਂ ਨੂੰ ਰਾਖਵਾਂਕਰਨ ਦਿੰਦੇ ਸਮੇਂ ਇਸ ਗੱਲ 'ਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਇਸ ਨਾਲ ਘਰ ਪਰਿਵਾਰ ਵਿਚ ਉਨ੍ਹਾਂ ਦੀ ਭੂਮਿਕਾ 'ਤੇ ਕੀ ਅਸਰ ਪਿਆ ਹੈ। ਉਹ ਔਰਤਾਂ ਨੂੰ 33 ਫੀਸਦੀ ਰਾਖਵਾਂਕਰਨ ਦਿੱਤੇ ਜਾਣ ਦੇ ਫੈਸਲੇ 'ਤੇ ਵਿਚਾਰ ਕਰਨ ਦੀ ਗੱਲ ਕਰਦੇ ਹਨ, ਸਮਰਥਨ ਨਹੀਂ ਕਰਦੇ। ਔਰਤਾਂ ਨੂੰ ਪੁਰਸ਼ਾਂ ਵਾਂਗ ਬਣਾਉਣ ਵਿਚ ਹੋਰ ਵੀ ਕਈ ਖ਼ਤਰੇ ਹਨ, ਵਰਗੀਆਂ ਗੱਲਾਂ ਨਾਲ ਰਾਖਵਾਂਕਰਨ ਦੀ ਸਮੀਖਿਆ ਦੀ ਗੱਲ ਕਰਦੇ ਹਨ। ਵੈੱਬਸਾਈਟ 'ਤੇ ਮੌਜੂਦ ਲੇਖ ਵਿਚ ਕਰੀਮੀਲੇਅਰ ਤੇ ਇਕ ਹੀ ਪਰਿਵਾਰ ਨੂੰ ਵਾਰ ਵਾਰ ਰਾਖਵਾਂਕਰਨ ਮਿਲਣ ਦਾ ਵਿਰੋਧ ਕਰਦੇ ਹੋਏ ਲਿਖਿਆ ਗਿਆ ਹੈ ਕਿ ਇਹ ਸਮਾਜ ਨੂੰ ਵੰਡਣ ਵਾਲਾ ਹੈ, ਨਿਕੰਮਾਪਣ ਵਧਾਉਂਦਾ ਹੈ। ਪੂਰਬੀ ਉਤਰ ਪ੍ਰਦੇਸ਼ ਅਤੇ ਬੁੰਦੇਲਖੰਡ ਨੂੰ ਵੱਖਰੇ ਸੂਬੇ ਵਜੋਂ ਬਣਾਏ ਜਾਣ ਦੇ ਮਾਮਲੇ 'ਤੇ ਗੰਭੀਰਤਾ ਨਾਲ ਯਤਨ ਕੀਤਾ ਜਾਣਾ ਚਾਹੀਦਾ ਹੈ, ਇਸ ਦੇ ਸਮਰਥਨ ਵਿਚ ਵੀ ਇਕ ਲੇਖ ਹੈ।

---

# ਯੂ.ਪੀ. 'ਚ ਭਾਜਪਾ ਦੀ 'ਹੈਰਾਨੀਜਨਕ' ਜਿੱਤ ਦਾ ਰਹੱਸ

**ਇਸ ਗੱਲ 'ਤੇ ਵਿਚਾਰ ਕੀਤਾ ਹੀ ਜਾਣਾ ਚਾਹੀਦਾ ਹੈ ਕਿ ਏਨੀ ਵੱਡੀ ਜਿੱਤ ਕਿਉਂ ਤੇ ਵਿਰੋਧੀ ਧਿਰ ਅੰਦਰ ਏਨਾ ਸੰਘਣਾ ਹਨੇਰਾ ਕਿਉਂ... ? ਇਸ ਦਾ ਸਭ ਤੋਂ ਵੱਡਾ ਕਾਰਨ ਹੈ-ਪ੍ਰਧਾਨ ਮੰਤਰੀ ਪ੍ਰਤੀ ਲੋਕਾਂ ਦਾ ਅਡਿਗ ਵਿਸ਼ਵਾਸ, ਜੋ ਭਵਿੱਖ 'ਤੇ ਆਧਾਰਤ ਹੈ। ਸਾਲ 2004 ਦੀਆਂ ਲੋਕ ਸਭਾ ਚੋਣਾਂ ਵਿਚ ਨਰਿੰਦਰ ਮੋਦੀ ਨੇ ਵੋਟਰਾਂ ਤੋਂ ਪੰਜ ਸਾਲ ਨਹੀਂ, ਬਲਕਿ 10 ਅਤੇ ਕਿਤੇ ਕਿਤੇ ਤਾਂ 15 ਸਾਲ ਤਕ ਮੰਗੇ ਸਨ। ਹਾਲੇ ਤਾਂ ਤਿੰਨ ਵੀ ਪੂਰੇ ਨਹੀਂ ਹੋਏ ਹਨ। ਪਿਛਲੇ ਲਗਭਗ 65 ਸਾਲ ਤੋਂ ਠੱਗੇ ਜਾਂਦੇ ਰਹਿਣ ਵਾਲੇ ਵੋਟਰਾਂ ਨੇ ਹੁਣ ਉਨ੍ਹਾਂ ਨੂੰ ਏਨਾ ਵਕਤ ਦੇਣ ਦਾ ਮਨ ਬਣਾ ਲਿਆ ਹੈ।**

**ਡਾ. ਵਿਜੈ ਅਗਰਵਾਲ**

ਉਤਰ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਯਕੀਨ ਨਾ ਕਰਨ ਵਾਲੀ ਜਿੱਤ ਨੇ ਸਾਡੇ ਵਿਰੋਧੀ ਮਹਾਂਰਥੀ ਸਿਆਸਤਦਾਨਾਂ ਨੂੰ ਏਨਾ ਨਿਰਾਸ਼ ਕਰ ਦਿੱਤਾ ਹੈ ਕਿ ਹੁਣ ਉਹ 20 19 ਦੀ ਬਜਾਏ 2024 ਦੀ ਗੱਲ ਕਰਨ ਲੱਗੇ ਹਨ ਪਰ ਇਸ ਜਿੱਤ ਅਤੇ ਉਸ ਨਿਰਾਸ਼ਾ, ਦੋਹਾਂ ਦਾ ਮਜ਼ੇਦਾਰ ਵਿਚਾਰਨਯੋਗ ਪਹਿਲੂ ਹੋਰ ਵੀ ਹੈ-ਨਰਿੰਦਰ ਮੋਦੀ ਦੇ ਪਿਛਲੇ ਪੌਣੇ ਤਿੰਨ ਸਾਲ ਦੇ ਸ਼ਾਸਨ ਦਾ ਮੁਲੰਕਣ।

ਜੇਕਰ ਅਸੀਂ ਪ੍ਰਭਾਵ ਦੀ ਗੱਲ ਕਰੀਏ ਤਾਂ ਸੱਚ ਇਹੀ ਹੈ ਕਿ ਇਸ ਦੌਰਾਨ ਲੋਕਾਂ ਦੇ ਜੀਵਨ 'ਤੇ ਕੋਈ ਵੀ ਵਿਸ਼ੇਸ਼ ਸਕਾਰਾਤਮਕ ਪ੍ਰਭਾਵ ਨਹੀਂ ਪਿਆ ਹੈ। ਸਰਕਾਰੀ ਦਫ਼ਤਰਾਂ ਵਿਚ ਭ੍ਰਿਸ਼ਟਾਚਾਰ 'ਚ ਰੱਤੀ ਭਰ ਵੀ ਕਮੀ ਨਹੀਂ ਆਈ ਹੈ। ਗਵਰਨਸ ਦਾ ਹਾਲ ਪਹਿਲਾਂ ਵਰਗਾ ਹੀ ਹੈ। ਨਾ ਰੁਜ਼ਗਾਰ ਦੇ ਮੌਕੇ ਵਧੇ ਤੇ ਨਾ ਲੋਕਾਂ ਦਾ ਜੀਵਨ ਪੱਧਰ। ਭਾਵੇਂ ਆਮ ਲੋਕ ਹੋਣ ਜਾਂ ਔਰਤਾਂ, ਸਾਰਿਆਂ ਵਿਚ ਅਸੁਰੱਖਿਆ ਦੀ ਭਾਵਨਾ ਵਧਦੀ ਹੀ ਜਾ ਰਹੀ ਹੈ।

ਅਜਿਹੀ ਸਥਿਤੀ ਵਿਚ ਇਸ ਗੱਲ 'ਤੇ ਵਿਚਾਰ ਕੀਤਾ ਹੀ ਜਾਣਾ ਚਾਹੀਦਾ ਹੈ ਕਿ ਏਨੀ ਵੱਡੀ ਜਿੱਤ ਕਿਉਂ ਤੇ ਵਿਰੋਧੀ ਧਿਰ ਅੰਦਰ ਏਨਾ ਸੰਘਣਾ ਹਨੇਰਾ ਕਿਉਂ... ?

ਇਸ ਦਾ ਸਭ ਤੋਂ ਵੱਡਾ ਕਾਰਨ ਹੈ-ਪ੍ਰਧਾਨ ਮੰਤਰੀ ਪ੍ਰਤੀ ਲੋਕਾਂ ਦਾ ਅਡਿਗ ਵਿਸ਼ਵਾਸ, ਜੋ ਭਵਿੱਖ 'ਤੇ ਆਧਾਰਤ ਹੈ। ਸਾਲ 2004 ਦੀਆਂ ਲੋਕ ਸਭਾ ਚੋਣਾਂ ਵਿਚ ਨਰਿੰਦਰ ਮੋਦੀ ਨੇ ਵੋਟਰਾਂ ਤੋਂ ਪੰਜ ਸਾਲ ਨਹੀਂ, ਬਲਕਿ 10 ਅਤੇ ਕਿਤੇ ਕਿਤੇ ਤਾਂ 15 ਸਾਲ ਤਕ ਮੰਗੇ ਸਨ। ਹਾਲੇ ਤਾਂ ਤਿੰਨ ਵੀ ਪੂਰੇ ਨਹੀਂ ਹੋਏ ਹਨ। ਪਿਛਲੇ ਲਗਭਗ 65 ਸਾਲ ਤੋਂ ਠੱਗੇ ਜਾਂਦੇ ਰਹਿਣ ਵਾਲੇ ਵੋਟਰਾਂ ਨੇ ਹੁਣ ਉਨ੍ਹਾਂ ਨੂੰ ਏਨਾ ਵਕਤ ਦੇਣ ਦਾ ਮਨ ਬਣਾ ਲਿਆ ਹੈ। ਮਹੱਤਵਪੂਰਨ ਗੱਲ ਇਹ ਵੀ ਹੈ ਕਿ ਉਸ ਨੂੰ ਮੌਜੂਦਾ ਸਰਕਾਰ ਉਸ ਸੰਕਲਪ ਨੂੰ ਪੂਰਾ ਕਰਨ ਵੱਲ ਜਾਂਦੀ ਦਿਖਾਈ ਦੇ ਰਹੀ ਹੈ, ਜੋ ਉਸ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਤੋਂ ਝਲਕਣ ਲੱਗਾ ਹੈ।ਸਰਕਾਰ ਦੀਆਂ ਹੁਣ ਤਕ ਦੀਆਂ ਨੀਤੀਆਂ ਦੇ ਕੇਂਦਰ ਵਿਚ ਰਿਹਾ ਹੈ-ਬਦਲਾਅ ਲਈ ਪਿਠਭੂਮੀ ਤਿਆਰ ਕਰਨਾ। ਕਾਲੇ ਧਨ ਦੇ ਖ਼ਿਲਾਫ਼ ਜਿਸ ਜੰਗ ਦੀ ਸ਼ੁਰੂਆਤ ਕੀਤੀ ਗਈ ਹੈ, ਉਸ ਦੇ ਸਿੱਟੇ ਭਾਵੇਂ ਹੀ ਤੁਰੰਤ ਨਾ ਮਿਲਣ, ਪਰ ਭਵਿੱਖ ਵਿਚ ਦਿਖਾਈ ਦੇਣ ਤੋਂ ਕੋਈ ਰੋਕ ਨਹੀਂ ਸਕੇਗਾ। ਨੋਟਬੰਦੀ, ਬੇਨਾਮੀ ਸੰਪਤੀ ਐਕਟ ਅਤੇ ਜਨ ਧਨ ਖਾਤਾ ਯੋਜਨਾ ਇਸ ਜੰਗ ਦੀ ਰਣਨੀਤੀ ਦੀ ਹੀ ਆਧਾਰ ਭੂਮੀ ਹੈ। ਸਿਆਸੀ ਨਜ਼ਰੀਏ ਤੋਂ ਤੁਸੀਂ ਇਸ ਨੂੰ ਕਾਲੇ ਰੰਗ ਖ਼ਿਲਾਫ਼ ਕੀਤਾ ਗਿਆ ਸਫ਼ੇਦ ਰੰਗ ਦਾ ਜਾਮਾ ਕਹਿ ਸਕਦੇ ਹੋ। ਇਸ ਤੋਂ ਪਹਿਲੀ ਸਰਕਾਰ ਨਾ ਸਿਰਫ਼ ਕਾਲੇ ਰੰਗ ਵਿਚ ਹੀ ਰੰਗ ਚੁੱਕੀ ਸੀ, ਬਲਕਿ ਨੀਤੀਗਤ ਕਦਮ ਚੁੱਕਣ ਵਿਚ ਵੀ ਉਸ ਨੂੰ ਲਕਵਾ ਮਾਰ ਗਿਆ ਸੀ।

ਬਾਕੀ ਸਫ਼ਾ 32 'ਤੇ



# ਲਓ ! ਕਰ ਲੋ ਗੱਲ...

-ਕਮਲ ਦੁਸਾਂਝ

## ਨਾਲੇ ਚੋਰ ਨਾਲੇ ਚਤੁਰਾਈਆਂ !!

ਲਓ ਜੀ ਆਹ ਭਦਰ ਪੁਰਸ਼ਾਂ ਦੀ ਵੀ ਸੁਣ ਲੋ। ਸ਼ਿਵਸੈਨਾ ਦੇ ਮੰਤਰੀ ਰਵਿੰਦਰ ਗਾਇਕਵਾੜ ਦੀ ਧੌਂਸ ਤਾਂ ਦੇਖੋ...ਏਅਰ ਇੰਡੀਆ ਦੇ ਜਹਾਜ਼ ਵਿਚ ਆਪਣੇ ਅਹੁਦੇ ਦਾ ਰੋਅਬ ਹੀ ਨਹੀਂ ਮਾਰਦਾ, ਸਗੋਂ ਬਜ਼ੁਰਗ ਮੁਲਾਜ਼ਮ ਨੂੰ ਕੁੱਟ ਸੁੱਟਦਾ ਹੈ ਕਿਉਂਕਿ ਉਹ ਉਹਦਾ ਹੁਕਮ ਨਹੀਂ ਵਜਾਉਂਦਾ। ਉਹਨੇ ਗਿਣ ਗਿਣ ਕੇ 25 ਜੁੱਤੀਆਂ ਵਿਚਾਰੇ ਮੁਲਾਜ਼ਮ ਦੇ ਮਾਰੀਆਂ ਤੇ ਕਿਹਾ ਕਿ ਇਹ ਐ ਤੇਰੀ ਔਕਾਤ...ਤੂੰ ਮੇਰਾ ਕੀ ਵਿਗਾੜ ਲਏਂਗਾ। ਏਅਰ ਇੰਡੀਆ ਵਾਲਿਆਂ ਨੇ ਗਾਇਕਵਾੜ ਖ਼ਿਲਾਫ਼ ਮੋਰਚਾ ਖੋਲ੍ਹਦਿਆਂ ਉਹਦੇ 'ਤੇ ਪਾਬੰਦੀ ਲਾ ਦਿੱਤੀ। ਫੇਰ ਕੀ ਸ਼ਿਵਸੈਨੀਆਂ ਦਾ ਸਾਰਾ ਚੌਣਾਂ 'ਕੱਠਾ ਹੋ ਕੇ ਪੈ ਗਿਆ ਏਅਰ ਇੰਡੀਆ ਦੇ ਪਿਛੇ...ਉਲਟਾ ਏਅਰ ਲਾਈਨ ਨੂੰ ਕਿਹਾ ਕਿ ਥੋੜੀ 'ਦਾਦਾਗਿਰੀ' ਨੀਂ ਚੱਲਣ ਦੇਣੀ। ਜੋ ਮੰਤਰੀ ਨੇ ਕੀਤਾ... ਉਹ 'ਗੁੰਡਾਗਰਦੀ' ਸੀ ਜਾਂ 'ਦਾਦਾਗਿਰੀ' ਇਹ ਤਾਂ ਉਹੀ ਜਾਣਨ ਪਰ 'ਚੋਰ ਚੋਰ ਮਸੇਰਾ ਭਾਈ' ਵਾਂਗ ਸਮਾਜਵਾਦੀ ਪਾਰਟੀ ਵੀ ਗਾਇਕਵਾੜ ਦੇ ਹੱਕ ਵਿਚ ਆ ਗਈ। ਬੱਸ ਹੁਣ ਤਾਂ 'ਸ਼ਰਮਗਿਰੀ' ਬਾਕੀ ਰਹਿ ਗਈ ਐ...!!



## ਹਮ ਹੁਕੁਮਦੇਵ ਹੁਕਮ ਬਜਾਤ ਹੈਂ !!



ਇਹ ਜਨਾਬ ਦੇ ਵੀ ਕਾਰਨਾਮੇ ਸੁਣੋ...ਇਹ ਨੇ ਬਿਹਾਰ ਤੋਂ ਭਾਜਪਾ ਦੇ ਸੰਸਦ ਮੈਂਬਰ ਹੁਕੁਮਦੇਵ। ਇਨ੍ਹਾਂ ਦੀ ਵੀ ਧੌਂਸ ਪੂਰੀ ਐ...ਐਸੇ ਧਾਕੜ ਨੇ ਕਿ ਪਟਨਾ ਹਵਾਈ ਅੱਡੇ 'ਤੇ ਜਾਣ ਲਈ 'ਕੱਲਿਆਂ ਨੇ ਹੀ ਬੱਸ ਧੂਹ ਲਈ...ਹਮ ਮੰਤਰੀ ਹੋਤ ਹੈਂ... ਹਮੇਂ ਕੋਨ ਰੋਕਤ ਹੈ...ਹੈ ਕਿਸੀ ਕੀ ਮਜਾਲ...? ਬਾਕੀ ਸਵਾਰੀਆਂ ਵਿਚਾਰੀਆਂ ਦੂਜੀ ਬੱਸ 'ਚ ਚੜ੍ਹ ਕੇ ਹਵਾਈ ਅੱਡੇ ਪਹੁੰਚੀਆਂ। ਹੈ ਤਾਂ ਇਹ 'ਲੋਕ ਸੇਵਕ' ਪਰ 'ਖਾਤਰਦਾਰੀ' ਇਨ੍ਹਾਂ ਦੀ ਹੀ ਹੁੰਦੀ ਹੈ। ਕੀ ਬਣੂ ਦੁਨੀਆ ਦਾ...?!!

## ਯੂ.ਪੀ. ਸਰਕਾਰੀ ਦਫ਼ਤਰਾਂ ਵਿਚ ਪਾਨ, ਮਸਾਲਾ-ਗੁਟਕੇ 'ਤੇ ਪਾਬੰਦੀ




## ਠਹਾਕਿਆਂ ਨਾਲ ਈ ਤਾਂ ਚਲਦੀ ਐ ਮੇਰੀ ਰਸੋਈ !

ਨਵਜੋਤ ਕੌਰ ਸਿੱਧੂ, ਵਿਚਾਰੀ ਦੁਖਇਆਰੀ ਔਰਤ ਦਾ ਦਰਦ ਸੁਣੋ। ਉਹਦਾ ਕਹਿਣਾ ਹੈ-"ਕਿਉਂ ਤੁਸੀਂ ਐਵੇਂ ਮੇਰੇ ਪਤੀ ਦੇ ਪਿਛੇ ਪਏ ਹੋ, ਜੇ ਉਹ ਕਪਿਲ ਸ਼ਰਮਾ ਦੇ ਕਾਮੇਡੀ ਸ਼ੋਅ ਵਿਚ ਠਹਾਕੇ ਨਾ ਮਾਰੇ ਤਾਂ ਮੇਰੇ ਘਰ ਦੀ ਰਸੋਈ ਬੰਦ ਹੋ ਜੂ। ਅਸੀਂ ਤਾਂ ਭੁੱਖੇ ਮਰਜਾਂਗੇ!!"

ਲੱਜੋ- ਹੈਂ!! ਬੀਬੀ ਪਰ ਤੇਰਾ ਘਰਵਾਲਾ ਤਾਂ ਹੁਣ ਮੰਤਰੀ ਐ...ਆਪੇ ਤਾਂ ਦੋਹਾਂ ਨੇ ਢਿੰਡੋਰਾ ਪਿਟਿਆ ਸੀ-ਅਖੇ ਅਸੀਂ ਤਾਂ ਲੋਕ ਸੇਵਾ ਕਰਨੀ ਐ... ਪੰਜਾਬੀਆਂ ਦੀ ਸੇਵਾ ਕਰਨੀ ਐ...ਨਾਲੇ ਥੋਨੂੰ ਤਾਂ 'ਲੋਕ ਸੇਵਾ' ਦੇ ਨਾਲ ਨਾਲ ਮੋਟੀ ਤਨਖ਼ਾਹ, ਗੱਡੀਆਂ, ਜਹਾਜ਼ਾਂ ਦਾ ਸਫ਼ਰ, ਮੁਫ਼ਤ ਬਿਜਲੀ-ਪਾਣੀ-ਟੈਲੀਫੂਨ। ਸੁਣਿਐ ਜੱਦੀ-ਜੈਦਾਦ ਵੀ ਬਥੇਰੀ ਐ ਥੋਡੇ ਕੋਲ...। ਫੇਰ ਵੀ ਰਸੋਈ ਨੀਂ ਚਲਦੀ?!!

ਡਾ. ਸਿੱਧੂ- ਲੈ ਲੱਜੋ, ਤੈਨੂੰ ਕੀ ਪਤੈ...ਅਸੀਂ ਉਂ ਤਾਂ ਡਾਇਟਿੰਗ ਕਰੀ ਦੀ ਐ...ਨਾਲ ਸਿੱਧੂ ਸਾਹਿਬ ਨੇ ਤਾਂ ਦੁਪਹਿਰ ਤੇ ਰਾਤ ਦੀ ਰੋਟੀ ਕਪਿਲ ਕੋਲ ਈ ਖਾ ਲੈਣੀ ਐ...ਪਰ ਆਉਂਦੀ ਕਮਾਈ ਨੂੰ ਲੱਤ ਕਿਉਂ ਮਾਰੀਏ?

ਲੱਜੋ- ਮੰਨਿਆ ਬੀਬੀ, ਤੇਰੀ ਰਸੋਈ ਭਰੀ ਚਾਹੀਦੀ ਐ...ਪਰ ਆ ਜਿਹੜੀ ਪਾਰਟੀ 'ਚ ਹੁਣ ਤੁਸੀਂ ਰਲੇ ਓਂ, ਇਹ ਪਾਰਟੀ ਜਦੋਂ ਕੇਂਦਰੀ ਸੱਤਾ ਵਿਚ ਸੀ ਤਾਂ ਕਹਿੰਦੀ ਹੁੰਦੀ ਸੀ ਕਿ ਰੋਟੀ ਤਾਂ ਪੰਜ ਰੁਪਏ 'ਚ ਖਾ ਹੋ ਜਾਂਦੀ ਐ...ਫੇਰ ਵੀ ਤੇਰੀ ਰਸੋਈ ਨੀਂ ਚਲਦੀ, ਭਲਾ ਓ ਕਿਵੇਂ?

ਡਾ. ਸਿੱਧੂ- ਲੈ ਫੇਟ! ਸਰਕਾਰ ਤਾਂ ਹੁਣ ਵੀ ਸਾਡੀ ਐ...ਉਹ ਤਾਂ ਅਸੀਂ ਥੋਡੇ ਵਰਗੇ ਲੋਕਾਂ ਨੂੰ ਚੱਕਰਾਂ 'ਚ ਪਾਉਣਾ ਹੁੰਦੈ...।

ਲੱਜੋ- ਨਾ ਐਂ ਦੱਸ ਬੀਬੀ, ਮੇਰੇ ਵਰਗਾ ਮਾੜਚੂ ਬੰਦਾ, ਸਰਕਾਰੀ ਨੌਕਰੀ ਕਰਦਿਆਂ ਬਾਹਰ ਕੋਈ ਕੰਮ ਨਹੀਂ ਕਰ ਸਕਦਾ, ਜੀਹਦਾ ਚੁੱਲ੍ਹਾ ਹੀ ਮਸਾਂ ਬਲਦੈ ਤੇ ਥੋਨੂੰ ਮੋਟੀਆਂ ਤਨਖ਼ਾਹਾਂ ਨਾਲ ਕਾਮੇਡੀਆਂ ਕਰਨ ਦੇ ਵੀ ਪੈਸੇ ਮਿਲੇ ਜਾਂਦੇ ਨਾ...ਸਾਡਾ ਕੀ ਕਸੂਰ?

ਡਾ. ਸਿੱਧੂ- ਮਾਈ, ਥੋਡਾ ਕਸੂਰ ਇਹੀ ਐ, ਤੁਸੀਂ ਆਮ ਲੋਕ ਓ...ਬਹੁਤੇ ਸਵਾਲ ਨਾ ਕਰ...ਸਰਕਾਰ ਤੋਂ ਪੁੱਛ...ਮੈਂ ਤਾਂ ਆਪਣੇ ਪਤੀ ਦੀ ਪੀ.ਏ. ਆਂ, ਸਰਕਾਰ ਦੀ ਨੀਂ!!

# ਕੀ ਭਾਜਪਾ ਦਾ 'ਕਾਂਗਰਸੀਕਰਨ' ਹੋ ਰਿਹਾ ਹੈ ?

**ਮੋਦੀ ਅਤੇ ਅਮਿਤ ਸ਼ਾਹ ਦੀ ਜੋੜੀ ਦਾ ਇਕ ਹੀ ਮੰਤਰ ਹੈ ਤੇ ਉਹ ਇਹ ਕਿ ਭਾਵੇਂ ਜਿਵੇਂ ਮਰਜ਼ੀ ਕਰੋ, ਭਾਜਪਾ ਨੂੰ ਅਜਿਹੀ ਮਸ਼ੀਨ ਵਿਚ ਤਬਦੀਲ ਕਰ ਦਿਓ ਕਿ ਦੇਸ਼ ਵਿਚ ਅਤੇ ਹਰ ਸੂਬੇ ਵਿਚ ਉਸ ਦੀ ਸਰਕਾਰ ਬਣੇ। ਕਿਸੇ ਵੀ ਪਾਰਟੀ ਦਾ ਕੋਈ ਵੀ ਅਸੰਤੁਸ਼ਟ ਹੋਵੇ, ਭ੍ਰਿਸ਼ਟ ਹੋਵੇ, ਅਪਰਾਧੀ ਹੋਵੇ, ਜੇਕਰ ਚੋਣ ਜਿੱਤ ਸਕਦਾ ਹੈ ਤਾਂ ਉਸ ਨੂੰ ਤੁਰੰਤ ਪਾਰਟੀ ਵਿਚ ਸ਼ਾਮਲ ਕਰ ਲਓ। ਪਾਰਟੀ ਅੰਦਰ ਵੀ ਕਿਸੇ ਨੂੰ ਅਸਹਿਮਤੀ ਦਾ ਅਧਿਕਾਰ ਨਾ ਹੋਵੇ ਤੇ ਕਿਸੇ ਵੀ ਨੇਤਾ ਦਾ ਕਦ ਜਾਂ ਪ੍ਰਭਾਵ ਅਜਿਹਾ ਨਾ ਹੋਵੇ ਜੋ ਅੱਗੇ ਚੱਲ ਕੇ ਚੁਣੌਤੀ ਬਣ ਜਾਵੇ।**

**ਮਧੁਸੂਦਨ ਆਨੰਦ**

ਅਜੀਬ ਅੰਤਰਵਿਰੋਧ ਹੈ। ਇਕ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਰਤੀ ਜਨਤਾ ਪਾਰਟੀ ਨੇ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਤੇ ਯਸ਼ਵੰਤ ਸਿਨਹਾ ਵਰਗੇ ਆਪਣੇ ਬਜ਼ੁਰਗ ਆਗੂਆਂ ਨੂੰ ਮਾਰਗ ਦਰਸ਼ਕ ਮੰਡਲ ਵਿਚ ਭੇਜ ਕੇ ਗੈਰ ਸਰਗਰਮ ਜਾਂ ਸ਼ੋਭਾ ਦੀ ਵਸਤੂ ਵਾਂਗ ਬਣਾਇਆ ਹੋਇਆ ਹੈ। ਦੂਜੇ ਪਾਸੇ ਐਸ.ਐਮ. ਕ੍ਰਿਸ਼ਨਾ ਵਰਗੇ ਬਜ਼ੁਰਗ ਕਾਂਗਰਸੀ ਆਗੂਆਂ ਨੂੰ ਉਨ੍ਹਾਂ ਦੇ ਸਿਆਸੀ ਤਜਰਬੇ ਅਤੇ ਸੀਨੀਆਰਤਾ ਦਾ ਆਦਰ ਕਰਨ ਦੇ ਭਰੋਸੇ ਨਾਲ ਪਾਰਟੀ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ।

ਜੇਕਰ ਨਾਰਾਇਣ ਦੱਤ ਤਿਵਾੜੀ ਵਰਗੇ ਸੀਨੀਅਰ ਕਾਂਗਰਸੀ ਨੇਤਾ ਬੁਢਾਪੇ ਵਿਚ ਆਂਧਰਾ ਪ੍ਰਦੇਸ਼ ਦੇ ਰਾਜ ਭਵਨ ਨਾਲ ਜੁੜੇ ਵਿਵਾਦਾਂ ਕਾਰਨ ਬੇਦਖ਼ਲ ਹੋ ਕੇ ਜਨਤਕ 'ਥੂ ਥੂ' ਦੇ ਸ਼ਿਕਾਰ ਨਾ ਹੋਏ ਹੁੰਦੇ ਤਾਂ ਭਾਰਤੀ ਜਨਤਾ ਪਾਰਟੀ ਹਾਲ ਹੀ ਦੀਆਂ ਉਤਰਾਖੰਡ ਚੋਣਾਂ ਤੋਂ ਪਹਿਲਾਂ ਉਨ੍ਹਾਂ ਨੂੰ ਵੀ ਪਾਰਟੀ ਵਿਚ ਸ਼ਾਮਲ ਕਰ ਲੈਂਦੀ। ਪਰ ਪਾਰਟੀ ਨੇ ਉਨ੍ਹਾਂ ਦੇ ਪੁੱਤਰ ਰੋਹਿਤ ਸ਼ੇਖ਼ਰ ਨੂੰ ਹੀ ਪਾਰਟੀ ਵਿਚ ਸ਼ਾਮਲ ਕੀਤਾ ਜੋ ਵਿਧਾਨ ਸਭਾ ਦੀ ਸੀਟ ਲਈ ਟਿਕਟ ਚਾਹੁੰਦੇ ਸਨ ਤੇ ਨਾਰਾਇਣ ਦੱਤ ਤਿਵਾੜੀ ਤੋਂ ਚੋਣਾਂ ਵਿਚ ਸਹਿਯੋਗ ਦਾ ਭਰੋਸਾ ਲੈ ਕੇ ਉਨ੍ਹਾਂ ਨੂੰ ਬੇਰੰਗ ਹੀ ਵਿਦਾ ਕਰ ਦਿੱਤਾ। ਹੁਣ ਕਰੀਬ 91 ਸਾਲ ਦਾ ਆਦਮੀ, ਜੋ ਉਂਜ ਵੀ ਪਿਛਲੇ ਦਿਨੀਂ ਹਸਪਤਾਲ ਰਹਿ ਕੇ ਪਰਤਿਆ ਸੀ, ਚੋਣਾਂ ਵਿਚ ਕਿਸ ਕੰਮ ਦਾ ਸੀ। ਹਰੀਸ਼ ਰਾਵਤ ਸਰਕਾਰ ਦੇ ਕਈ ਸੀਨੀਅਰ ਮੰਤਰੀ ਉਂਜ ਵੀ ਥੋਕ ਦੇ ਭਾਅ ਨਾਲ ਪਾਲਾ ਬਦਲ ਕੇ ਭਾਜਪਾ ਵਿਚ ਸ਼ਾਮਲ ਹੋ ਗਏ ਅਤੇ ਤਿਵਾੜੀ ਦੀ ਪ੍ਰਸੰਗਿਕਤਾ ਕਿਸੇ ਕੰਮ ਦੀ ਨਹੀਂ ਰਹੀ ਪਰ ਐਸ.ਐਮ. ਕ੍ਰਿਸ਼ਨਾ ਦੀ ਪ੍ਰਸੰਗਿਕਤਾ ਹੈ।

ਉਨ੍ਹਾਂ ਦੀ ਸਿਆਸੀ ਦਿਖ ਕਾਫ਼ੀ ਹੱਦ ਤਕ ਸਾਫ਼-ਸੁਥਰੀ ਹੈ। ਉਹ ਵੋਕਾਕਲਿਗਾ ਭਾਈਚਾਰੇ ਤੋਂ ਆਉਂਦੇ ਹਨ, ਜਿਸ ਦੀ ਕਰਨਾਟਕ ਵਿਚ ਆਬਾਦੀ ਕਰੀਬ 13 ਫ਼ੀਸਦੀ ਹੈ। ਅਗਲੇ ਸਾਲ ਕਰਨਾਟਕ ਵਿਧਾਨ ਸਭਾ ਦੀਆਂ ਚੋਣਾਂ ਹੋਣੀਆਂ ਹਨ ਤੇ 2013 ਵਿਚ ਕਰਨਾਟਕ ਦੀ ਸੱਤਾ ਗਵਾਉਣ ਵਾਲੀ ਭਾਜਪਾ 2018 ਵਿਚ ਉਸ ਨੂੰ ਵਾਪਸ ਹਥਿਆਉਣਾ ਚਾਹੁੰਦੀ ਹੈ। ਮੁਸ਼ਕਲ ਇਹ ਹੈ ਕਿ ਭਾਜਪਾ ਦੇ ਸਾਬਕਾ ਮੁੱਖ ਮੰਤਰੀ ਬੀ.ਐਸ. ਯੇਦੀਯੁਰੱਪਾ ਦੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਬਰੀ ਹੋਣ ਮਗਰੋਂ ਪਾਰਟੀ ਵਿਚ ਮੁੜ ਧਾਕ ਪੈ ਗਈ ਹੈ ਪਰ ਲਿੰਗਾਇਤ ਭਾਈਚਾਰੇ ਦੇ ਭਾਰੀ ਸਮਰਥਨ ਦੇ ਬਾਵਜੂਦ ਚੋਣ ਜਿੱਤਾਂ ਲਈ ਉਸ ਨੂੰ ਦੂਸਰੇ ਪ੍ਰਭਾਵਸ਼ਾਲੀ ਭਾਈਚਾਰੇ ਵੋਕਾਕਲਿਗਾ ਦੇ ਸਮਰਥਨ ਦੀ ਵੀ ਸਖ਼ਤ ਜ਼ਰੂਰਤ ਹੈ।

ਇਸ ਸਮਰਥਨ ਨੂੰ ਦਿਵਾਉਣ ਦੀ ਕੋਸ਼ਿਸ਼ ਬਦਲੇ ਐਸ.ਐਮ. ਕ੍ਰਿਸ਼ਨਾ ਨੂੰ ਕੀ ਹਾਸਲ ਹੋਵੇਗਾ, ਇਹ ਤਾਂ ਸਮਾਂ ਹੀ ਦੱਸੇਗਾ। ਪਰ ਏਨਾ ਤਾਂ ਸਾਫ਼ ਹੈ ਕਿ ਜਿਸ ਕਾਂਗਰਸ ਨੇ ਉਨ੍ਹਾਂ ਨੂੰ ਮੁੱਖ ਮੰਤਰੀ, ਰਾਜਪਾਲ ਤੇ ਵਿਦੇਸ਼ ਮੰਤਰੀ ਵਰਗੇ ਅਹੁਦੇ ਦਿੱਤੇ, ਉਸ ਵਿਚ ਉਨ੍ਹਾਂ ਦੀ ਕੋਈ ਪੁਛ ਨਹੀਂ ਰਹਿ ਗਈ ਸੀ। ਸਰਗਰਮ ਸਿਆਸਤ ਅਜਿਹੀ ਚੀਜ਼ ਹੈ, ਜੋ ਮੁਰਦਾ ਸਰੀਰ ਵਿਚ ਵੀ ਜਾਨ ਪਾ ਦਿੰਦੀ ਹੈ। ਇਹੀ ਕਾਰਨ ਹੈ ਕਿ ਜਿੱਥੇ ਕਰੀਬ 84 ਸਾਲਾ ਐਸ.ਐਮ. ਕ੍ਰਿਸ਼ਨਾ ਦੇ ਪਾਰਟੀ ਵਿਚ ਸ਼ਾਮਲ ਹੋਣ 'ਤੇ ਭਾਜਪਾ ਆਪਣਾ ਹੌਸਲਾ ਵਧਾਉਣ ਦਾ ਦਾਅਵਾ ਕਰ ਰਹੀ ਹੈ, ਉਥੇ ਐਸ. ਐਮ. ਕ੍ਰਿਸ਼ਨਾ ਨੂੰ ਲੱਗ ਰਿਹਾ ਹੋਵੇਗਾ ਕਿ ਹਾਲੇ ਮੈਂ ਨਿਸ਼ਾਨੇ ਤੋਂ ਖੁੰਝਿਆ ਨਹੀਂ ਤੇ ਹੋ ਸਕਦਾ ਹੈ ਕਿ ਕੋਈ ਸਿਮ-ਸਿਮ ਦਰਵਾਜ਼ਾ ਖੁੱਲ੍ਹ ਜਾਵੇ।

ਉਧਰ ਕਾਂਗਰਸ ਏਨੀ ਵਾਰ ਬਿਖਰੀ ਤੇ ਟੁੱਟੀ ਹੈ ਕਿ ਉਸ ਦਾ ਹੋਣਾ ਹੀ ਆਪਣੇ ਆਪ ਵਿਚ ਕਿਸੇ ਹੈਰਾਨੀ ਤੋਂ ਘੱਟ ਨਹੀਂ ਹੈ। 1967 ਵਿਚ ਰਾਮ ਮਨੋਹਰ ਲੋਹੀਆ ਦੇ ਗੈਰ ਕਾਂਗਰਸਵਾਦ



ਦੇ ਨਾਅਰੇ ਦੇ ਸਿੱਟੇ ਵਜੋਂ ਕਈ ਸੂਬਿਆਂ ਵਿਚ ਸਾਂਝੀਆਂ ਸਰਕਾਰਾਂ ਬਣੀਆਂ। ਬਾਅਦ ਵਿਚ ਕਾਂਗਰਸ ਦੇ ਵੀ ਇੰਡੀਕੇਟ-ਸਿੰਡੀਕੇਟ ਵਿਚ ਟੁਕੜੇ ਹੋ ਗਏ। ਪਰ ਆਪਣੇ ਸਾਹਸ, ਕਲਪਨਾਸ਼ੀਲਤਾ ਤੇ ਸਮਾਜਵਾਦੀ ਨਾਅਰਿਆਂ ਨਾਲ ਇੰਦਰਾ ਗਾਂਧੀ ਨੇ ਕਾਂਗਰਸ ਨੂੰ ਫੇਰ ਤੋਂ ਨਵਾਂ ਕਰਨਾ ਸ਼ੁਰੂ ਕਰ ਦਿੱਤਾ। ਇੰਦਰਾ ਗਾਂਧੀ ਨੇ ਮਜ਼ਬੂਤ ਸੂਬਾਈ ਆਗੂਆਂ ਨੂੰ ਉਭਰਨ ਨਹੀਂ ਦਿੱਤਾ ਅਤੇ ਸੱਤਾ ਨੂੰ ਕਾਫ਼ੀ ਹੱਦ ਤਕ ਕੇਂਦਰ ਵਿਚ ਰੱਖਿਆ। ਹੌਲੀ ਹੌਲੀ ਕਾਂਗਰਸ ਨਹਿਰੂ-ਗਾਂਧੀ ਪਰਿਵਾਰ ਦੀ ਬਣ ਗਈ। ਨਹਿਰੂ-ਗਾਂਧੀ ਪਰਿਵਾਰ ਦੀ ਅਗਵਾਈ ਹੀ ਉਹ ਗੰਢ ਸਿੱਧ ਹੋਈ ਜੋ ਕਾਂਗਰਸੀਆਂ ਨੂੰ ਆਪਸ ਵਿਚ ਜੋੜ ਕੇ ਰੱਖਦੀ ਹੈ। ਰਾਜੀਵ ਗਾਂਧੀ ਦੇ ਜ਼ਮਾਨੇ ਤਕ ਇਹ ਪੈਟਰਨ ਕਰੀਬ ਕਰੀਬ ਸੁਰੱਖਿਅਤ ਢੰਗ ਨਾਲ ਚਲਦਾ ਰਿਹਾ। ਪ੍ਰਧਾਨ ਮੰਤਰੀ ਨਰਸਿਮਹਾ ਰਾਓ ਤੋਂ ਕੋਈ ਖ਼ਤਰਾ ਨਾ ਮੰਨ ਕੇ 10 ਜਨਪਥ ਨੇ ਉਨ੍ਹਾਂ ਨੂੰ ਸੱਤਾ ਸੌਂਪੀ ਸੀ ਪਰ ਉਹ ਉਸਤਾਦਾਂ ਦੇ ਵੀ ਉਸਤਾਦ ਸਿੱਧ ਹੋਏ ਤੇ ਅਰਜੁਨ ਸਿੰਘ ਤੇ ਨਾਰਾਇਣ ਦੱਤ ਤਿਵਾੜੀ ਦੀ ਸਾਂਝੀ ਅਗਵਾਈ ਵਿਚ ਕਾਂਗਰਸ ਫੇਰ ਤੋਂ ਟੁੱਟ ਗਈ। ਪਰ ਅੱਗੇ ਚੱਲ ਕੇ ਨਹਿਰੂ-ਗਾਂਧੀ ਪਰਿਵਾਰ ਦੀ ਅਗਵਾਈ ਹੇਠ ਉਹ ਫਿਰ ਇਕ ਵਾਰ ਇਕਜੁਟ ਹੋ ਗਈ। ਅਟਲ ਬਿਹਾਰੀ ਵਾਜਪਾਈ ਸਰਕਾਰ ਦੇ ਸਾਧਾਰਨ ਪਰ 'ਚੰਗੇ ਸ਼ਾਸਨ' ਦੇ ਬਾਵਜੂਦ ਉਸ ਨੂੰ 2004 ਵਿਚ ਮੁੜ ਲੋਕਮਤ ਹਾਸਲ ਨਹੀਂ ਹੋਇਆ ਤੇ ਸੋਨੀਆ ਗਾਂਧੀ ਨੇ ਕਰੀਬ ਰਿਮੋਟ ਕੰਟਰੋਲ ਨਾਲ 10 ਸਾਲਾਂ ਤਕ ਮਨਮੋਹਨ ਸਿੰਘ ਸਰਕਾਰ ਚਲਾਈ।

ਇਸ ਨੂੰ ਕਾਂਗਰਸ ਦਾ ਗੁਣ ਕਹੋ ਜਾਂ ਔਗੁਣ,

ਬਾਕੀ ਸਫ਼ਾ 30 'ਤੇ

# 'ਹੁਕਮੋ ਦੀ ਹਵੇਲੀ' ਨਾਟਕ ਦਾ ਫਰਿਜ਼ਨੋ ਵਿਚ ਸਫਲ ਮੰਚਨ

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਪੰਜਾਬ ਲੋਕ ਰੰਗ ਦੇ ਬੈਨਰ ਹੇਠ ਸੁਰਿੰਦਰ ਧਨੋਆ ਤੇ ਪਾਲੀ ਧਨੋਆ ਦੀ ਪੇਸ਼ਕਸ਼ ਪੰਜਾਬੀ ਨਾਟਕ 'ਹੁਕਮੋ ਦੀ ਹਵੇਲੀ' ਲੰਘੇ ਐਤਵਾਰ ਫਰਿਜ਼ਨੋ ਦੇ ਵੈਟਰਨ ਮੈਮੋਰੀਅਲ ਹਾਲ ਵਿੱਚ ਖੇਡਿਆ ਗਿਆ। ਸਬ ਫਾਊਂਡੇਸ਼ਨ ਦੇ ਡਾ. ਹਰਮੇਸ਼ ਕੁਮਾਰ ਅਤੇ ਸੋਨੀਆ ਹੀਰ ਦੇ ਉੱਦਮ ਸਦਕਾ ਇਹ ਨਾਟਕ ਫਰਿਜ਼ਨੋ ਵਿਖੇ ਅਮਿੱਟ ਛਾਪ ਛੱਡ ਗਿਆ। ਸੁਰਿੰਦਰ ਧਨੋਆ ਦਾ ਲਿਖੇ ਤੇ ਨਿਰਦੇਸ਼ਤ ਇਸ ਨਾਟਕ ਨੂੰ ਦਰਸ਼ਕਾਂ ਨੇ ਖੂਬ ਦਾਦ ਦਿੱਤੀ। ਇਸ ਨਾਟਕ ਵਿੱਚ 18 ਸਥਾਨਕ ਕਲਾਕਾਰਾਂ ਨੇ ਭਾਗ ਲਿਆ। ਇਸ ਨਾਟਕ ਵਿੱਚ ਪੁਰਾਤਨ ਸਭਿਆਚਾਰ ਅਤੇ ਵਿਰਸੇ ਨੂੰ ਹਵੇਲੀ ਦੇ ਰੂਪ ਵਿੱਚ ਵਿਖਾਇਆ ਗਿਆ। ਇਸ ਮੌਕੇ ਪਿਛਲੇ ਦਿਨੀਂ ਫਰਿਜ਼ਨੋ ਦੇ ਟਰੱਕ ਡਰਾਈਵਰ ਗੁਰਦੀਪ ਸਿੰਘ ਵਿਰਕ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਤੇ ਸੁਰਿੰਦਰ ਸਿੰਘ ਧਨੋਆ ਨੇ ਦੁਖੀ ਪਰਿਵਾਰ ਨੂੰ ਪੰਜ ਸੌ ਡਾਲਰ ਦਾ ਚੈੱਕ ਵੀ ਭੇਟ ਕੀਤਾ। ਇਸ ਮੌਕੇ ਮਰਹੂਮ ਗੁਰਦੀਪ ਸਿੰਘ ਦੇ ਦੋਸਤ ਦਰਸ਼ਨ ਸਿੰਘ ਨੇ ਚੈੱਕ ਹਾਸਲ ਕੀਤਾ ਤੇ ਨਾਟਕ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ।



## ਵੈਸਟਨ ਵਿਚ ਘਰੇਲੂ ਝਗੜੇ ਕਾਰਨ ਗੋਲੀਬਾਰੀ ਦੌਰਾਨ ਪੁਲੀਸ ਅਫ਼ਸਰ ਸਣੇ ਚਾਰ ਹਲਾਕ

**ਵੈਸਟਨ/ਬਿਊਰੋ ਨਿਊਜ਼ :** ਵਿਸਕਾਨਸਨ ਸੂਬੇ ਦੇ ਵੈਸਟਨ ਸ਼ਹਿਰ ਵਿੱਚ ਘਰੇਲੂ ਵਿਵਾਦ ਦੇ ਹਿੰਸਕ ਰੂਪ ਧਾਰ ਲੈਣ ਕਾਰਨ ਤਿੰਨ ਥਾਈਂ ਗੋਲੀਆਂ ਚੱਲਣ ਕਰ ਕੇ ਇਕ ਪੁਲੀਸ ਅਫ਼ਸਰ ਸਮੇਤ ਚਾਰ ਜਾਨਾਂ ਚਲੀਆਂ ਗਈਆਂ। ਇਸ ਸਬੰਧੀ ਇਕ ਮੁਲਜ਼ਮ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਇਹ ਘਟਨਾ ਬੀਤੇ ਦਿਨ ਵਾਪਰੀ ਤੇ ਇਕ ਬੈਂਕ, ਇਕ ਲਾਅ ਫਰਮ ਅਤੇ ਇਕ ਅਪਾਰਟਮੈਂਟ ਵਿੱਚ ਗੋਲੀਆਂ ਚੱਲੀਆਂ। ਪੁਲੀਸ ਦੀ ਵਿਸ਼ੇਸ਼ ਟੀਮ ਅਤੇ ਹਥਿਆਰਬੰਦ ਮੁਲਜ਼ਮ ਕਈ ਘੰਟੇ ਇਕ ਦੂਜੇ ਵਿਰੁੱਧ ਡਟੇ ਰਹੇ। ਅਧਿਕਾਰੀਆਂ ਨੇ ਮ੍ਰਿਤਕਾਂ ਜਾਂ ਮਸ਼ਕੂਕਾਂ ਬਾਰੇ ਹੋਰ ਜਾਣਕਾਰੀ ਦੇਣ ਤੋਂ ਨਾਂਹ ਕਰ ਦਿੱਤੀ। ਕ੍ਰਿਮਿਨਲ ਜਾਂਚ ਡਿਵੀਜ਼ਨ ਦੇ ਅਧਿਕਾਰੀ ਜੇਸਨ ਸਮਿਥ ਨੇ ਦੱਸਿਆ ਕਿ ਪੁਲੀਸ ਵੱਲੋਂ ਜਾਂਚ ਪਿੱਛੋਂ ਵੇਰਵੇ ਜਾਰੀ ਕੀਤੇ ਜਾਣਗੇ।

## ਬਾਦਲ ਪਰਿਵਾਰ ਦੀ ਸੇਵਾ ਵਿਚ ਸੜਕਾਂ 'ਤੇ ਹਾਜ਼ਰ ਰਹੇਗੀ ਪੁਲੀਸ

**ਬਠਿੰਡਾ/ਬਿਊਰੋ ਨਿਊਜ਼ :** ਸੱਤਾ ਬਦਲਣ ਬਾਅਦ ਵੀ ਬਠਿੰਡਾ ਪੁਲੀਸ ਨੂੰ ਬਾਦਲ ਪਰਿਵਾਰ ਦੀ ਸੇਵਾ ਵਿਚ ਸੜਕਾਂ 'ਤੇ ਖੜ੍ਹਨਾ ਪਵੇਗਾ। ਪਰ ਹੁਣ ਬਾਦਲ ਪਰਿਵਾਰ ਦੇ ਗੇੜੇ ਜ਼ਰੂਰ ਘਟ ਜਾਣੇ ਹਨ। ਕੇਂਦਰ ਸਰਕਾਰ ਵੱਲੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਜ਼ੈੱਡ ਪਲੱਸ ਸੁਰੱਖਿਆ ਦਿੱਤੀ ਹੋਈ ਹੈ। ਕੇਂਦਰੀ ਸੁਰੱਖਿਆ ਨੇਮਾਂ ਅਨੁਸਾਰ ਜ਼ੈੱਡ ਪਲੱਸ ਸੁਰੱਖਿਆ ਵਾਲੀਆਂ ਸ਼ਖ਼ਸੀਅਤਾਂ ਲਈ ਦੌਰੇ ਸਮੇਂ ਪੁਲੀਸ ਰੂਟ ਲੱਗੇਗਾ। ਪੰਜਾਬ ਵਿੱਚ 14 ਸ਼ਖ਼ਸੀਅਤਾਂ ਨੂੰ ਜ਼ੈੱਡ ਪਲੱਸ ਸੁਰੱਖਿਆ ਮਿਲੀ ਹੋਈ ਹੈ। ਹਾਲ ਹੀ ਵਿੱਚ ਸਾਬਕਾ ਮੰਤਰੀ ਹਰਮਿੰਦਰ ਸਿੰਘ ਜੱਸੀ ਨੂੰ ਵੀ ਜ਼ੈੱਡ ਪਲੱਸ ਸੁਰੱਖਿਆ ਦਿੱਤੀ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਬਠਿੰਡਾ ਜ਼ਿਲ੍ਹੇ ਦਾ ਦੌਰਾ ਸੀ। ਉਹ ਭੁੱਚੋ, ਰਾਮਪੁਰਾ ਤੇ ਮੌੜ ਹਲਕਿਆਂ ਵਿੱਚ ਗਏ। ਬਠਿੰਡਾ ਪੁਲੀਸ ਨੇ ਸਵੇਰ ਸੱਤ ਵਜੇ ਹੀ ਪਿੰਡ ਬਾਦਲ ਵਿੱਚ ਇੱਕ ਐਸਕਾਰਟ ਤੇ ਪਾਇਲਟ ਗੱਡੀ ਭੇਜ ਦਿੱਤੀ ਸੀ ਜੋ 11 ਵਜੇ ਪਿੰਡ ਬਾਦਲ ਤੋਂ ਰਵਾਨਾ ਹੋ ਕੇ ਪੂਰਾ ਦਿਨ ਸੁਖਬੀਰ ਸਿੰਘ ਬਾਦਲ ਦੇ ਅੱਗੇ ਪਿੱਛੇ ਘੁੰਮਦੀਆਂ ਰਹੀਆਂ। ਬਠਿੰਡਾ-ਬਾਦਲ ਰੋਡ 'ਤੇ ਪੁਲੀਸ ਰੂਟ ਲੱਗਾ ਹੋਇਆ ਸੀ ਅਤੇ ਥਾਂ ਥਾਂ 'ਤੇ ਪੁਲੀਸ ਮੁਲਾਜ਼ਮ ਤਾਇਨਾਤ ਸਨ। ਨੇਹੀਆਂ ਵਾਲਾ ਅਤੇ ਭਾਈਰੂਪਾ ਇਲਾਕੇ ਵਿੱਚ ਪੁਲੀਸ ਰੂਟ ਲਾਇਆ ਹੋਇਆ ਸੀ। ਆਮ ਚਰਚਾ ਇਹੋ ਰਹੀ ਕਿ ਕੈਪਟਨ ਸਰਕਾਰ ਵੱਲੋਂ ਬਾਦਲ ਪਰਿਵਾਰ 'ਤੇ ਹਾਲੇ ਵੀ ਪੂਰੀ ਮਿਹਰ ਰੱਖੀ ਹੋਈ ਹੈ। ਬਠਿੰਡਾ ਪੁਲੀਸ ਦੀਆਂ ਗੱਡੀਆਂ ਸੁਖਬੀਰ ਬਾਦਲ ਨੂੰ ਲੈਣ ਵਾਸਤੇ ਆਪਣੀ ਹੱਦ ਉਲੰਘ ਕੇ ਜ਼ਿਲ੍ਹਾ ਮੁਕਤਸਰ ਵਿੱਚ ਚਲੀਆਂ ਗਈਆਂ। ਪੁਲੀਸ ਸੂਤਰਾਂ ਮੁਤਾਬਕ ਦੌਰਾ ਖ਼ਤਮ ਹੋਣ ਮਗਰੋਂ ਪੁਲੀਸ ਮੁਲਾਜ਼ਮਾਂ ਦੀ ਡਿਊਟੀ ਸਮਾਪਤ ਹੋ ਗਈ ਹੈ। ਪੰਜਾਬ ਸਰਕਾਰ ਨੇ ਅਜੇ ਇਹ ਫੈਸਲਾ ਨਹੀਂ ਕੀਤਾ ਹੈ ਕਿ ਪੁਲੀਸ ਰੂਟ ਜਾਰੀ ਰਹੇਗਾ ਜਾਂ ਇਸ ਨੂੰ ਵੀ ਬੰਦ ਕੀਤਾ ਜਾਵੇਗਾ। ਐਸਐਸਪੀ ਬਠਿੰਡਾ ਸਵੱਪਨ ਸ਼ਰਮਾ ਨੇ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਕੋਲ ਜ਼ੈੱਡ ਪਲੱਸ ਸੁਰੱਖਿਆ ਹੈ, ਜਿਸ ਕਾਰਨ ਸੁਰੱਖਿਆ ਨੇਮਾਂ ਮੁਤਾਬਕ ਪੁਲੀਸ ਰੂਟ ਲਾਇਆ ਗਿਆ ਹੈ। ਬਠਿੰਡਾ ਪੁਲੀਸ ਦੇ ਮੁਲਾਜ਼ਮਾਂ ਦਾ ਕਹਿਣਾ ਸੀ ਕਿ ਪਿਛਲੇ 10 ਵਰ੍ਹਿਆਂ ਦੌਰਾਨ ਉਨ੍ਹਾਂ ਨੂੰ ਠੰਢ ਤੇ ਗਰਮੀ ਵਿੱਚ ਸੜਕਾਂ 'ਤੇ ਖੜ੍ਹਨਾ ਪੈਂਦਾ ਸੀ ਅਤੇ ਹਕੂਮਤ ਬਦਲਣ ਬਾਅਦ ਉਨ੍ਹਾਂ ਨੂੰ ਰਾਹਤ ਮਿਲਣ ਦੀ ਆਸ ਸੀ ਪਰ ਹੁਣ ਇਹੋ ਹੁਕਮ ਹਨ ਕਿ ਬਾਦਲ ਪਰਿਵਾਰ ਲਈ ਪੁਲੀਸ ਰੂਟ ਜਾਰੀ ਰਹੇਗਾ।

## ਲਾਲ ਬੱਤੀਆਂ ਲਹਿ ਜਾਣ ਨਾਲ ਲੋਕਾਂ ਨੂੰ ਕੀ ਲਾਭ ? : ਬਾਦਲ



**ਲੰਬੀ/ਬਿਊਰੋ ਨਿਊਜ਼ :** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਸੂਬੇ ਦੀ ਆਰਥਿਕਤਾ ਬਾਰੇ ਵ੍ਹਾਈਟ ਪੇਪਰ ਜਾਰੀ ਕਰਨ ਦਾ ਸ਼ੋਸ਼ਾ ਛੱਡ ਕੇ ਜਨਤਾ ਨੂੰ ਅਸਲ ਮੁੱਦਿਆਂ ਤੋਂ ਭਟਕਾ ਰਹੀ ਹੈ। ਸ੍ਰੀ ਬਾਦਲ ਨੇ ਲੰਬੀ ਹਲਕੇ ਵਿੱਚ ਦੂਜੇ ਗੇੜ ਦੇ ਧੰਨਵਾਦੀ ਦੌਰੇ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੈਪਟਨ ਸਰਕਾਰ ਪਹਿਲੇ ਹਫ਼ਤੇ ਵਿੱਚ ਅਜਿਹਾ ਕੋਈ ਅਹਿਮ ਵਾਅਦਾ ਨਹੀਂ ਪੁਗਾ ਸਕੀ, ਜਿਹੜੇ ਵਾਅਦਿਆਂ ਨਾਲ ਉਹ ਸੱਤਾ ਵਿੱਚ ਆਈ ਹੈ। ਸ੍ਰੀ ਬਾਦਲ ਨੇ ਦਾਅਵਾ ਕੀਤਾ ਕਿ ਪੰਜਾਬ ਦੀ ਆਰਥਿਕ ਹਾਲਤ ਬਹੁਤ ਚੰਗੀ ਹੈ ਪਰ ਕੈਪਟਨ ਸਰਕਾਰ ਕੁਝ ਨਾ ਕਰਨ ਦੀ ਨੀਅਤ ਕਾਰਨ ਬਹਾਨਿਆਂ 'ਤੇ ਉੱਤਰ ਆਈ ਹੈ। ਕੈਪਟਨ ਸਰਕਾਰ ਵੱਲੋਂ ਲਾਲ ਬੱਤੀ ਕਲਚਰ ਖਤਮ ਬਾਰੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਕੋਈ ਫ਼ਰਕ ਨਹੀਂ ਪੈਂਦਾ, ਗੱਡੀਆਂ 'ਤੇ ਲਾਲ ਬੱਤੀ ਲੱਗੇ ਜਾਂ ਲਹਿ ਜਾਵੇ। ਇਸ ਨਾਲ ਆਮ ਜਨਤਾ ਨੂੰ ਤਾਂ ਕੋਈ ਫਾਇਦਾ ਨਹੀਂ। ਪੰਜਾਬ ਦੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਵੱਲੋਂ ਅਕਾਲੀ ਸਰਕਾਰ ਵੱਲੋਂ ਸੰਗਤ ਦਰਸ਼ਨ ਵਿੱਚ ਫੰਡਾਂ ਦੀ ਕਥਿਤ ਦੁਰਵਰਤੋਂ ਬਾਰੇ ਜਾਂਚ ਸਬੰਧੀ ਦਿੱਤੇ ਬਿਆਨ ਬਾਰੇ ਸ੍ਰੀ ਬਾਦਲ ਨੇ ਕਿਹਾ ਕਿ ਸੰਗਤ ਦਰਸ਼ਨ ਵਿੱਚ ਫੰਡ ਪੂਰੇ ਨਿਯਮਾਂ ਅਤੇ ਡਿਪਟੀ ਕਮਿਸ਼ਨਰਾਂ ਰਾਹੀਂ ਪਾਰਦਰਸ਼ੀ ਢੰਗ ਨਾਲ ਵੰਡੇ ਗਏ ਸਨ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਵਿਰੋਧੀਆਂ ਨੇ ਅਕਾਲੀ ਸਰਕਾਰ ਦੇ ਸੰਗਤ ਦਰਸ਼ਨ ਦੇ ਫੰਡਾਂ ਬਾਰੇ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ ਪਰ ਅਦਾਲਤ ਨੇ ਸੰਗਤ ਦਰਸ਼ਨ ਖ਼ਿਲਾਫ਼ ਦਲੀਲਾਂ ਨੂੰ ਖ਼ਾਰਜ ਕਰ ਦਿੱਤਾ। ਉਨ੍ਹਾਂ ਕਿਹਾ ਕਿ ਫੰਡਾਂ ਦੀ ਪੜਤਾਲ ਸਰਕਾਰ ਜੀਅ ਸਦਕੇ ਕਰਵਾਏ।

ਸਾਬਕਾ ਮੁੱਖ ਮੰਤਰੀ ਨੇ ਪਿੰਡ ਭੁੱਲਰਵਾਲਾ, ਕੰਦੂਖੇੜਾ, ਢਾਣੀ ਤੇਲਿਆਂਵਾਲੀ, ਤਰਮਾਲਾ, ਭੀਟੀਵਾਲਾ, ਹਾਕੂਵਾਲਾ, ਫੱਤਾਕੇਰਾ, ਘੁਮਿਆਰਾ, ਲੁਹਾਰਾ ਤੇ ਪਿੰਡ ਕਿੱਲਿਆਂਵਾਲੀ ਵਿੱਚ ਧੰਨਵਾਦੀ ਦੌਰੇ ਮੌਕੇ ਜਲਸਿਆਂ ਨੂੰ ਸੰਬੋਧਨ ਕੀਤਾ। ਇਸ ਮਗਰੋਂ ਸ੍ਰੀ ਬਾਦਲ ਡੱਬਵਾਲੀ ਵਿੱਚ ਭਾਜਪਾ ਆਗੂ ਦੇਵ ਕੁਮਾਰ ਸ਼ਰਮਾ ਦੀ ਮਾਤਾ ਵਾਰਵਤੀ ਦੇਵੀ ਦੇ ਦੇਹਾਂਤ 'ਤੇ ਸੋਗ ਪ੍ਰਗਟਾਉਣ ਲਈ ਉਨ੍ਹਾਂ ਦੀ ਰਿਹਾਇਸ਼ 'ਤੇ ਗਏ। ਉਨ੍ਹਾਂ ਵੇਦ ਰਾਮ ਦਿਆਲ ਸ਼ਰਮਾ ਦੇ ਪਰਿਵਾਰ ਨਾਲ ਪੁਰਾਣੀ ਸਾਂਝ ਨੂੰ ਚੇਤੇ ਕੀਤਾ।

**ਹਾਲੇ ਵੀ ਨਹੀਂ ਰੁਕੀ ਧੜੇਬੰਦੀ :**

ਲੰਬੀ ਹਲਕੇ ਵਿੱਚ ਅਕਾਲੀ ਲੀਡਰਸ਼ਿਪ ਵਿਚਲੀ ਧੜੇਬੰਦੀ ਪਾਰਟੀ ਦਾ ਖਹਿੜਾ ਨਹੀਂ ਛੱਡ ਰਹੀ। ਮੰਡੀ ਕਿੱਲਿਆਂਵਾਲੀ ਵਿੱਚ ਸਾਬਕਾ ਮੁੱਖ ਮੰਤਰੀ ਦਾ ਧੰਨਵਾਦੀ ਦੌਰਾ ਅਕਾਲੀ ਧੜੇਬੰਦੀ ਦੀ ਭੇਟ ਚੜ੍ਹ ਗਿਆ। ਦੋ ਅਕਾਲੀ ਧੜਿਆਂ ਨੇ ਆਪੋ-ਆਪਣੀ ਮਰਜ਼ੀ ਨਾਲ ਰੀਗਲ ਪੈਲੇਸ ਅਤੇ ਵੈਸ਼ਨੂੰ ਮੰਦਰ ਵਿੱਚ ਵੱਖ-ਵੱਖ ਪ੍ਰੋਗਰਾਮ ਰੱਖੇ ਹੋਏ ਸਨ। ਦੋਵੇਂ ਜਗ੍ਹਾ ਵੱਡੀ ਤਾਦਾਦ ਵਿੱਚ ਪੁਲੀਸ ਅਮਲਾ ਵੀ ਤਾਇਨਾਤ ਕੀਤਾ ਹੋਇਆ ਸੀ। ਦੋਵੇਂ ਥਾਵਾਂ 'ਤੇ ਲੋਕਾਂ ਦੇ ਨਾ ਪੁੱਜਣ ਕਰਕੇ ਐਨ ਮੌਕੇ 'ਤੇ ਪ੍ਰੋਗਰਾਮ ਮੁਲਤਵੀ ਕਰ ਦਿੱਤੇ ਗਏ। ਦੱਸਿਆ ਜਾ ਰਿਹਾ ਹੈ ਕਿ ਦੋਵਾਂ ਧੜਿਆਂ ਨੇ ਆਪੋ-ਆਪਣੀ ਪੁਗਾਉਣ ਦੀ ਕੋਸ਼ਿਸ਼ ਕੀਤੀ ਪਰ ਸ੍ਰੀ ਬਾਦਲ ਹਾਲਾਤ ਨੂੰ ਵਾਚਦਿਆਂ ਡੱਬਵਾਲੀ ਨੂੰ ਤੁਰ ਗਏ।

## 46 ਸਾਬਕਾ ਮੰਤਰੀਆਂ-ਵਿਧਾਇਕਾਂ ਦੀ ਸੁਰੱਖਿਆ ਛਤਰੀ ਛਾਂਗੀ

### ਮਲੂਕਾ ਦੇ 25 ਅਤੇ ਤੋਤਾ ਸਿੰਘ ਦੇ 19 ਸੁਰੱਖਿਆ ਮੁਲਾਜ਼ਮ ਹਟਾਏ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਸਰਕਾਰ ਦੇ ਵੀਆਈਪੀ ਕਲਚਰ ਖਤਮ ਕਰਨ ਦੇ ਹੁਕਮਾਂ ਦੀ ਫੁਰਤੀ ਨਾਲ ਪਾਲਣਾ ਕਰਦਿਆਂ ਪੰਜਾਬ ਪੁਲੀਸ ਨੇ 46 ਸਾਬਕਾ ਮੰਤਰੀਆਂ ਸਿਕੰਦਰ ਸਿੰਘ ਮਲੂਕਾ, ਜਨਮੇਜਾ ਸਿੰਘ ਸੇਖੋਂ, ਗੁਲਜ਼ਾਰ ਸਿੰਘ ਰਣੀਕੇ, ਜਥੇਦਾਰ ਤੋਤਾ ਸਿੰਘ, ਚੁੰਨੀ ਲਾਲ ਭਗਤ ਸਮੇਤ ਹੋਰ ਸਾਬਕਾ ਮੰਤਰੀਆਂ, ਸੰਸਦ ਮੈਂਬਰਾਂ, ਵਿਧਾਇਕਾਂ ਅਤੇ ਸਾਬਕਾ ਸਲਾਹਕਾਰਾਂ ਦੀ ਸੁਰੱਖਿਆ ਛਤਰੀ ਛਾਂਗ ਦਿੱਤੀ ਹੈ। ਗੌਰਤਲਬ ਹੈ ਕਿ ਪੰਜਾਬ ਦੀ ਨਵੀਂ ਕਾਂਗਰਸ ਸਰਕਾਰ ਨੇ ਆਪਣੀ ਪਹਿਲੀ ਹੀ ਕੈਬਨਿਟ ਮੀਟਿੰਗ ਦੌਰਾਨ ਸੂਬੇ ਵਿੱਚੋਂ ਵੀਆਈਪੀ ਕਲਚਰ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਸੀ। ਇਸੇ ਤਹਿਤ ਮੁੱਖ ਮੰਤਰੀ, ਮੰਤਰੀਆਂ ਅਤੇ ਅਧਿਕਾਰੀਆਂ ਦੀਆਂ ਗੱਡੀਆਂ ਤੋਂ ਲਾਲ ਬੱਤੀਆਂ ਹਟਾਉਣ ਦਾ ਫੈਸਲਾ ਕੀਤਾ ਗਿਆ, ਜਿਸ ਨੂੰ ਲਾਗੂ ਕਰ ਦਿੱਤਾ ਗਿਆ ਹੈ। ਇਸੇ ਮੀਟਿੰਗ

ਬਾਕੀ ਸਫ਼ਾ 32 'ਤੇ



## ਪਸ਼ੂ ਮੇਲੇ : ਮਲੂਕਾ 'ਤੇ ਅਕਾਲੀ ਆਗੂ ਦੀ ਕੰਪਨੀ ਨੂੰ ਲਾਭ ਪਹੁੰਚਾਉਣ ਦਾ ਦੋਸ਼

### ਨਿੱਜੀ ਠੇਕਿਆਂ ਨੂੰ 4.5 ਕਰੋੜ ਦਾ ਲਾਭ ਦੇਣ ਬਾਰੇ ਹੋਵੇਗੀ ਜਾਂਚ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪਿਛਲੀ ਸਰਕਾਰ ਦੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਬਾਰੇ ਮੰਤਰੀ ਸਿਕੰਦਰ ਸਿੰਘ ਮਲੂਕਾ ਵੱਲੋਂ ਪਸ਼ੂ ਮੇਲਿਆਂ ਬਾਰੇ ਲਿਆ ਫ਼ੈਸਲਾ ਵੀ ਜਾਂਚ ਅਧੀਨ ਆ ਗਿਆ ਹੈ। ਇਸ ਫ਼ੈਸਲੇ ਸਦਕਾ 4.5 ਕਰੋੜ ਦਾ ਲਾਭ ਨਿੱਜੀ ਠੇਕਿਆਂ ਨੂੰ ਮਿਲਿਆ ਸੀ। ਪੰਜਾਬ ਪਸ਼ੂ ਮੇਲੇ (ਰੈਗੂਲੇਸ਼ਨ) ਐਕਟ 1967 ਅਧੀਨ ਪੇਂਡੂ ਵਿਕਾਸ ਵਿਭਾਗ ਨੇ ਰਾਜ ਭਰ ਵਿੱਚ 900 ਤੋਂ ਵੱਧ ਪਸ਼ੂ ਮੇਲੇ ਲਾਉਣੇ ਹੁੰਦੇ ਹਨ। ਠੇਕੇਦਾਰਾਂ ਨੂੰ ਮੰਡੀ ਅੰਦਰ ਪਸ਼ੂਆਂ ਦੀ ਵੇਚ-ਖਰੀਦ ਦਾ 4 ਫ਼ੀਸਦੀ ਮਿਲਦਾ ਹੈ। ਰਾਜ ਭਰ ਵਿੱਚ ਇਨ੍ਹਾਂ ਮੇਲਿਆਂ ਦਾ ਸਾਲਾਨਾ ਠੇਕਾ 51.56 ਕਰੋੜ ਰੁਪਏ ਵਿਚ ਦਿੱਤਾ ਗਿਆ ਸੀ ਜੋ ਇਸ ਸਾਲ 30 ਅਪ੍ਰੈਲ ਨੂੰ ਮੁੱਕਣਾ ਹੈ। ਇਹ ਠੇਕਾ ਭਾਵੇਂ ਰਾਜਪੁਰੇ ਦੀ ਇੱਕ ਫਰਮ ਨੂੰ ਦਿੱਤਾ ਗਿਆ ਸੀ ਪਰ ਪਰਦੇ ਪਿੱਛੇ ਇਹ ਸਾਰਾ ਕਾਰੋਬਾਰ ਮੁਕਤਸਰ ਦੇ ਇੱਕ ਅਕਾਲੀ ਆਗੂ ਦਾ ਦੱਸੀਦਾ ਸੀ। ਨੋਟਬੰਦੀ ਦੌਰਾਨ ਦਸੰਬਰ ਵਿੱਚ ਨਕਦੀ ਨਾ ਹੋਣ ਦੇ ਨਾਮ 'ਤੇ ਮੇਲਾ ਠੇਕੇਦਾਰਾਂ ਨੇ ਵਿਭਾਗ 'ਤੇ ਦਬਾਅ ਪਾਇਆ ਕਿ ਦੋ ਮਹੀਨੇ ਲਈ ਮੇਲੇ ਰੋਕੇ ਜਾਣ ਅਤੇ ਸਰਕਾਰ ਨੇ ਮਹੀਨਾ ਭਰ ਲਈ ਮੇਲੇ ਬੰਦ ਵੀ ਰੱਖੇ। ਇਸ ਦੇ ਨਾਲ ਹੀ ਠੇਕੇਦਾਰਾਂ ਨੂੰ ਬਿਨਾਂ ਕਿਸੇ ਵਸੂਲੀ ਦੇ ਇੱਕ ਮਹੀਨਾ ਹੋਰ ਕੰਮ ਜਾਰੀ ਰੱਖਣ ਦੀ ਆਗਿਆ ਦੇ ਦਿੱਤੀ ਗਈ। ਠੇਕੇਦਾਰਾਂ ਨੂੰ 30 ਅਪ੍ਰੈਲ ਦੀ ਥਾਂ 31 ਮਈ ਤਕ ਕੰਮ ਜਾਰੀ ਰੱਖਣ ਦੀ ਮਨਜ਼ੂਰੀ ਦੇ ਦਿੱਤੀ ਗਈ। ਸੂਤਰਾਂ ਦਾ ਕਹਿਣਾ ਹੈ ਕਿ ਵਿਭਾਗ ਦੇ ਅਫ਼ਸਰਾਂ ਦਾ ਮੰਨਣਾ ਸੀ ਕਿ ਜੇਕਰ ਦਸੰਬਰ ਵਿੱਚ ਪਸ਼ੂਆਂ ਦੀ ਵੇਚ ਖਰੀਦ ਨਹੀਂ ਹੋਵੇਗੀ ਤਾਂ ਸੁਭਾਵਕ ਹੈ ਕਿ ਜਨਵਰੀ ਵਿਚ ਇਹ ਕਾਰੋਬਾਰ ਦੁੱਗਣਾ ਹੋਵੇਗਾ ਪਰ ਇਸ ਦਲੀਲ 'ਤੇ ਕਿਸੇ ਨੇ ਕੰਨ ਨਾ ਧਰਿਆ। ਸੋ ਇੱਕ ਮਹੀਨਾ ਵੱਧ ਸਮਾਂ ਠੇਕਾ ਦੇਣ ਨਾਲ ਖ਼ਜ਼ਾਨੇ ਨੂੰ 4.5 ਕਰੋੜ ਰੁਪਏ ਦਾ ਘਾਟਾ ਪਿਆ। ਪੇਂਡੂ ਵਿਕਾਸ ਤੇ ਪੰਚਾਇਤਾਂ ਬਾਰੇ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਹਾਲ ਹੀ 'ਚ ਇਹ ਮਾਮਲਾ ਉਨ੍ਹਾਂ ਦੇ ਸਾਹਮਣੇ ਲਿਆਂਦਾ ਗਿਆ ਹੈ। ਇਸ ਦੀ ਜਾਂਚ ਕਰ ਕੇ ਜਲਦੀ ਹੀ ਸਹੀ ਕਾਰਵਾਈ ਕੀਤੀ ਜਾਵੇਗੀ। ਸਾਬਕਾ ਪੇਂਡੂ ਵਿਕਾਸ ਤੇ ਪੰਚਾਇਤਾਂ ਬਾਰੇ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਸੇ ਵੀ ਲਾਭ ਦੇਣ ਦੇ ਦੋਸ਼ਾਂ ਤੋਂ ਨਾਂਹ ਕਰਦਿਆਂ ਕਿਹਾ ਕਿ ਇਹ ਫ਼ੈਸਲਾ ਮੰਡੀਆਂ ਵਿੱਚ ਰਿਪੋਰਟਾਂ ਇਕੱਠੀਆਂ ਕਰਨ ਮਗਰੋਂ ਲਿਆ ਗਿਆ ਸੀ। ਉਨ੍ਹਾਂ ਕਿਹਾ ਕਿ ਉਹ ਠੇਕੇਦਾਰਾਂ ਨਾਲ ਅਨਿਆਂ ਨਹੀਂ ਕਰਨਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਵਰਤਮਾਨ ਸਰਕਾਰ ਖ਼ੁਸ਼ੀ-ਖ਼ੁਸ਼ੀ ਇਸ ਦੀ ਜਾਂਚ ਕਰਵਾ ਸਕਦੀ ਹੈ।

## ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਸਬੰਧੀ ਵਿਸ਼ੇਸ਼ ਸਮਾਗਮ ਹੋਣਗੇ

### *ਬੀਬੀ ਬਲਜੀਤ ਕੌਰ ਜੀ ਖਾਲਸਾ ਦਾ ਕੀਰਤਨੀ ਜਥਾ ਅਤੇ ਭਾਈ ਸੁਖਵਿੰਦਰ ਸਿੰਘ ਅੰਮ੍ਰਿਤਸਰ ਵਾਲਿਆਂ ਦਾ ਢਾਡੀ ਜਥਾ ਪਹੁੰਚੇਗਾ*

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੇ ਸਬੰਧ 'ਚ ਵਿਸ਼ੇਸ਼ ਸਮਾਗਮ ਕਰਵਾਏ ਜਾ ਰਹੇ ਹਨ। ਜਿਨ੍ਹਾਂ ਵਿਚ ਵਿਸ਼ੇਸ਼ ਤੌਰ ਤੇ ਕੀਰਤਨ ਜਥੇ, ਢਾਡੀ ਜਥੇ ਪਹੁੰਚ ਰਹੇ ਹਨ। ਪੰਥ ਪ੍ਰਸਿੱਧ ਬੀਬੀ ਬਲਜੀਤ ਕੌਰ ਖਾਲਸਾ ਜੀ ਦਾ ਕੀਰਤਨੀ ਜਥਾ 3 ਅਪ੍ਰੈਲ ਤੋਂ 9 ਅਪ੍ਰੈਲ ਤੱਕ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰੇਗਾ। ਇਨ੍ਹਾਂ ਸਮਾਗਮਾਂ ਵਿਚ ਵਿਸ਼ੇਸ਼ ਤੌਰ ਤੇ ਇੰਡੀਆ ਤੋਂ ਭਾਈ ਸੁਖਵਿੰਦਰ ਸਿੰਘ ਅੰਮ੍ਰਿਤਸਰ ਵਾਲਿਆਂ ਦਾ ਢਾਡੀ ਜਥਾ ਪਹੁੰਚ ਰਿਹਾ ਹੈ। ਉਹ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਗੁਰੂ ਇਤਿਹਾਸ ਤੇ ਸਿੱਖ ਇਤਿਹਾਸ ਸਰਵਣ ਕਰਵਾਉਣਗੇ। ਇਨ੍ਹਾਂ ਤੋਂ ਇਲਾਵਾ ਭਾਈ ਪਰਮਿੰਦਰਜੀਤ ਸਿੰਘ ਕਥਾ ਵਾਚਕ ਤੇ ਭਾਈ ਹਰਜਿੰਦਰ ਸਿੰਘ ਜਲੰਧਰ ਵਾਲਿਆਂ ਦਾ ਕੀਰਤਨੀ ਜਥਾ ਕਥਾ ਤੇ ਕੀਰਤਨ ਰਾਹੀਂ ਹਾਜ਼ਰੀ ਲਗਵਾਉਣਗੇ। ਇਸ ਤੋਂ ਇਲਾਵਾ ਸਕੂਲ ਦੇ ਬੱਚੇ ਕੀਰਤਨ ਕਰਨਗੇ। ਵਿਸ਼ੇਸ਼ ਤੌਰ ਤੇ ਅੰਮ੍ਰਿਤ ਦਾ ਬਾਟਾ ਤਿਆਰ ਹੋਵੇਗਾ। ਜਿਨ੍ਹਾਂ ਸੰਗਤਾਂ ਨੇ ਖੰਡੇ ਬਾਟੇ ਦਾ ਪਾਹੁਲ ਲੈਣੀ ਹੋਵੇ ਉਹ ਗੁਰੂ ਘਰ ਹੈੱਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਜਾਂ ਧਾਰਮਿਕ ਸਕੱਤਰ ਹਰਜੀਤ ਸਿੰਘ ਗਿੱਲ ਨਾਲ ਸੰਪਰਕ ਕਰ ਸਕਦੇ ਹਨ।

ਹਰ ਸਾਲ ਦੀ ਤਰ੍ਹਾਂ ਟਰੱਕਾਂ ਵਾਲੇ ਵੀਰਾਂ ਵੱਲੋਂ ਸ੍ਰੀ ਆਖੰਡ ਪਾਠ ਸਾਹਿਬ ਤੇ ਲੰਗਰਾਂ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਨਿਸ਼ਾਨ ਸਾਹਿਬ ਦੇ ਬਸਤਰ ਵੀ ਬਦਲੇ ਜਾਣਗੇ। ਉਨ੍ਹਾਂ ਦੀ ਸੇਵਾ ਵੀ ਟਰੱਕਾਂ ਵਾਲੇ ਵੀਰ ਹੀ ਕਰਨਗੇ।

ਇਨ੍ਹਾਂ ਸਮਾਗਮਾਂ ਸਬੰਧੀ ਜੇਕਰ ਹੋਰ ਜਾਣਕਾਰੀ ਲੈਣੀ ਹੋਵੇ ਤਾਂ ਆਪ ਗੁਰੂ ਘਰ ਦੇ ਫੋਨ ਨੰਬਰ 847-358-1117, ਹਰਜੀਤ ਸਿੰਘ ਗਿੱਲ 847-833-5340, ਮਹਾਂਬੀਰ ਸਿੰਘ ਬਰਾੜ 630-217-2478 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕੈਨਸਾਸ ਗੋਲੀ ਕਾਂਡ: ਇਆਨ ਗ੍ਰਿਲਟ ਦਾ 'ਏ ਟਰੂ ਅਮਰੀਕਨ ਹੀਰੋ' ਵਜੋਂ ਸਨਮਾਨ

### *ਕੈਨਸਾਸ 'ਚ ਘਰ ਖਰੀਦਣ ਲਈ ਦਿੱਤੇ ਇਕ ਲੱਖ ਡਾਲਰ*

**ਹਿਊਸਟਨ/ਬਿਊਰੋ ਨਿਊਜ਼ :**

ਇੱਥੋਂ ਦੇ ਭਾਰਤੀ-ਅਮਰੀਕੀ ਭਾਈਚਾਰੇ ਨੇ ਪਿਛਲੇ ਮਹੀਨੇ ਕੈਨਸਾਸ ਵਿੱਚ ਹੋਈ ਗੋਲੀਬਾਰੀ ਦੌਰਾਨ ਇੱਕ ਭਾਰਤੀ ਮੂਲ ਦੇ ਨਾਗਰਿਕ ਦਾ ਬਚਾਅ ਕਰਨ ਵਾਲੇ 24 ਸਾਲਾ ਅਮਰੀਕੀ ਨਾਗਰਿਕ ਦਾ 'ਏ ਟਰੂ ਅਮਰੀਕਨ ਹੀਰੋ' ਵਜੋਂ ਸਨਮਾਨ ਕੀਤਾ ਹੈ ਅਤੇ ਕੈਨਸਾਸ ਵਿੱਚ ਘਰ ਖ਼ਰੀਦਣ ਵਿੱਚ ਉਸ ਦੀ ਮਦਦ ਕਰਨ ਲਈ ਇੱਕ ਲੱਖ ਡਾਲਰ ਇਕੱਠੇ ਕੀਤੇ ਗਏ ਹਨ। ਇਸ ਗੋਲੀਬਾਰੀ ਦੌਰਾਨ ਭਾਵੇਂ ਭਾਰਤੀ ਮੂਲ ਦੇ ਨਾਗਰਿਕ ਦੀ ਮੌਤ ਹੋ ਗਈ ਸੀ ਤੇ ਉਸ ਦਾ ਸਾਥੀ ਜ਼ਖ਼ਮੀ ਹੋ ਗਿਆ ਸੀ ਪਰ ਇਆਨ ਗ੍ਰਿਲਟ ਉਨ੍ਹਾਂ ਦਾ ਬਚਾਅ ਕਰਦਿਆਂ ਆਪ ਜ਼ਖ਼ਮੀ ਹੋ ਗਿਆ ਸੀ।

ਇੱਥੇ ਇੰਡੀਆ ਹਾਊਸ ਵਿੱਚ ਭਾਈਚਾਰੇ ਦਾ ਸਾਲਾਨਾ ਸਮਾਗਮ ਹੋਇਆ, ਜਿਸ ਦੌਰਾਨ ਇਆਨ ਗ੍ਰਿਲਟ ਨੂੰ 'ਏ ਟਰੂ ਅਮੈਰੀਕਨ ਹੀਰੋ' ਵਜੋਂ ਸਨਮਾਨਿਤ ਕੀਤਾ ਗਿਆ। ਦੱਸਣਯੋਗ ਹੈ ਕਿ ਪਿਛਲੇ ਮਹੀਨੇ ਕੈਨਸਾਸ ਵਿੱਚ ਇੱਕ ਬਾਰ ਵਿੱਚ ਸੇਵਾਮੁਕਤ ਜਲ ਸੈਨਿਕਾਂ ਵੱਲੋਂ ਗੋਲੀਬਾਰੀ ਦੀ ਘਟਨਾ ਦੌਰਾਨ ਬਚਾਅ ਕਰਨ ਦੀ ਕੋਸ਼ਿਸ਼ ਵਿੱਚ ਇਆਨ ਗ੍ਰਿਲਟ ਜ਼ਖ਼ਮੀ ਹੋ ਗਿਆ ਸੀ। ਗੋਲੀਬਾਰੀ ਵਿੱਚ ਭਾਰਤੀ ਮੂਲ ਦਾ 32 ਸਾਲਾ ਨਾਗਰਿਕ ਸ੍ਰੀਨਿਵਾਸਨ ਕੁਚੀਭੋਤਲਾ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ ਸੀ ਤੇ ਉਸ ਦਾ ਸਾਥੀ ਅਲੋਕ ਮਦਸਾਨੀ ਗੰਭੀਰ ਜ਼ਖ਼ਮੀ ਹੋ ਗਿਆ ਸੀ। ਇੰਡੀਆ ਹਾਊਸ ਹਿਊਸਟਨ ਨੇ ਫੇਸਬੁਕ ਪੇਜ 'ਤੇ ਪੋਸਟ ਕੀਤੇ ਬਿਆਨ ਵਿੱਚ ਕਿਹਾ ਕਿ ਹਿਊਸਟਨ ਵਿੱਚ ਭਾਰਤੀ-ਅਮਰੀਕੀ ਭਾਈਚਾਰੇ ਵੱਲੋਂ ਇੰਡੀਆ ਹਾਊਸ ਵਿੱਚ ਇਆਨ ਗ੍ਰਿਲਟ ਦੇ ਸ਼ਲਾਘਾਯੋਗ ਕਦਮ ਲਈ ਉਸ ਦਾ ਸਨਮਾਨ ਕੀਤਾ ਗਿਆ ਹੈ। ਇਸ ਮੌਕੇ ਪੁਸ਼ਟੀ ਕੀਤੀ ਕਿ ਇਸ ਸਨਮਾਨ ਦੇ ਨਾਲ ਘਰ ਖ਼ਰੀਦਣ ਵਿੱਚ ਉਸ ਦੀ ਮਦਦ ਕਰਨ ਲਈ ਵੀ ਪੈਸੇ ਇਕੱਠੇ ਕੀਤੇ ਗਏ ਹਨ।



ਹਿਊਸਟਨ ਵਿੱਚ ਅਮਰੀਕਾ ਸਥਿਤ ਭਾਰਤੀ ਸਫ਼ੀਰ ਨਵਤੇਜ ਸਰਨਾ ਹੱਥੋਂ ਇੱਕ ਲੱਖ ਡਾਲਰ ਦਾ ਇਨਾਮ ਹਾਸਲ ਕਰਦਾ ਹੋਇਆ ਇਆਨ ਗ੍ਰਿਲਟ।

## ਕੈਪਟਨ ਸਰਕਾਰ ਦੀ ਮੜ੍ਹਕ, ਲੋਕ ਮਸਲਿਆਂ ਦੀ ਰੜਕ

ਖ਼ਿਲਾਫ਼ ਕਾਰਵਾਈ ਕੀਤੀ ਸੀ ਪਰ ਉਨ੍ਹਾਂ ਵਿਚੋਂ ਐਥੇ ਅਜਿਹੇ ਸਨ, ਜੋ ਨਸ਼ਾ ਕਰਦੇ ਸਨ ਨਾ ਕਿ ਨਸ਼ੇ ਦੇ ਕਾਰੋਬਾਰੀ। ਕੈਪਟਨ ਸਰਕਾਰ ਛੋਟੇ-ਮੋਟੇ ਤਸਕਰਾਂ ਨੂੰ ਫੜ ਕੇ, ਵੱਡੇ ਸਿਆਸੀ ਆਗੂਆਂ ਨੂੰ ਪਾਕ ਦਾਮਨ ਕਰ ਰਹੀ ਹੈ। ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਕੈਪਟਨ ਸਰਕਾਰ ਨੇ ਹਰ ਘਰ ਵਿਚ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ। ਇਸੇ ਮਕਸਦ ਤਹਿਤ ਉਸ ਨੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਹਿਤ ਟੈਕਸੀਆਂ, ਟਰੈਕਟਰ ਤੇ ਖੇਤੀ ਸੰਦ ਦੇਣ ਅਤੇ ਦੋ ਜਾਂ ਜ਼ਿਆਦਾ ਨੌਜਵਾਨਾਂ ਦੇ ਗਰੁੱਪ ਨੂੰ ਲਘੂ ਉਦਯੋਗ ਸਥਾਪਤ ਕਰਨ ਲਈ ਕਰਜ਼ੇ ਦਿੱਤੇ ਜਾਣਗੇ। ਪਹਿਲਾਂ ਕਿਸਾਨ ਕਰਜ਼ਈ ਸੀ, ਉਹ ਨੌਜਵਾਨ ਕਰਜ਼ਈ ਹੋਣਗੇ। ਕਰਜ਼ਾ ਨਾ ਮੋੜਨ ਦੀ ਸੂਰਤ ਵਿਚ ਕੀ ਹੋਵੇਗਾ, ਹਾਲੇ ਅਜਿਹਾ ਕੋਈ ਸੁਝਾਅ ਨਹੀਂ ਦਿੱਤਾ ਗਿਆ। ਕੰਮ ਦੀ ਗਾਰੰਟੀ ਦਾ ਵੀ ਕੋਈ ਜਵਾਬ ਨਹੀਂ।

ਕਿਸਾਨਾਂ ਦੀ ਸਮੱਸਿਆ ਦੂਰ ਕਰਦਿਆਂ ਭਾਵੇਂ ਕੈਪਟਨ ਸਰਕਾਰ ਨੇ ਜ਼ਮੀਨ ਦੀ ਕੁਰਕੀ ਰੋਕਣ ਲਈ ਪੰਜਾਬ ਰਾਜ ਕੋਆਪਰੇਟਿਵ ਸੁਸਾਇਟੀਜ਼ ਐਕਟ 1948 ਦੀ ਧਾਰਾ 67 ਏ ਨੂੰ ਖ਼ਤਮ ਕਰਨ ਦਾ ਫੈਸਲਾ ਕੀਤਾ ਹੈ। ਕੋਈ ਕਿਸਾਨ ਕਰਜ਼ਾ ਪੀੜਤ ਹੈ ਤਾਂ ਉਸ ਲਈ ਉਸ ਨੂੰ ਸਰਟੀਫਿਕੇਟ ਲੈਣਾ ਪਏਗਾ। ਰਜਿਸਟਰਾਰ ਜਾਂਚ ਮਗਰੋਂ ਸਰਟੀਫਿਕੇਟ ਜਾਰੀ ਕਰੇਗਾ, ਫੇਰ ਕਿਸਾਨ ਦੀ ਜ਼ਮੀਨ ਕੁਰਕ ਨਹੀਂ ਹੋ ਸਕੇਗੀ। ਪਰ ਕਿਸਾਨਾਂ ਦਾ ਕਰਜ਼ਾ ਸਰਕਾਰ ਕਦੋਂ ਮੁਆਫ਼ ਕਰੇਗੀ, ਇਸ ਦੀ ਕੋਈ ਸਮਾਂ ਸੀਮਾਂ ਤੈਅ ਨਹੀਂ ਕੀਤੀ। ਸਿਰਫ਼ ਏਨਾ ਕਿਹਾ ਹੈ ਕਿ ਕਰਜ਼ਾ ਖ਼ਤਮ ਕਰਨ ਦੇ ਵਿਤੀ ਸਰੋਤ ਪਤਾ ਲਾਉਣ ਲਈ ਕੋਰ ਗਰੁੱਪ ਦਾ ਗਠਨ ਕੀਤਾ ਜਾਵੇਗਾ।

### ਨਵੇਂ ਲੋਕਪਾਲ 'ਚ ਮੁੱਖ ਮੰਤਰੀ 'ਤੇ ਵੀ ਚਲਾਇਆ ਜਾ ਸਕੇਗਾ ਕੇਸ :

ਕੈਪਟਨ ਸਰਕਾਰ ਨੇ ਭ੍ਰਿਸ਼ਟਾਚਾਰ 'ਤੇ ਲਗਾਮ ਲਾਉਣ ਲਈ ਮੌਜੂਦਾ ਲੋਕਪਾਲ ਨੂੰ ਰੱਦ ਕਰਨ ਦਾ ਫੈਸਲਾ ਕੀਤਾ ਹੈ। ਇਸ ਦੀ ਥਾਂ ਨਵਾਂ ਲੋਕਪਾਲ ਕਾਨੂੰਨ ਲਿਆਂਦਾ ਜਾਵੇਗਾ ਜਿਸ ਵਿਚ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸਰਕਾਰੀ ਕਰਮਚਾਰੀ ਵੀ ਸ਼ਾਮਲ ਕੀਤੇ ਜਾਣਗੇ। ਇਹੀ ਨਹੀਂ, ਸਾਰੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ ਹਰ ਸਾਲ ਪਹਿਲੀ ਜਨਵਰੀ ਨੂੰ ਆਪਣੀ ਅਚਲ ਸੰਪਤੀਆਂ ਦੀ ਰਿਟਰਨ ਫਾਈਲ ਕਰਨੀ ਹੋਵੇਗੀ। ਸਾਲ 2017-18 ਲਈ ਉਨ੍ਹਾਂ ਨੂੰ ਇਹ ਐਲਾਨ ਪਹਿਲੀ ਜੁਲਾਈ ਤਕ ਕਰਨਾ ਪਏਗਾ। ਇਸ ਤੋਂ ਇਲਾਵਾ ਵਿਧਾਇਕ, ਮੰਤਰੀ ਅਜਿਹੇ ਕਾਰੋਬਾਰ ਨਾ ਕਰ ਸਕਣ ਜੋ ਸਿੱਧੇ ਰੂਪ ਵਿਚ ਉਨ੍ਹਾਂ ਨੂੰ ਲਾਭ ਪਹੁੰਚਾਉਣ ਵਾਲੇ ਹਨ, ਇਸ ਲਈ ਸਰਕਾਰ ਨੇ 'ਦ ਕਨਫਲਿਕਟ ਇੰਟਰਸਟ ਐਕਟ' ਲਿਆਉਣ ਜਾ ਰਹੀ ਹੈ। ਇਸੇ ਸੰਦਰਭ ਵਿਚ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵਲੋਂ ਕਾਮੇਡੀ ਸ਼ੋਅ ਕਰਨ ਦੇ ਸਵਾਲ 'ਤੇ ਵਿਤ ਮੰਤਰੀ ਮਨਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਨਵਜੋਤ ਸਿੱਧੂ ਸਥਾਨਕ ਸਰਕਾਰਾਂ ਦੇ ਮੰਤਰੀ ਹਨ ਤੇ ਉਹ ਸਿੱਧੇ-ਅਸਿੱਧੇ ਰੂਪ ਵਿਚ ਕਾਰੋਬਾਰ ਨਹੀਂ ਕਰ ਰਹੇ ਪਰ ਫਿਰ ਵੀ ਕਾਨੂੰਨ ਬਣਨ ਮਗਰੋਂ ਵੇਖਿਆ ਜਾਵੇਗਾ। ਸੋ, ਕੈਪਟਨ ਸਰਕਾਰ ਦੀ 'ਮੜ੍ਹਕ' ਅੱਗੇ ਲੋਕ ਮਸਲਿਆਂ ਦੀ ਰੜਕ ਤੇ ਪਾਰਦਰਸ਼ਤਾ ਕਿੰਨੀ ਰਹੇਗੀ, ਇਹ ਤਾਂ ਸਥਿਤੀਆਂ ਦੇ ਆਰ-ਪਾਰ ਜਾ ਕੇ ਪਤਾ ਲੱਗੇਗਾ।

## ਲਾਲ ਬੱਤੀ ਮਾਮਲੇ 'ਤੇ ਫਜੀਹਤ ਮਗਰੋਂ ਕੈਪਟਨ ਸਰਕਾਰ ਨੇ ਪਰਤਿਆ ਫ਼ੈਸਲਾ

ਮੰਗਲਵਾਰ ਨੂੰ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਵਿੱਚ ਮੁੱਖ ਮੰਤਰੀ ਤੇ ਮੰਤਰੀਆਂ ਨੂੰ ਲਾਲ ਬੱਤੀ ਲਾਉਣ ਦੀ ਖੁੱਲ੍ਹ ਦਿੱਤੀ ਗਈ। ਇਸ ਨੋਟੀਫਿਕੇਸ਼ਨ ਜਾਰੀ ਹੋਣ ਨਾਲ ਭੰਬਲਭੂਸਾ ਪੈਦਾ ਹੋ ਗਿਆ। ਸੋਸ਼ਲ ਮੀਡੀਆ 'ਤੇ ਪਏ ਰੌਲੇ ਤੋਂ ਬਾਅਦ ਟਰਾਂਸਪੋਰਟ ਵਿਭਾਗ ਨੇ ਸਵੇਰੇ ਜਾਰੀ ਕੀਤਾ ਨੋਟੀਫਿਕੇਸ਼ਨ ਵਾਪਸ ਲੈ ਲਿਆ ਹੈ, ਪਰ ਸ਼ਾਮ ਵੇਲੇ ਮੁੱਖ ਮੰਤਰੀ ਨੇ ਮੁੱਖ ਸਕੱਤਰ ਨੂੰ ਹਦਾਇਤ ਕੀਤੀ ਕਿ ਨੋਟੀਫਿਕੇਸ਼ਨ ਵਿੱਚ ਫੌਰੀ ਸੋਧ ਕੀਤੀ ਜਾਵੇ ਤੇ ਮੁੜ ਨੋਟੀਫਿਕੇਸ਼ਨ ਜਾਰੀ ਕਰਨ ਲਈ ਪ੍ਰਵਾਨਗੀ ਵਾਸਤੇ ਉਨ੍ਹਾਂ ਕੋਲ ਭੇਜਿਆ ਜਾਵੇ।

ਟੌਹੜਾ ਦੀ ਬਰਸੀ ਮਨਾਉਣ ਦਾ ਫ਼ੈਸਲਾ :

ਪੰਜਾਬ ਸਰਕਾਰ ਨੇ ਪੰਥਕ ਆਗੂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਰਹੂਮ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ 13ਵੀਂ ਬਰਸੀ ਮੌਕੇ ਉਨ੍ਹਾਂ ਦੇ ਜੱਦੀ ਪਿੰਡ ਟੌਹੜਾ ਵਿੱਚ ਪਹਿਲੀ ਅਪ੍ਰੈਲ ਨੂੰ ਰਾਜ ਪੱਧਰੀ ਸਮਾਰੋਹ ਕਰਨ ਦਾ ਫ਼ੈਸਲਾ ਕੀਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਮਾਰੋਹ ਲਈ ਸਾਰੇ ਜ਼ਰੂਰੀ ਪ੍ਰਬੰਧ ਕਰਨ ਦੇ ਹੁਕਮ ਦਿੱਤੇ ਹਨ। ਨਿਰਧਾਰਤ ਰੁਝੇਵਿਆਂ ਕਾਰਨ ਮੁੱਖ ਮੰਤਰੀ ਭਾਵੇਂ ਸਮਾਰੋਹ ਵਿੱਚ ਸ਼ਾਮਲ ਨਹੀਂ ਹੋਣਗੇ, ਉਨ੍ਹਾਂ ਦੀ ਥਾਂ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਜ਼ਿੰਮੇਵਾਰੀ ਲਾਈ ਗਈ ਹੈ। ਰਾਜ ਪੱਧਰੀ ਸਮਾਰੋਹ ਲਈ ਮੁੱਖ ਮੰਤਰੀ ਨੇ ਪ੍ਰਵਾਨਗੀ ਦਿੰਦਿਆਂ ਕਿਹਾ ਕਿ ਇਸ ਮਹਾਨ ਸਿੱਖ ਆਗੂ ਨੂੰ ਜਨਤਕ ਜੀਵਨ ਵਿੱਚ ਕਦਰਾਂ ਕੀਮਤਾਂ 'ਤੇ ਆਧਾਰਤ ਸਿਆਸਤ ਦਾ ਪਾਸਾਰ ਕਰਨ ਲਈ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਮੁੱਖ ਸੰਸਦੀ ਸਕੱਤਰਾਂ ਬਾਰੇ ਫੈਸਲਾ ਟਲਿਆ :

ਮੁੱਖ ਸੰਸਦੀ ਸਕੱਤਰ ਲਾਉਣ ਦਾ ਮਾਮਲਾ ਅਗਲੇ ਵਿਧਾਨ ਸਭਾ ਸੈਸ਼ਨ ਤਕ ਟਲ ਗਿਆ ਹੈ ਕਿਉਂਕਿ ਪੰਜਾਬ ਸਰਕਾਰ ਵੱਲੋਂ ਸੰਸਦੀ ਸਕੱਤਰ ਲਾਉਣ ਲਈ ਕਾਨੂੰਨੀ ਸਲਾਹ ਲਈ ਜਾ ਰਹੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਸੰਸਦੀ ਸਕੱਤਰ ਲਾਉਣ ਲਈ ਬਿੱਲ ਲਿਆਉਣ ਬਾਰੇ ਕਿਹਾ ਕਿ ਰਾਜ ਸਰਕਾਰ ਇਸ ਬਾਰੇ ਕਾਨੂੰਨੀ ਰਾਏ ਲੈ ਰਹੀ ਹੈ ਤੇ ਜਿਹੜੇ ਨੁਕਤਿਆਂ ਅਤੇ ਪਹਿਲੂਆਂ ਨੂੰ ਦੂਰ ਕਰਨ ਦੀ ਲੋੜ ਹੈ, ਉਨ੍ਹਾਂ ਨੂੰ ਪਹਿਲਾਂ ਦੂਰ ਕੀਤਾ ਜਾਵੇਗਾ। ਉਸ ਤੋਂ ਬਾਅਦ ਬਿੱਲ ਅਗਲੇ ਸੈਸ਼ਨ ਵਿੱਚ ਲਿਆਂਦਾ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਵੱਲੋਂ ਮੁੱਖ ਸੰਸਦੀ ਸਕੱਤਰ ਲਾਉਣ ਦਾ ਵਿਰੋਧ ਕੀਤੇ ਜਾਣ 'ਤੇ ਉਨ੍ਹਾਂ ਕਿਹਾ ਕਿ ਅਕਾਲੀਆਂ ਨੇ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਗਲਤ ਕੀਤੀਆਂ ਸਨ, ਜਿਸ ਕਰ ਕੇ ਅਦਾਲਤ ਨੇ ਨਿਯੁਕਤੀਆਂ ਰੱਦ ਕਰ ਦਿੱਤੀਆਂ ਸਨ। ਇਸ ਬਾਰੇ ਇਕ ਸੀਨੀਅਰ ਮੰਤਰੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਕ ਦਿਨ ਪਹਿਲਾਂ ਵਜ਼ਾਰਤ ਦੀ ਮੀਟਿੰਗ ਵਿੱਚ ਇਸ ਮੁੱਦੇ 'ਤੇ ਵਿਚਾਰ ਨਹੀਂ ਕੀਤਾ ਗਿਆ। ਹਾਲ ਦੀ ਘੜੀ ਸੰਸਦੀ ਸਕੱਤਰਾਂ ਦਾ ਮਾਮਲਾ ਬਜਟ ਸੈਸ਼ਨ ਤਕ ਲਟਕ ਗਿਆ ਹੈ। ਬਜਟ ਸੈਸ਼ਨ ਜੂਨ ਮਹੀਨੇ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਸੱਤਾ ਸੰਭਾਲਣ ਦੇ ਦਸ ਦਿਨਾਂ ਅੰਦਰ ਨਸ਼ਿਆਂ ਨਾਲ ਸਬੰਧਤ ਦੋ ਸੌ ਵਿਅਕਤੀ ਫੜੇ ਜਾ ਚੁੱਕੇ ਹਨ ਤੇ ਵਿਸ਼ੇਸ਼ ਜਾਂਚ ਟੀਮ ਚਾਰ ਹਫ਼ਤਿਆਂ ਅੰਦਰ ਨਸ਼ਿਆਂ ਤੇ ਖਾਸ ਕਰਕੇ ਚਿੱਟੇ ਦਾ ਧੰਦਾ ਕਰਨ ਵਾਲਿਆਂ ਦਾ ਸਫ਼ਾਇਆ ਕਰ ਦੇਵੇਗੀ। ਉਹ ਖ਼ੁਦ ਰੋਜ਼ਾਨਾ ਕਾਰਗੁਜ਼ਾਰੀ ਰਿਪੋਰਟ ਦੇਖ ਰਹੇ ਹਨ।

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦਾ ਸੀਐਮਡੀ ਆਈਏਐਸ ਅਧਿਕਾਰੀ ਨੂੰ ਲਾਉਣ ਬਾਰੇ ਉਨ੍ਹਾਂ ਕਿਹਾ ਕਿ ਕਿਸੇ ਤਕਨੀਕੀ ਮਾਹਰ ਨੂੰ ਪਹਿਲ ਦਿੱਤੀ ਜਾਵੇਗੀ ਪਰ ਹਾਲ ਦੀ ਘੜੀ ਕੰਮ ਕਾਜ ਆਈਏਐੱਸ ਅਧਿਕਾਰੀ ਦੇਖੇਗਾ। ਇਕ ਦਿਨ ਪਹਿਲਾਂ ਵਜ਼ਾਰਤ ਨੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦਾ ਸੀਐਮਡੀ ਲਾਉਣ ਬਾਰੇ ਪਾਸ ਕੀਤੇ ਮਤੇ ਵਿੱਚ ਕਿਹਾ ਸੀ ਕਿ ਇਸ ਅਹੁਦੇ 'ਤੇ ਲਾਈ ਜਾਣ ਵਾਲੀ ਸ਼ਖ਼ਸੀਅਤ ਦੀ ਉਮਰ ਸੱਠ ਸਾਲ ਤੋਂ ਘੱਟ ਹੋਣੀ ਚਾਹੀਦੀ ਹੈ ਤੇ ਇਸ ਅਹੁਦੇ 'ਤੇ ਪ੍ਰਮੁੱਖ ਸਕੱਤਰ ਜਾਂ ਇਸ ਤੋਂ ਉੱਪਰਲੇ ਰੈਂਕ ਦੇ ਆਈਏਐੱਸ ਅਧਿਕਾਰੀ ਜਿਸ ਕੋਲ ਤਕਨੀਕੀ ਮੁਹਾਰਤ ਹੋਵੇਗੀ, ਨੂੰ ਲਾਇਆ ਜਾਵੇਗਾ।

## ਕਾਂਗਰਸ ਦੇ ਹੀ ਨਕਸ਼ੇ-ਕਦਮਾਂ 'ਤੇ ਚੱਲ ਰਹੀ ਹੈ ਮੋਦੀ ਦੀ ਭਾਜਪਾ

ਦੌਰਾਨ ਗੁਜਰਾਤ ਵਿੱਚ ਭਿਆਨਕ ਦੰਗਿਆਂ ਤੋਂ ਬਾਅਦ ਵੀ 2002 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਨੂੰ ਸਮਰਥਨ ਦਿੱਤਾ ਸੀ। ਹੁਣ ਉਸ ਦੇ 'ਫ਼ਿਰਕੂ ਮੋਦੀ' ਆਖਣ ਵਾਲੀ ਗੱਲ ਉੱਤੇ ਵੋਟਰ ਭਰੋਸਾ ਕਿਉਂ ਕਰਨ? ਉਦਾਰਵਾਦੀ ਇਸ ਗੱਲ ਤੋਂ ਵੀ ਡਰੇ ਹੋ ਸਕਦੇ ਹਨ ਕਿ ਪ੍ਰਧਾਨ ਮੰਤਰੀ ਮੋਦੀ, ਵਾਰਾਨਸੀ ਦੇ ਹਰੇਕ ਮੰਦਰ ਵਿੱਚ ਜਾ ਕੇ ਆਏ ਸਨ, ਪਰ ਰਾਹੁਲ ਗਾਂਧੀ, ਅਖਿਲੇਸ਼ ਯਾਦਵ ਤੇ ਸ੍ਰੀਮਤੀ ਡਿੰਪਲ ਯਾਦਵ ਨੂੰ ਸ਼ਾਇਦ ਕਦੇ ਕਿਸੇ ਨੇ ਵੀ 'ਹਿੰਦੂ ਭਾਵਨਾਵਾਂ' ਦਾ ਆਦਰ ਕਰਦਿਆਂ ਇੰਜ ਮੰਦਰ ਜਾਂਦਿਆਂ ਨਹੀਂ ਤੱਕਿਆ।

ਉਂਝ, ਧਰਮ-ਨਿਰਪੱਖਤਾ ਉੱਤੋਂ ਵਿਸ਼ਵਾਸ ਕੁਝ ਚਿਰ ਤੋਂ ਉਠਦਾ ਜਾ ਰਿਹਾ ਹੈ। ਇਹ ਗੱਲ ਥੋੜ੍ਹੀ ਗੰਭੀਰ ਤੇ ਦੁਖਦਾਈ ਵੀ ਹੋ ਸਕਦੀ ਹੈ ਕਿ ਆਜ਼ਾਦੀ ਮਿਲਣ ਦੇ ਮਹਿਜ਼ 10 ਵਰ੍ਹਿਆਂ ਬਾਅਦ ਹੀ ਜਵਾਹਰਲਾਲ ਨਹਿਰੂ ਜਨਤਕ ਤੌਰ ਉੱਤੇ ਇਸ ਗੱਲ ਉੱਤੇ ਅਫ਼ਸੋਸ ਪ੍ਰਗਟ ਕਰਨ ਲੱਗ ਪਏ ਸਨ "ਕਾਂਗਰਸ ਧਰਮ-ਨਿਰਪੱਖ ਸਮਾਜ ਦੀ ਹਾਮੀ ਹੈ, ਪਰ ਇਸ ਦੇ ਕਾਰਕੁਨ ਹੁਣ ਧਰਮ-ਨਿਰਪੱਖਤਾ ਦੇ ਕਾਂਗਰਸੀ ਸਿਧਾਂਤਾਂ ਤੋਂ ਲਾਂਭੇ ਹੋ ਕੇ ਵਧੇਰੇ ਫਿਰਕੂ ਮਾਨਸਿਕਤਾ ਵਾਲੇ ਬਣਦੇ ਜਾ ਰਹੇ ਹਨ।" ਜੀ ਹਾਂ, ਸ੍ਰੀਮਾਨ ਜੀ, ਇਹ ਮਈ 1958 ਦੀ ਗੱਲ ਹੈ।

1958 ਦੇ ਬਾਅਦ ਤੋਂ ਕੇਵਲ ਧਰਮ-ਨਿਰਪੱਖ ਵਿਚਾਰ ਤੇ ਕਦਰਾਂ-ਕੀਮਤਾਂ ਹੀ ਨਹੀਂ ਸਗੋਂ ਨਹਿਰੂ ਯੁੱਗ ਦੀਆਂ ਕੁਲੀਨ ਅੰਤਰ-ਪ੍ਰੇਰਨਾਵਾਂ ਨੂੰ ਉਨ੍ਹਾਂ ਹੀ ਆਗੂਆਂ ਤੇ ਸਮੂਹਾਂ ਨੇ ਭੁਲਾ ਦਿੱਤਾ ਹੈ, ਜਿਹੜੇ ਨਹਿਰੂ ਦੇ ਨਾਂ ਦੀ ਕਸਮ ਖਾਂਦੇ ਅਤੇ ਉਨ੍ਹਾਂ ਦੇ ਆਸਰੇ ਹੀ ਵਧੇ ਫੁੱਲੇ ਸਨ। ਉਦਾਰਵਾਦੀਆਂ ਨੂੰ ਹੁਣ ਇੱਕ ਆਸਾਨ ਜਿਹੇ ਸੁਆਲ ਦਾ ਜੁਆਬ ਲੱਭਣਾ ਹੋਵੇਗਾ: ਕੀ ਧਰਮ-ਨਿਰਪੱਖਤਾ ਅਜਿਹਾ ਮੁੱਦਾ ਹੈ, ਜਿਸ ਲਈ ਲੜਨਾ ਚਾਹੀਦਾ ਹੈ? ਜੇ ਇਸ ਦਾ ਜੁਆਬ ਪੱਕਾ 'ਹਾਂ' ਵਿੱਚ ਹੈ ਤਾਂ ਉਨ੍ਹਾਂ ਨੂੰ ਧਰਮ-ਨਿਰਪੱਖ ਪਾਰਟੀਆਂ ਤੇ ਆਗੂਆਂ ਕੋਲੋਂ ਨਵੀਂ ਸਿਆਸਤ ਦੀ ਮੰਗ ਕਰਨੀ ਚਾਹੀਦੀ ਹੈ। ਬੇਸ਼ੱਕ ਧਰਮ-ਨਿਰਪੱਖਤਾ ਵਧੀਆ ਆਦਰਸ਼ ਹੈ ਅਤੇ ਇਹ ਸਾਡੇ ਸੰਵਿਧਾਨ ਦੇ ਤਾਜ ਵਿੱਚ ਜਮਹੂਰੀ ਤੇ ਬਹੁਲਤਾਵਾਦੀ ਸਮਾਜਿਕ ਵਿਵਸਥਾ ਲਈ ਸਭ ਤੋਂ ਵੱਧ ਚਮਕਦਾਰ ਹੀਰਾ ਹੈ; ਪਰ ਇਸ ਉਦੇਸ਼ ਦੀ ਪ੍ਰਾਪਤੀ ਨੁਕਸਾਨਦੇਹ ਸਿਆਸਤ ਦੇ ਜ਼ਲੀਲ ਆਗੂਆਂ ਵੱਲੋਂ ਨਹੀਂ ਕੀਤੀ ਜਾ ਸਕਦੀ। ਇਹ ਸਮਝਣ ਦੀ ਲੋੜ ਹੈ: 2014 ਵਿੱਚ ਜਿਸ ਸਿਆਸਤ ਦੀ ਸ਼ੁਰੂਆਤ ਹੋਈ ਸੀ, 2017 ਵਿੱਚ ਉਸ ਨੂੰ ਮੁੜ-ਦ੍ਰਿੜਾਇਆ ਗਿਆ ਹੈ। ਪਹਿਲੀ ਵਾਰ ਨਹਿਰੂਵਾਦੀ ਸਫ਼ਾਂ ਦੀ ਹੋਂਦ ਨੂੰ ਹੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਚੁਣੌਤੀ ਦਾ ਸਾਹਮਣਾ ਕੀਤਾ ਜਾ ਸਕਦਾ ਹੈ, ਜੋ ਕਰਨਾ ਵੀ ਚਾਹੀਦਾ ਹੈ - ਪਰ ਅਜਿਹਾ ਨੈਤਿਕ ਤੌਰ ਉੱਤੇ ਸ੍ਰੇਸ਼ਠ ਸਿਆਸਤ ਸਦਕਾ ਹੀ ਸੰਭਵ ਹੋ ਸਕਦਾ ਹੈ।

### ਕੀ ਭਾਜਪਾ ਦਾ 'ਕਾਂਗਰਸੀਕਰਨ' ਹੋ ਰਿਹਾ ਹੈ?

ਉਸ ਨੂੰ ਬੰਨ੍ਹ ਕੇ ਰੱਖਣ ਵਾਲੀ ਰੱਸੀ ਨਹਿਰੂ-ਗਾਂਧੀ ਪਰਿਵਾਰ ਹੀ ਹੈ। ਇਹ ਰੱਸੀ ਆਜ਼ਾਦੀ ਦੇ ਸੰਘਰਸ਼ ਵਿਚ ਨਹਿਰੂ ਪਰਿਵਾਰ ਦੇ ਅਸਾਧਾਰਨ ਯੋਗਦਾਨ, ਨਹਿਰੂ ਦੇ ਭਾਰਤ ਸੁਪਨੇ, ਇੰਦਰਾ ਗਾਂਧੀ ਦੇ ਇਸਪਾਤੀ ਸੰਕਲਪ ਤੇ ਰਾਜੀਵ ਗਾਂਧੀ ਦੀ ਕਲਪਨਾਸ਼ੀਲਤਾ ਦਾ ਸਿੱਟਾ ਹੈ, ਜਿਸ ਨੂੰ ਸੋਨੀਆ ਗਾਂਧੀ ਦੇ ਤਿਆਗ ਨੇ ਕਿਸੇ ਤਰ੍ਹਾਂ ਬਣਾਈ ਰੱਖਿਆ ਹੈ। ਪਰ ਰਾਹੁਲ ਗਾਂਧੀ ਇਸ ਮਾਮਲੇ ਵਿਚ ਕਿਤੇ ਨਹੀਂ ਠਹਿਰਦੇ। ਬਦਕਿਸਮਤੀ ਨਾਲ ਉਨ੍ਹਾਂ ਦੀ ਅਗਵਾਈ ਕਾਂਗਰਸ ਦੇ ਲਗਾਤਾਰ ਨਿਘਾਰ ਦਾ ਕਾਰਨ ਬਣਦੀ ਜਾ ਰਹੀ ਹੈ। ਕਾਂਗਰਸ ਇਸ ਵਾਰ ਗੋਆ ਤੇ ਮਣੀਪੁਰ ਤਕ ਵਿਚ ਜਿੱਤੀ ਬਾਜ਼ੀ ਹਾਰ ਗਈ ਜਦਕਿ ਉਤਰ ਪ੍ਰਦੇਸ਼ ਤੇ ਉਤਰਾਖੰਡ ਵਿਚ ਉਸ ਦਾ ਬੁਰੀ ਤਰ੍ਹਾਂ ਸਫਾਇਆ ਹੋ ਗਿਆ ਹੈ। ਸਿਰਫ਼ ਪੰਜਾਬ ਅਤੇ ਕਰਨਾਟਕ ਨੂੰ ਛੱਡ ਕੇ ਕਿਸੇ ਵੱਡੇ ਸੂਬੇ ਵਿਚ ਉਸ ਦਾ ਵਜੂਦ ਨਹੀਂ ਹੈ। ਇਸ ਲਈ ਕਾਂਗਰਸ ਵਿਚ ਹੋਰ ਵੀ ਟੁੱਟ ਭੱਜ ਹੋਣੀ ਹੈ। ਲੋਕ ਹੋਰ ਵੀ ਹਨ ਜੋ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਵਿਚ ਸ਼ਾਮਲ ਹੋਣਗੇ ਤੇ ਭਾਜਪਾ ਬਹੁਮਤ ਨਾਲ ਚੋਣ ਜਿੱਤਣ ਦੇ ਆਸਾਰ ਦੇ ਆਧਾਰ 'ਤੇ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕਰੇਗੀ। ਪਰ ਕਾਂਗਰਸੀਆਂ ਨੂੰ ਆਪਣੇ ਵਿਚ ਸ਼ਾਮਲ ਕਰਨ ਲਈ ਉਤਾਵਲੀ ਭਾਜਪਾ ਫਿਰ ਚਾਲ, ਚਰਿੱਤਰ ਤੇ ਚਿਹਰੇ ਵਿਚ ਖ਼ੁਦ ਨੂੰ ਦੂਸਰਿਆਂ ਤੋਂ ਵੱਖਰਾ ਕਿਵੇਂ ਸਿੱਧ ਕਰੇਗੀ? ਕੀ ਭਾਜਪਾ ਆਪਣੇ ਕਾਂਗਰੀਕਰਨ ਨੂੰ ਰੋਕਣ ਲਈ ਤਿਆਰ ਨਹੀਂ ਹੈ। ਉਸ ਵਿਚ ਅਤੇ ਕਾਂਗਰਸ ਵਿਚ ਕੱਟੜ ਹਿੰਦੂਤਵ ਤੋਂ ਇਲਾਵਾ ਨੀਤੀਆਂ ਪ੍ਰੋਗਰਾਮਾਂ ਤੇ ਸ਼ੈਲੀ ਵਿਚ ਕਿੱਥੇ ਅੰਤਰ ਹੈ?

ਮੋਦੀ ਅਤੇ ਅਮਿਤ ਸ਼ਾਹ ਦੀ ਜੋੜੀ ਦਾ ਇਕ ਹੀ ਮੰਤਰ ਹੈ ਤੇ ਉਹ ਇਹ ਕਿ ਭਾਵੇਂ ਜਿਵੇਂ ਮਰਜ਼ੀ ਕਰੋ, ਭਾਜਪਾ ਨੂੰ ਅਜਿਹੀ ਮਸ਼ੀਨ ਵਿਚ ਤਬਦੀਲ ਕਰ ਦਿਓ ਕਿ ਦੇਸ਼ ਵਿਚ ਅਤੇ ਹਰ ਸੂਬੇ ਵਿਚ ਉਸ ਦੀ ਸਰਕਾਰ ਬਣੇ। ਕਿਸੇ ਵੀ ਪਾਰਟੀ ਦਾ ਕੋਈ ਵੀ ਅਸੰਤੁਸ਼ਟ ਹੋਵੇ, ਭ੍ਰਿਸ਼ਟ ਹੋਵੇ, ਅਪਰਾਧੀ ਹੋਵੇ, ਜੇਕਰ ਚੋਣ ਜਿੱਤ ਸਕਦਾ ਹੈ ਤਾਂ ਉਸ ਨੂੰ ਤੁਰੰਤ ਪਾਰਟੀ ਵਿਚ ਸ਼ਾਮਲ ਕਰ ਲਓ। ਪਾਰਟੀ ਅੰਦਰ ਵੀ ਕਿਸੇ ਨੂੰ ਅਸਹਿਮਤੀ ਦਾ ਅਧਿਕਾਰ ਨਾ ਹੋਵੇ ਤੇ ਕਿਸੇ ਵੀ ਨੇਤਾ ਦਾ ਕਦ ਜਾਂ ਪ੍ਰਭਾਵ ਅਜਿਹਾ ਨਾ ਹੋਵੇ ਜੋ ਅੱਗੇ ਚੱਲ ਕੇ ਚੁਣੌਤੀ ਬਣ ਜਾਵੇ। ਜ਼ਾਹਰ ਹੈ ਕਿ ਇਨ੍ਹਾਂ ਔਗੁਣਾਂ ਕਾਰਨ ਕਾਂਗਰਸ ਦਾ ਇਹ ਹਸ਼ਰ ਹੋਇਆ ਅਤੇ ਇਹ ਹੀ ਔਗੁਣ ਦੂਸਰਿਆਂ ਤੋਂ ਵੱਖ ਅਤੇ ਵਿਸ਼ੇਸ਼ ਹੋਣ ਦਾ ਦਾਅਵਾ ਕਰਨ ਵਾਲੀ ਭਾਜਪਾ ਵਿਚ ਘਰ ਕਰਦੇ ਜਾ ਰਹੇ ਹਨ। ਸਾਫ਼ ਹੈ ਕਿ ਕਿਉਂ ਅਡਵਾਨੀ ਨੂੰ ਇਕ ਪਾਸੇ ਬਿਠਾਇਆ ਹੋਇਆ ਹੈ ਤੇ ਕਿਉਂ ਕ੍ਰਿਸ਼ਨਾ ਨੂੰ ਗਲੇ ਲਾਇਆ ਜਾ ਰਿਹਾ ਹੈ।

## ਮੈਂ ਮੁਤਵਾਜ਼ੀ ਜਥੇਦਾਰਾਂ ਨਾਲ ਨਹੀਂ ਕਰਾਂਗਾ ਮੁਲਾਕਾਤ: ਢੱਡਰੀਆਂ ਵਾਲੇ

ਜਵਾਬਦੇਹ ਹਨ ਨਾ ਕਿ ਜਥੇਦਾਰ ਅਮਰੀਕ ਸਿੰਘ ਅਜਨਾਲਾ ਜਾਂ ਹੋਰਨਾਂ ਵਿਅਕਤੀਆਂ ਪ੍ਰਤੀ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਭਾਈ ਅਜਨਾਲਾ ਹਮੇਸ਼ਾਂ ਸਾਰੀ ਕੌਮ ਨਾਲ ਅੜੀ ਕਰਦੇ ਹਨ ਤੇ ਅਜਿਹੇ ਵਿਅਕਤੀ ਨਾਲ ਗੱਲ ਕਰਨ ਦਾ ਕੋਈ ਫਾਇਦਾ ਨਹੀਂ। ਉਨ੍ਹਾਂ ਕਿਹਾ ਕਿ ਗੁਰਬਾਣੀ ਅਤੇ ਸਿੱਖ ਇਤਿਹਾਸ ਬਾਰੇ ਜੋ ਵੀ ਉਹ ਪ੍ਰਚਾਰ ਕਰਦੇ ਹਨ, ਉਸ ਬਾਰੇ ਤਾਂ ਖ਼ੁਦ ਸ਼੍ਰੋਮਣੀ ਕਮੇਟੀ ਵੱਲੋਂ ਵੈੱਬਸਾਈਟਾਂ 'ਤੇ ਜਾਣਕਾਰੀ ਦਿੱਤੀ ਗਈ ਹੈ।

ਉਨ੍ਹਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਖਿਲਾਫ ਬਿਆਨ ਦੇਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਸਾਹਿਤ ਵੇਖ ਲੈਣ ਤੇ ਲਿਖਾਰੀਆਂ ਤੋਂ ਜਵਾਬ ਲੈਣ। ਭਾਈ ਢਡਰੀਆਂ ਵਾਲਿਆਂ ਦੇ ਨਿੱਜੀ ਸਹਾਇਕ ਜਸਵੀਰ ਸਿੰਘ ਨੇ ਵੀਡੀਓ ਭਾਈ ਢੱਡਰੀਆਂ ਵਾਲਿਆਂ ਵੱਲੋਂ ਪਾਏ ਜਾਣ ਦੀ ਪੁਸ਼ਟੀ ਕੀਤੀ ਤੇ ਨਾਲ ਹੀ ਸਪਸ਼ਟ ਕੀਤਾ ਕਿ ਭਾਈ ਢੱਡਰੀਆਂ ਵਾਲਿਆਂ ਵੱਲੋਂ ਮੀਟਿੰਗ ਮੁਤਵਾਜ਼ੀ ਜਥੇਦਾਰ ਅਮਰੀਕ ਸਿੰਘ ਅਜਨਾਲਾ ਨਾਲ ਨਹੀਂ ਕੀਤੀ ਜਾਵੇਗੀ।

## ਜੀ.ਐਚ.ਜੀ. ਫਰਿਜ਼ਨੋ ਦਾ ਛੇਵਾਂ ਵਿਰਾਸਤੀ ਖੇਡ ਮੇਲਾ ਅਮਿੱਟ ਪੈੜਾਂ ਛੱਡਦਾ ਹੋਇਆ ਸਮਾਪਤ

ਮੋਗਾ ਵੀਡੀਓ ਦੇ ਅਜੀਤ ਸਿੰਘ ਗਿੱਲ ਨੇ ਬੱਚਿਆਂ ਦੀਆਂ ਯਾਦਾਂ ਨੂੰ ਆਪਣੇ ਕੈਮਰੇ ਵਿਚ ਬੰਦ ਕੀਤਾ।

ਮੇਲੇ ਨੂੰ ਸਫ਼ਲ ਬਣਾਉਣ ਵਿਚ ਅਕੈਡਮੀ ਦੇ ਮੁੱਖ ਮੈਂਬਰਾਂ ਪਰਮਜੀਤ ਧਾਲੀਵਾਲ, ਸੁਖਮਿੰਦਰ ਸਰੋਏ, ਸੁਖਦੇਵ ਚੀਮਾ, ਉਦੈਦੀਪ ਸਿੱਧੂ, ਰਾਜਿੰਦਰ ਧਾਲੀਵਾਲ, ਪਰਮਪ੍ਰੀਤ ਪੰਨੂੰ, ਜਗਰੂਪ ਸਿੰਘ ਧਾਲੀਵਾਲ, ਜਤਿੰਦਰਪਾਲ ਮਾਨ, ਅਮਨਦੀਪ ਖਹਿਰਾ, ਪ੍ਰੀਤਮ ਪਾਸਲਾ, ਕੁਲਵੰਤ ਖਹਿਰਾ, ਸਰਬਜੀਤ ਸਿੱਧੂ, ਅਰਵਿੰਦਰ ਸਿੰਘ ਕਾਹਲੋਂ, ਸੀਤਲ ਮਾਹਣ, ਹਰਦੀਪ ਕਲੇਰ, ਤਰਨਜੀਤ ਕੌਰ ਕਲੇਰ, ਸੁਗਨਦੀਪ ਕੌਰ ਵੜੈਚ, ਗੁਰਪ੍ਰੀਤ ਧਾਲੀਵਾਲ (ਬੋਧਨੀ ਕਲਾ) ਗੁਰਦੀਪ ਸ਼ੇਰਗਿੱਲ, ਦਵਿੰਦਰ ਸਿੰਘ ਨਾਗੀ, ਬਸੰਤ ਸਿੰਘ ਧਾਲੀਵਾਲ, ਕੁਲਵੰਤ ਕੌਰ ਧਾਲੀਵਾਲ, ਦਲਜੀਤ ਕੌਰ ਧਾਲੀਵਾਲ, ਸੈਣੀ ਬਲੀਬਣ, ਜਗਜੀਤ ਸਿੰਘ ਧਾਲੀਵਾਲ ਅਤੇ ਸਮੁੱਚਾ ਅਕੈਡਮੀ ਦੇ ਯੂਥ ਵਿੰਗ ਨੇ ਸਹਿਯੋਗ ਦਿੱਤਾ। ਜਗਜੀਤ ਸਿੰਘ ਬਿੰਦ, ਮਹਿੰਦਰ ਸਿੰਘ ਗਰੇਵਾਲ, ਕੁਲਦੀਪ ਸਿੰਘ ਕਾਲੇਕੇ, ਸੁਖਦੇਵ ਸਿੰਘ ਸਿੱਧੂ, ਅਵਤਾਰ ਸਿੰਘ ਗਿੱਲ, ਡਾ. ਗੁਰਦਾਵਰ ਸਿੰਘ ਧਾਲੀਵਾਲ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਡਾਕਟਰ ਅਜੀਤ ਸਿੰਘ ਖਹਿਰਾ ਵੱਲੋਂ ਮੈਡੀਕਲ ਕੈਂਪ ਵੀ ਲਗਾਇਆ ਗਿਆ।

## ਸਾਕਾ ਨਕੋਦਰ 'ਚ ਸ਼ਹੀਦ ਹੋਣ ਵਾਲੇ ਸਿੱਖ ਨੌਜਵਾਨਾਂ ਦੀ ਕੁਰਬਾਨੀ ਸਮੁੱਚੀ ਕੌਮ ਲਈ ਪ੍ਰੇਰਨਾ ਸਰੋਤ : ਪ੍ਰੋ. ਬਡੂੰਗਰ

ਦਾ ਫੈਸਲਾ ਅੰਤ੍ਰਿੰਗ ਕਮੇਟੀ ਵੱਲੋਂ ਕੀਤਾ ਗਿਆ ਹੈ ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਦੀਆਂ ਕੁਰਬਾਨੀਆਂ ਤੋਂ ਸੇਧ ਲੈ ਸਕਣ। ਇਸ ਦੌਰਾਨ ਉਨ੍ਹਾਂ ਨੇ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਵੀ ਕੀਤਾ। ਦਲ ਖ਼ਾਲਸਾ ਅਤੇ ਸ਼ਹੀਦ ਪਰਿਵਾਰਾਂ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਗੁਰਦੁਆਰਾ ਬੋਹੜਾਂ ਵਾਲੇ ਵਿਖੇ ਰਿਲੀਜ਼ ਕੀਤਾ ਗਿਆ ਅਤੇ ਸੰਗਤ ਵਿੱਚ ਵੰਡਿਆ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸ. ਸ਼ਿੰਗਾਰਾ ਸਿੰਘ ਲੋਹੀਆਂ, ਡਾ. ਪਰਮਜੀਤ ਸਿੰਘ ਸਰੋਆ ਵਧੀਕ ਸਕੱਤਰ, ਸ. ਹਰਪਾਲ ਸਿੰਘ ਚੀਮਾ, ਸ. ਕੰਵਰਪਾਲ ਸਿੰਘ, ਸ. ਪਰਮਜੀਤ ਸਿੰਘ ਟਾਂਡਾ, ਸ. ਮਨਜੀਤ ਸਿੰਘ, ਸ. ਹਰਜੋਤ ਸਿੰਘ, ਸ. ਗੁਰਵਿੰਦਰ ਸਿੰਘ, ਸ. ਬਲਦੇਵ ਸਿੰਘ ਤੇ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

## ਔਰੇਗਨ ਦੇ ਗੁਰਦੁਆਰਾ ਸਾਹਿਬ 'ਚ ਨਸ਼ੇੜੀ ਨੇ ਔਰਤ ਨਾਲ ਕੀਤੀ ਬਦਸਲੂਕੀ, ਗ੍ਰਿਫ਼ਤਾਰ

ਗੁਰਦੁਆਰਾ ਸਾਹਿਬ ਵਿਚ ਬਣੇ ਬਾਥਰੂਮ ਦੀ ਵਰਤੋਂ ਕਰਨ ਦੀ ਇਜਾਜ਼ਤ ਮੰਗੀ, ਜਿਸ ਮਗਰੋਂ ਉਸ ਨੂੰ ਗੁਰਦੁਆਰੇ ਵਿਚ ਦਾਖ਼ਲ ਹੋਣ ਦਿੱਤਾ ਗਿਆ। ਸੂਤਰਾਂ ਮੁਤਾਬਕ ਸ਼ਿਮਟ ਜਦ ਬਾਥਰੂਮ ਵਿਚੋਂ ਬਾਹਰ ਆਇਆ ਤਾਂ ਉਸ ਨੇ ਗੁਰਦੁਆਰੇ ਵਿਚ ਕੰਮ ਕਰਨ ਵਾਲੀ ਇਕ 26 ਸਾਲਾ ਔਰਤ 'ਤੇ ਹਮਲਾ ਕਰ ਦਿੱਤਾ। ਉਸ ਨੇ ਉਸ ਦਾ ਜਿਨਸੀ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕੀਤੀ।

ਮਾਮਲੇ ਦੀ ਜਾਂਚ ਕਰਨ ਵਾਲੇ ਪੁਲੀਸ ਅਧਿਕਾਰੀ ਐਡਮ ਬੇਕਰ ਮੁਤਾਬਕ ਗੁਰਦੁਆਰੇ ਦਾ ਇਕ ਵਿਅਕਤੀ ਆਵਾਜ਼ ਸੁਣ ਕੇ ਉੱਥੇ ਪੁੱਜਾ ਅਤੇ ਉਸ ਨੇ ਔਰਤ ਨੂੰ ਬਚਾਇਆ। ਇਸ ਮਗਰੋਂ ਪੁਲੀਸ ਆਉਣ ਤਕ ਉਸ ਨੇ ਦੋਸ਼ੀ ਨੂੰ ਫੜ ਕੇ ਰੱਖਿਆ। ਸ਼ਿਮਟ ਨੂੰ ਮਲਟਨੋਮਾ ਕਾਊਂਟੀ ਦੀ ਜੇਲ੍ਹ ਵਿਚ ਰੱਖਿਆ ਗਿਆ ਹੈ। ਉਸ 'ਤੇ ਹਮਲਾ ਕਰਨ, ਬਲਾਤਕਾਰ ਦੀ ਕੋਸ਼ਿਸ਼ ਕਰਨ ਅਤੇ ਹਥਿਆਰ ਦੀ ਗਲਤ ਵਰਤੋਂ ਕਰਨ ਦੇ ਦੋਸ਼ ਲੱਗੇ ਹਨ। ਸਿੱਖਾਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਸੰਗਠਨ 'ਦਿ ਸਿੱਖ ਕੋਲੇਸ਼ਨ' ਨੇ ਦੋਸ਼ੀ ਨੂੰ ਗ੍ਰਿਫਤਾਰ ਕਰਨ ਲਈ ਗ੍ਰੇਸ਼ਮ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ ਹੈ।



Sir Speedy Tustin
Printers to the Community
SUBWAY
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# Office for Lease in Union City, CA



Nice clean office

1200 to 1500 Sq feet in the business area of Union City. Best for Trucking company if extra warehouse needed.

Call at:

510-875-3279


## Classified

### ਲੜਕੀ ਦੀ ਲੋੜ

ਸਹਾਰਨਪੁਰ ਦੇ ਚੰਗੇ ਸਰਦੇ ਪੁੱਜਦੇ ਭੁੱਲਰ ਪਰਿਵਾਰ ਦੇ ਐਲ. ਐਲ. ਬੀ., ਐਲ. ਐਮ. ਐਲ., ਬੀ.ਏ. ਪਾਸ ਜੱਟ ਸਿੱਖ ਲੜਕੇ 28 ਸਾਲ 5'10" ਲਈ ਪੜ੍ਹੀ ਲਿਖੀ ਤੇ ਚੰਗੇ ਪਰਿਵਾਰ ਨਾਲ ਸਬੰਧ ਰਖਦੀ ਲੜਕੀ ਦੀ ਲੋੜ ਹੈ। ਲੜਕਾ ਦਿੱਲੀ ਦੀਆਂ ਜਿਲ੍ਹਾ ਕਚਹਿਰੀਆਂ ਤੇ ਹਾਈਕੋਰਟ 'ਚ ਵਕਾਲਤ ਕਰਦਾ ਹੈ। ਸ਼ਰਾਬ ਜਾਂ ਕਿਸੇ ਨਸ਼ੇ ਨੂੰ ਮੂੰਹ ਨਹੀਂ ਲਾਉਂਦਾ। ਖ਼ਾਨਦਾਨੀ ਪਿਛੋਕੜ ਵਾਲਾ ਭੁੱਲਰ ਪਰਿਵਾਰ ਬਹੁਤ ਹੀ ਸਤਿਕਾਰਤ ਤੇ ਸਲੀਕੇ ਵਾਲਾ, ਪੜ੍ਹਿਆ ਲਿਖਿਆ, ਇਲਾਕੇ 'ਚ ਸਤਿਕਾਰਤ ਤੇ ਮਾਣ ਇਜ਼ਤ ਵਾਲਾ ਹੈ। ਪਰਿਵਾਰ ਦਾ ਸਹਾਰਨਪੁਰ (ਯੂ.ਪੀ.) ਵਿੱਚ ਚੰਗਾ ਬਿਜਨਸ, ਜ਼ਮੀਨ ਜਾਇਦਾਦ ਤੋਂ ਇਲਾਵਾ ਪੰਜਾਬ 'ਚ ਮਲੋਟ ਨੇੜੇ ਵੀ ਜ਼ਮੀਨ ਹੈ। ਲੜਕੀ ਚੰਗੇ ਪਰਿਵਾਰ ਦੀ ਪੜ੍ਹੀ ਲਿਖੀ, ਖੁਲ੍ਹਦਿਲੇ ਵਿਚਾਰਾਂ ਵਾਲੀ, ਮਿਲਣਸਾਰ ਅਤੇ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਹੋਵੇ।

**ਹੋਰ ਜਾਣਕਾਰੀ ਲਈ ਫੋਨ: 09045898878**

**E-mail: navi_singh001@yahoo.com**

### Bride WANTED

Jat Sikh Bhular boy 28 years old Height: 5' 10" Complexion, Non drinker/ Non smoker, Qualifications : L.L.M., L.L.B., B.A., Schooling from YPS (Mohali) and Saharanpur , Practicing as an Advocate at High court & District courts in New Delhi, is looking for a Well Educated Girl from good status family , Should be open minded, moderately traditional and caring. Bhullars are Upper Middle Class, Moderate Nuclear very well behaved, educated, highly respected and very well known family having good business, residential and urban property, agricultural land in Saharanpur (U.P.) and in Punjab near Malout.

**For More information :**

**Call Mobile No. 09045898878**

**E-mail: navi_singh001@yahoo.com**

### ਜੂਨ 1984 ਵਿਚ ਨੁਕਸਾਨੇ ਤੇਜਾ ਸਿੰਘ ਸਮੁੰਦਰੀ ਹਾਲ ਨੂੰ 33 ਸਾਲਾਂ ਮਗਰੋਂ ਮਿਲੀ ਨਵੀਂ ਦਿੱਖ

ਹਾਲ ਹੈ, ਜਿੱਥੇ 'ਸਿੱਖਾਂ ਦੀ ਸੰਸਦ' ਦੇ ਹਰ ਸਾਲ ਦੋ ਜਨਰਲ ਇਜਲਾਸ ਸੱਦੇ ਜਾਂਦੇ ਹਨ। ਇਸ ਤੋਂ ਇਲਾਵਾ ਅਹਿਮ ਮੀਟਿੰਗਾਂ ਵੀ ਇਸੇ ਹਾਲ ਵਿੱਚ ਹੀ ਹੁੰਦੀਆਂ ਹਨ। ਇਮਾਰਤ ਦੇ ਬਾਹਰ ਮੁੱਖ ਹਿੱਸੇ ਅਤੇ ਆਲੇ ਦੁਆਲੇ ਦੋਵੇਂ ਪਾਸੇ ਲਗਭਗ ਸੌ ਗੋਲੀਆਂ ਦੇ ਨਿਸ਼ਾਨ ਹਨ, ਜਿਨ੍ਹਾਂ ਵਿਚ ਲਗਭਗ 70 ਨਿਸ਼ਾਨ ਇਮਾਰਤ ਦੇ ਸਾਹਮਣੇ ਹਿੱਸੇ 'ਤੇ ਹਨ। ਹੁਣ ਜਦੋਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਇਮਾਰਤ ਦੇ ਬਾਹਰੀ ਹਿੱਸੇ ਨੂੰ ਰੰਗ-ਰੋਗਨ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ ਤਾਂ ਉਸ ਵੇਲੇ ਇਨ੍ਹਾਂ ਗੋਲੀਆਂ ਦੇ ਨਿਸ਼ਾਨਾਂ ਨੂੰ ਯਾਦਗਾਰ ਵਜੋਂ ਸੰਭਾਲਣ ਦਾ ਫ਼ੈਸਲਾ ਵੀ ਕੀਤਾ ਗਿਆ ਸੀ। ਇਸੇ ਫ਼ੈਸਲੇ ਤਹਿਤ ਇਸ ਇਮਾਰਤ ਨੂੰ ਰੰਗ ਰੋਗਨ ਦੀ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਸੌਂਪੀ ਗਈ ਸੀ। ਰੰਗ-ਰੋਗਨ ਦਾ ਕੰਮ ਮੁਕੰਮਲ ਹੋ ਗਿਆ ਹੈ। ਇਸ ਤੋਂ ਪਹਿਲਾਂ ਗੋਲੀਆਂ ਵਾਲੇ ਨਿਸ਼ਾਨਾਂ ਦੀ ਸ਼ਨਾਖ਼ਤ ਕਰਕੇ ਇਨ੍ਹਾਂ ਨੂੰ ਸੰਭਾਲਿਆ ਗਿਆ ਸੀ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਦਸਿਆ ਕਿ ਇਮਾਰਤ ਦੇ ਬਾਹਰਲੇ ਹਿੱਸਿਆਂ ਵਿੱਚ ਰੰਗ-ਰੋਗਨ ਦਾ ਕੰਮ ਮੁਕੰਮਲ ਹੋ ਗਿਆ ਹੈ ਅਤੇ ਗੋਲੀਆਂ ਦੇ ਨਿਸ਼ਾਨਾਂ ਨੂੰ ਯਾਦਗਾਰ ਵਜੋਂ ਸੰਭਾਲਿਆ ਜਾ ਰਿਹਾ ਹੈ। ਉਨ੍ਹਾਂ ਦਸਿਆ ਕਿ ਇਮਾਰਤ ਦਾ ਪਿਛਲਾ ਹਿੱਸਾ ਵੀ ਮੁਰੰਮਤ ਦੀ ਮੰਗ ਕਰ ਰਿਹਾ ਹੈ। ਇਸ ਹਿੱਸੇ ਵਿੱਚ ਦਰਵਾਜ਼ਿਆਂ ਤੇ ਖਿੜਕੀਆਂ ਦੇ ਅੱਗੇ ਬਣੇ ਵਾਧੇ (ਛੱਜੇ) ਖ਼ਸਤਾ ਹਾਲਤ ਵਿੱਚ ਹਨ ਤੇ ਟੁੱਟ ਰਹੇ ਹਨ, ਜਿਨ੍ਹਾਂ ਦੀ ਮੁਰੰਮਤ ਕੀਤੀ ਜਾਵੇਗੀ। ਉਨ੍ਹਾਂ ਦਸਿਆ ਕਿ ਇਮਾਰਤ ਦੀ ਸਾਂਭ-ਸੰਭਾਲ ਤੋਂ ਪਹਿਲਾਂ ਇਸ ਦੀ ਫੋਟੋਗਰਾਫੀ ਵੀ ਕੀਤੀ ਗਈ ਸੀ ਤਾਂ ਜੋ ਗੋਲੀਆਂ ਦੇ ਨਿਸ਼ਾਨਾਂ ਅਤੇ ਇਸ ਦੇ ਪੁਰਾਤਨ ਰੂਪ ਨੂੰ ਪਹਿਲਾਂ ਵਾਂਗ ਹੀ ਸੰਭਾਲ ਕੇ ਰਖਿਆ ਜਾ ਸਕੇ। ਦੱਸਣਯੋਗ ਹੈ ਕਿ ਸਰਦਾਰ ਤੇਜਾ ਸਿੰਘ ਸਮੁੰਦਰੀ ਹਾਲ 1937 ਵਿੱਚ ਉਸਾਰਿਆ ਗਿਆ ਸੀ।

### ਸਰਕਾਰੀ ਖ਼ਜ਼ਾਨੇ ਰਾਹੀਂ ਆਪਣੇ ਪੁਰਾਣੇ ਸਾਥੀਆਂ ਨੂੰ ਵਿਸ਼ੇਸ਼ ਅਹੁਦਿਆਂ ਨਾਲ ਨਿਵਾਜ ਰਹੀ ਕੈਪਟਨ ਸਰਕਾਰ

ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ-ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੀਆਂ ਕੋਠੀਆਂ ਤੋਂ ਇਲਾਵਾ ਉਨ੍ਹਾਂ ਦੇ ਮਗਰਲੇ ਪਾਸੇ ਵਾਲੀਆਂ 2 ਮੰਤਰੀਆਂ ਦੀਆਂ ਕੋਠੀਆਂ ਵੀ ਸ਼ਾਮਲ ਹਨ। ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੀਆਂ ਕੋਠੀਆਂ ਕੋਈ 3 ਏਕੜ ਜਗ੍ਹਾ ਵਿਚ ਹਨ ਜਦੋਂਕਿ ਮਗਰਲੇ ਪਾਸੇ ਵਾਲੀਆਂ 2 ਕੋਠੀਆਂ ਵੀ ਕੋਈ ਡੇਢ ਏਕੜ ਜਗ੍ਹਾ ਵਿਚ ਹਨ। ਹੁਕਮਾਂ ਵਿਚ ਦੱਸਿਆ ਗਿਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਨਿਵਾਸ ਤੋਂ ਇਲਾਵਾ ਸਾਬਕਾ ਉਪ ਮੁੱਖ ਮੰਤਰੀ ਦੇ ਨਿਵਾਸ ਨੂੰ ਦਫ਼ਤਰ ਵਜੋਂ ਵਰਤਣਾ ਚਾਹੁੰਦੇ ਹਨ ਜਦੋਂਕਿ ਮਗਰਲੀਆਂ 2 ਮੰਤਰੀਆਂ ਦੀਆਂ ਕੋਠੀਆਂ ਵਿਚੋਂ ਇਕ ਕੋਠੀ ਮੁੱਖ ਮੰਤਰੀ ਦੇ ਸੁਰੱਖਿਆ ਅਮਲੇ ਦੇ ਕਬਜ਼ੇ ਵਿਚ ਹੈ ਅਤੇ ਦੂਜੀ ਨੂੰ ਸਾਬਕਾ ਮੁੱਖ ਮੰਤਰੀ ਵੀ ਮੀਟਿੰਗਾਂ ਲਈ ਵਰਤ ਰਹੇ ਸਨ। ਪਰ ਮੰਤਰੀਆਂ ਦੀਆਂ 4 ਕੋਠੀਆਂ ਮੁੱਖ ਮੰਤਰੀ ਵੱਲੋਂ ਆਪਣੇ ਕਬਜ਼ੇ ਵਿਚ ਲਏ ਜਾਣ ਅਤੇ ਫਜ਼ੂਲ ਖਰਚੀ ਨਾ ਕਰਨ ਦਾ ਸੁਨੇਹਾ ਦੇਣ ਤੋਂ ਪ੍ਰਸ਼ਾਸਨਿਕ ਹਲਕਿਆਂ ਵਿਚ ਹੈਰਾਨੀ ਹੈ ਅਤੇ ਜਿਨ੍ਹਾਂ ਕੁਝ ਮੰਤਰੀਆਂ ਤੋਂ ਇਸ ਸਬੰਧੀ ਪੁੱਛਿਆ ਗਿਆ ਤਾਂ ਉਹ ਵੀ ਦੱਬੀ ਜ਼ਬਾਨ ਵਿਚ ਉਕਤ ਫੈਸਲਿਆਂ 'ਤੇ ਹੈਰਾਨੀ ਪ੍ਰਗਟਾ ਰਹੇ ਸਨ।

### ਹਾਰ ਮਗਰੋਂ 'ਆਪ' ਨੂੰ ਚੇਤੇ ਆਏ ਨਿਯਮ, ਸੰਵਿਧਾਨ ਮੁਤਾਬਕ ਹੋਵੇਗੀ ਪੰਜਾਬ ਦੀ ਕਾਰਜਕਾਰਨੀ

ਸੰਜੇ ਸਿੰਘ ਅਤੇ ਪੰਜਾਬ ਦੇ ਜਥੇਬੰਦਕ ਢਾਂਚੇ ਦੇ ਘਾੜੇ ਦੁਰਗੇਸ਼ ਪਾਠਕ ਸ਼ਾਮਲ ਨਹੀਂ ਸਨ, ਜਦਕਿ ਚੋਣਾਂ ਤੋਂ ਪਹਿਲਾਂ ਇਨ੍ਹਾਂ ਦੇ ਇਸ਼ਾਰੇ ਤੋਂ ਬਿਨਾਂ ਪਾਰਟੀ ਵਿਚ ਕੋਈ ਫੈਸਲਾ ਨਹੀਂ ਹੁੰਦਾ ਸੀ। ਮੀਟਿੰਗ ਦੌਰਾਨ ਕਈ ਲੀਡਰਾਂ ਨੇ ਪੰਜਾਬ ਇਕਾਈ ਵਿਚ ਦਿੱਲੀ ਦੀ ਲੀਡਰਸ਼ਿਪ ਦੀ ਫਾਲਤੂ ਦਖਲਅੰਦਾਜ਼ੀ ਦਾ ਮੁੱਦਾ ਬੜੇ ਜ਼ੋਰ ਨਾਲ ਉਠਾਇਆ।

ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਸੰਪਰਕ ਕਰਨ 'ਤੇ ਪੁਸ਼ਟੀ ਕੀਤੀ ਕਿ ਹੁਣ ਪਾਰਟੀ ਸੰਵਿਧਾਨ ਅਨੁਸਾਰ ਲੋਕ ਸਭਾ ਹਲਕਿਆਂ ਅਨੁਸਾਰ ਜ਼ੋਨਲ ਇੰਚਾਰਜਾਂ ਦੀਆਂ ਕਮੇਟੀਆਂ ਭੰਗ ਕਰਕੇ ਜ਼ਿਲ੍ਹਾ ਪੱਧਰੀ ਇਕਾਈਆਂ ਬਣਾਈਆਂ ਜਾਣਗੀਆਂ। ਮੀਟਿੰਗ ਵਿਚ ਹੋਏ ਫੈਸਲੇ ਅਨੁਸਾਰ ਉਨ੍ਹਾਂ ਸਿਆਸੀ ਮਾਮਲਿਆਂ ਦੀ ਕਮੇਟੀ (ਪੀਏਸੀ) ਨੂੰ ਇਸ ਮਤੇ ਦੀ ਸਿਫ਼ਾਰਸ਼ ਕਰ ਦਿੱਤੀ ਹੈ। ਪੀਏਸੀ ਤੋਂ ਮਨਜ਼ੂਰੀ ਪਿੱਛੋਂ ਪਾਰਟੀ ਦਾ ਜਥੇਬੰਦਕ ਢਾਂਚਾ ਸੰਵਿਧਾਨ ਅਨੁਸਾਰ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਹੋਵੇਗੀ। ਉਹ ਲੋਕ ਸਭਾ ਹਲਕਾਵਾਰ ਵਾਲੰਟੀਅਰਾਂ ਨਾਲ ਮੀਟਿੰਗਾਂ ਦਾ ਦੌਰ ਵੀ ਸ਼ੁਰੂ ਕਰਨਗੇ। ਪਾਰਟੀ ਦੇ ਦਾਖਾ ਤੋਂ ਵਿਧਾਇਕ ਅਤੇ ਵਿਰੋਧੀ ਧਿਰ ਦੇ ਆਗੂ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਪਾਰਟੀ ਪੰਜਾਬ ਇਕਾਈ ਨੂੰ ਮਜ਼ਬੂਤ ਕਰਕੇ ਵਿਰੋਧੀ ਧਿਰ ਦੀ ਭੂਮਿਕਾ ਠੋਸ ਢੰਗ ਨਾਲ ਨਿਭਾਵੇਗੀ।

### 46 ਸਾਬਕਾ ਮੰਤਰੀਆਂ-ਵਿਧਾਇਕਾਂ ਦੀ ਸੁਰੱਖਿਆ ਛਤਰੀ ਛਾਂਗੀ

ਵਿਚ ਅਹਿਮ ਵਿਅਕਤੀਆਂ ਦੀ ਸੁਰੱਖਿਆ ਘਟਾਉਣ ਲਈ ਪੁਲੀਸ ਨੂੰ 24 ਮਾਰਚ ਤਕ ਰਿਪੋਰਟ ਦੇਣ ਲਈ ਕਿਹਾ ਗਿਆ ਸੀ, ਪਰ ਪੁਲੀਸ ਨੇ ਇਸ ਤੋਂ ਪਹਿਲਾਂ ਹੀ ਕਾਰਵਾਈ ਕਰਦਿਆਂ ਸੁਰੱਖਿਆ ਘਟਾਉਣੀ ਸ਼ੁਰੂ ਕਰ ਦਿਤੀ ਹੈ। ਜਿਨ੍ਹਾਂ ਅਹਿਮ ਵਿਅਕਤੀਆਂ ਦੀ ਸੁਰੱਖਿਆ ਘਟਾਈ ਗਈ ਹੈ, ਉਨ੍ਹਾਂ ਵਿਚ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂ ਸ਼ਾਮਲ ਹਨ ਪਰ ਸਭ ਤੋਂ ਵੱਧ ਗਿਣਤੀ ਸਾਬਕਾ ਅਕਾਲੀ-ਭਾਜਪਾ ਸਰਕਾਰ ਦੇ ਮੰਤਰੀਆਂ ਅਤੇ ਸਾਬਕਾ ਸਲਾਹਕਾਰਾਂ ਦੀ ਹੈ। ਕਾਂਗਰਸ ਦੀ ਰਾਜ ਸਭਾ ਮੈਂਬਰ ਅੰਬਿਕਾ ਸੋਨੀ, ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਅਤੇ 'ਆਪ' ਦੇ ਲੋਕ ਸਭਾ ਮੈਂਬਰ ਭਗਵੰਤ ਮਾਨ ਸਮੇਤ ਹੋਰ ਅਹਿਮ ਵਿਅਕਤੀਆਂ ਨੂੰ ਦਿੱਤੀ ਵਾਧੂ ਸੁਰੱਖਿਆ ਵਾਪਸ ਲੈ ਲਈ ਗਈ ਹੈ। ਪਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸੁਰੱਖਿਆ ਛਤਰੀ ਬਰਕਰਾਰ ਰੱਖੀ ਗਈ ਹੈ, ਹਾਲਾਂਕਿ ਉਨ੍ਹਾਂ ਨੂੰ ਦਿੱਤੇ ਵਾਧੂ ਵਾਹਨ ਵਾਪਸ ਲੈ ਲਏ ਹਨ। ਹੁਣ ਦੋ ਬੁਲਟ ਪਰੂਫ ਲੈਂਡ ਕਰੂਜ਼ਰ ਗੱਡੀਆ ਉਨ੍ਹਾਂ ਦੀ ਸੇਵਾ ਵਿਚ ਰਹਿਣਗੀਆਂ। ਸਾਬਕਾ ਮੰਤਰੀ ਸ੍ਰੀ ਮਲੂਕਾ ਨੂੰ ਮਿਲੇ 31 ਸੁਰੱਖਿਆ ਗਾਰਡਾਂ ਤੇ ਦੋ ਵਾਹਨਾਂ ਵਿਚੋਂ 25 ਗਾਰਡ ਅਤੇ ਇਕ ਵਾਹਨ ਵਾਪਸ ਲੈ ਲਿਆ ਗਿਆ ਹੈ। ਸਾਬਕਾ ਮੰਤਰੀ ਤੋਤਾ ਸਿੰਘ ਦੇ 21 ਸੁਰੱਖਿਆ ਜਵਾਨਾਂ ਵਿਚੋਂ 19 ਵਾਪਸ ਲੈਣ ਨਾਲ ਉਨ੍ਹਾਂ ਕੋਲ ਦੋ ਹੀ ਸੁਰੱਖਿਆ ਜਵਾਨ ਰਹਿ ਗਏ ਹਨ। ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ 14 ਵਿਚੋਂ ਚਾਰ ਜਵਾਨ ਰਹਿ ਗਏ ਹਨ।

ਡਾ. ਦਲਜੀਤ ਸਿੰਘ ਚੀਮਾ ਕੋਲੋਂ ਵੀ ਨੌਂ ਗਾਰਡ ਵਾਪਸ ਲੈਣ ਨਾਲ ਉਨ੍ਹਾਂ ਕੋਲ ਦੋ ਰਹਿ ਗਏ ਹਨ। ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ, ਗੁਲਜ਼ਾਰ ਸਿੰਘ ਰਣੀਕੇ ਕੋਲੋਂ ਇਕ-ਇਕ ਸਰਕਾਰੀ ਵਾਹਨ ਵੀ ਵਾਪਸ ਲੈ ਲਿਆ ਹੈ। ਸਾਬਕਾ ਮੰਤਰੀਆਂ ਚੂੰਨੀ ਲਾਲ ਭਗਤ, ਸੁਰਜੀਤ ਸਿੰਘ ਰੱਖੜਾ, ਸੁਰਜੀਤ ਕੁਮਾਰ ਜਿਆਣੀ, ਮਦਨ ਮੋਹਨ ਮਿੱਤਲ, ਸੋਹਣ ਸਿੰਘ ਠੰਡਲ ਕੋਲੋਂ ਵੀ ਵਾਧੂ ਸੁਰੱਖਿਆ ਗਾਰਡ ਲੈ ਲਏ ਹਨ। ਅੰਮ੍ਰਿਤਸਰ ਤੋਂ ਭਾਜਪਾ ਦੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਦੇ 14 ਸੁਰੱਖਿਆ ਜਵਾਨਾਂ ਵਿਚੋਂ ਦਸ ਵਾਪਸ ਲਏ ਗਏ ਹਨ। ਕਾਂਗਰਸ ਦੀ ਰਾਜ ਸਭਾ ਮੈਂਬਰ ਅੰਬਿਕਾ ਸੋਨੀ ਅਤੇ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਕੋਲ ਅੱਠ-ਅੱਠ ਗੰਨਮੈਨ ਸਨ ਪਰ ਉਨ੍ਹਾਂ ਦੀ ਸੁਰੱਖਿਆ ਅੱਧੀ ਕਰ ਦਿਤੀ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਮੈਂਬਰਾਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਦੇ ਵੀ ਦੋ-ਦੋ ਗੰਨਮੈਨ ਘਟਾਏ ਗਏ ਹਨ। 'ਆਪ' ਜੋ ਵੀਆਈਪੀ ਕਲਚਰ ਦੇ ਖ਼ਿਲਾਫ਼ ਹੈ, ਦੇ ਲੋਕ ਸਭਾ ਮੈਂਬਰ ਭਗਵੰਤ ਮਾਨ ਕੋਲ ਛੇ ਸੁਰੱਖਿਆ ਗਾਰਡ ਅਤੇ ਇਕ ਵਾਹਨ ਸੀ, ਪਰ ਹੁਣ ਦੋ ਗਾਰਡ ਅਤੇ ਵਾਹਨ ਵਾਪਸ ਲੈ ਲਿਆ ਗਿਆ ਹੈ।

**ਬਾਦਲ ਦੇ ਸਲਾਹਕਾਰਾਂ ਕੋਲ ਸਨ 70 ਸੁਰੱਖਿਆ ਜਵਾਨ :** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਾਰੇ ਸਲਾਹਕਾਰਾਂ ਦੀ ਸੁਰੱਖਿਆ ਅਤੇ ਵਾਹਨ ਵਾਪਸ ਲੈ ਲਏ ਗਏ ਹਨ। ਇਨ੍ਹਾਂ ਕੋਲ 70 ਸੁਰੱਖਿਆ ਗਾਰਡ ਅਤੇ ਚਾਰ ਵਾਹਨ ਸਨ। ਇਨ੍ਹਾਂ ਭੁਪਿੰਦਰ ਸਿੰਘ ਢਿੱਲੋਂ, ਚਰਨਜੀਤ ਸਿੰਘ ਬਰਾੜ, ਐਚ. ਐਸ. ਬੈਂਸ, ਕਮਲ ਓਸਵਾਲ, ਮਹੇਸ਼ਇੰਦਰ ਸਿੰਘ ਗਰੇਵਾਲ, ਪਰਮਜੀਤ ਸਿੰਘ ਸਿਧਵਾਂ, ਪਰਮਿੰਦਰ ਸਿੰਘ ਸੋਖੋਂ, ਜੰਗਵੀਰ ਸਿੰਘ, ਸਵਿੰਦਰਪਾਲ ਸਿੰਘ, ਸੁਖਦੀਪ ਸਿੰਘ ਸਿੱਧੂ ਤੇ ਤੀਕਸ਼ਣ ਸੂਦ ਸ਼ਾਮਲ ਹਨ।

### ਸਿੱਧੂ ਦਾ ਲਾਭ ਵਾਲੇ ਅਹੁਦੇ 'ਤੇ ਕੰਮ ਕਰਨਾ ਕਾਨੂੰਨ ਦੀ ਉਲੰਘਣਾ ਨਹੀਂ : ਐਡਵੋਕੇਟ ਜਨਰਲ

ਦਿੱਤੀ ਹੈ ਕਿ ਮੰਤਰੀ 'ਤੇ ਲੋਕ ਪ੍ਰਤੀਨਿਧਤਾ ਐਕਟ, 1951 ਦੀਆਂ ਸ਼ਰਤਾਂ ਹੇਠ ਸ਼ੋਅ ਵਿਚ ਲਗਾਤਾਰ ਕੰਮ ਕਰਨਾ ਕੋਈ ਰੁਕਾਵਟ ਨਹੀਂ ਹੈ ਤੇ ਧਾਰਾ 8, 8-ਏ, 9, 9-ਏ, 10, 10-ਏ, 11-ਏ ਦੇ ਹੇਠ ਵੱਖ-ਵੱਖ ਅਯੋਗਤਾਵਾਂ ਨਾਲ ਸਬੰਧਤ ਹਨ। ਰਿਪੋਰਟ ਮੁਤਾਬਕ ਮੰਤਰੀ ਵੱਲੋਂ ਸ਼ੋਅ ਵਿਚ ਲਗਾਤਾਰ ਕੰਮ ਕਰਦੇ ਰਹਿਣਾ ਮੰਤਰੀ ਦੀ ਆਚਰਣ ਜ਼ਾਬਤੇ ਦੀ ਧਾਰਾ 1 (ਬੀ) ਦੀ ਉਲੰਘਣਾ ਨਹੀਂ ਦਰਸਾਉਂਦਾ।

ਪਤਨੀ ਨਵਜੋਤ ਕੌਰ ਬੋਲੀ-ਪਤੀ ਦੀ ਪੀ.ਏ. ਬਣਨ ਲਈ ਤਿਆਰ ਹਾਂ :

ਕ੍ਰਿਕਟਰ ਤੋਂ ਸਿਆਸਤਦਾਨ ਅਤੇ ਹੁਣ ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਜੀਵਨ ਸਾਥਣ ਡਾ. ਨਵਜੋਤ ਕੌਰ ਸਿੱਧੂ ਜੋ ਚੀਫ ਪਾਰਲੀਮੈਂਟਰੀ ਸੈਕਟਰੀ ਰਹਿ ਚੁੱਕੇ ਹਨ, ਨੇ ਇੱਛਾ ਪ੍ਰਗਟ ਕੀਤੀ ਹੈ ਕਿ ਉਹ ਆਪਣੇ ਪਤੀ ਦਾ ਹੱਥ ਵੰਡਾਉਣ ਲਈ ਬਿਨਾਂ ਤਨਖਾਹ ਜਾਂ ਭੱਤੇ ਪੀ.ਏ. (ਪਰਸਨਲ ਅਸਿਸਟੈਂਟ) ਬਣਨ ਲਈ ਤਿਆਰ ਹਨ ਤਾਂ ਕਿ ਅੰਮ੍ਰਿਤਸਰ ਪੂਰਬੀ ਹਲਕੇ ਦੇ ਵਿਕਾਸ ਵੱਲ ਪੂਰਾ ਪੂਰਾ ਧਿਆਨ ਦਿੱਤਾ ਜਾ ਸਕੇ। ਡਾ. ਸਿੱਧੂ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਪਤੀ ਕੋਲ ਬਹੁਤ ਅਹਿਮ ਵਿਭਾਗ ਹਨ ਅਤੇ ਫਿਰ ਉਹ ਟੀ.ਵੀ. ਚੈਨਲਾਂ ਦੇ ਆਪਣੇ ਪ੍ਰੋਗਰਾਮਾਂ ਵਿਚ ਵੀ ਮਸਰੂਫ਼ ਰਹਿੰਦੇ ਹਨ। ਇਸ ਲਈ ਮੈਂ ਜਨਤਕ ਹਿੱਤਾਂ ਲਈ ਆਪਣੀਆਂ ਸੇਵਾਵਾਂ ਪੇਸ਼ ਕਰ ਰਹੀ ਹਾਂ ਪਰ ਹੁਣ ਸਾਰਾ ਦਾਰੋ-ਮਦਾਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਨਿਰਭਰ ਕਰਦਾ ਹੈ।

### ਯੂ.ਪੀ. 'ਚ ਭਾਜਪਾ ਦੀ 'ਹੈਰਾਨੀਜਨਕ' ਜਿੱਤ ਦਾ ਰਹੱਸ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਨ੍ਹਾਂ ਦੋਹਾਂ ਦੇ ਵਿਰੋਧ ਵਿਚ ਪੂਰੇ ਜੋਸ਼ ਨਾਲ ਆਪਣੀ ਮੁਹਿੰਮ ਦੀ ਸ਼ੁਰੂਆਤ ਕਰਕੇ ਸਿਆਸੀ ਯੁੱਧ ਜਿੱਤ ਲਿਆ। ਤੁਸੀਂ ਇਸ ਤਰ੍ਹਾਂ ਕਹਿ ਸਕਦੇ ਹੋ ਕਿ ਨਾ ਸਿਰਫ਼ ਕਹਿ ਕੇ ਹੀ, ਬਲਕਿ ਕੁਝ ਕੁਝ ਕਰਦੇ ਰਹਿ ਕੇ ਵੀ ਉਨ੍ਹਾਂ ਨੇ ਭਵਿੱਖ ਪ੍ਰਤੀ ਡੂੰਘੇ ਡਿਪਰੈਸ਼ਨ ਵਿਚ ਫਸੇ ਲੋਕਾਂ ਨੂੰ ਕੱਢਣ ਵਿਚ ਸਫਲਤਾ ਪਾ ਲਈ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਤੋਂ ਇਕ ਗੱਲ ਤਾਂ ਬਿਲਕੁਲ ਸਾਫ਼ ਲਗਦੀ ਹੈ ਕਿ ਉਹ ਲੰਬੀ ਦੌੜ ਦੇ ਘੋੜੇ ਦੀ ਸਵਾਰੀ ਕਰਨਾ ਪਸੰਦ ਕਰਦੇ ਹਨ, ਫਿਰ ਭਾਵੇਂ ਹੀ ਉਸ ਦੀ ਚਾਲ ਹੌਲੀ ਕਿਉਂ ਨਾ ਹੋਵੇ। ਅਤੇ ਇਹੀ ਗੱਲ ਉਨ੍ਹਾਂ ਨੂੰ ਆਖ਼ਰੀ ਪੜਾਅ ਤਕ ਸਭ ਤੋਂ ਪਹਿਲਾਂ ਪਹੁੰਚਾ ਦਿੰਦੀ ਹੈ। ਉਥੇ ਪਹੁੰਚਣ ਮਗਰੋਂ ਉਹ ਅਗਲੀ ਨਵੀਂ ਯਾਤਰਾ ਦੀ ਸ਼ੁਰੂਆਤ ਕਰਦੇ ਹਨ, ਜੋ ਹੋ ਚੁੱਕੀ ਹੈ। ਉਜਵਲਾ ਯੋਜਨਾ ਤਹਿਤ ਲੱਕੜਾਂ ਅਤੇ ਧੂੰਏਂ ਤੋਂ ਪ੍ਰੇਸ਼ਾਨ ਤ੍ਰੀਮਤਾਂ ਤਕ ਮੁਫ਼ਤ ਗੈਸ ਦੇ ਸਿਲੰਡਰ ਪਹੁੰਚਾਉਣ ਦੀ ਨੀਤੀ ਇਸ ਦਿਸ਼ਾ ਵਿਚ ਚੁੱਕਿਆ ਗਿਆ ਪਹਿਲਾ ਜ਼ਬਰਦਸਤ ਕਦਮ ਹੈ।

ਕੇਂਦਰ ਵਿਚ ਸੱਤਾ ਵਿਚ ਆਉਂਦੇ ਹੀ ਮੰਤਰੀ ਮੰਡਲ ਨੇ ਪਹਿਲਾ ਫ਼ੈਸਲਾ ਕਾਲੇ ਧਨ ਲਈ ਕਮੇਟੀ ਕਾਇਮ ਕਰਨ ਦਾ ਲਿਆ ਸੀ ਅਤੇ ਦੇਸ਼ ਦੇ ਸਭ ਤੋਂ ਵੱਡੇ ਸੂਬੇ ਵਿਚ ਸੱਤਾ ਵਿਚ ਆਉਂਦੇ ਹੀ ਇਸ ਮੰਤਰੀ ਮੰਡਲ ਨੇ ਅਗਲਾ ਬੇਹੱਦ ਬਦਲਾਅਵਾਦੀ ਅਤੇ ਪ੍ਰਭਾਵਸ਼ਾਲੀ ਫੈਸਲਾ ਕੀਤਾ ਹੈ-ਕੌਮੀ ਸਿਹਤ ਨੀਤੀ ਦਾ।

'ਰੋਟੀ, ਕੱਪੜਾ ਤੇ ਮਕਾਨ' ਦੀ ਤਰਜ਼ 'ਤੇ ਜੇਕਰ ਅਸੀਂ ਸਿੱਖਿਆ, ਸਿਹਤ ਤੇ ਨਿਆਂ ਦੀ ਗੱਲ ਕਰੀਏ ਤਾਂ ਸਿਹਤ ਇਸ ਵਿਚ ਰੋਟੀ ਦੇ ਬਰਾਬਰ ਪਹਿਲੇ ਸਥਾਨ 'ਤੇ ਆਏਗਾ। ਗਰੀਬ ਤੋਂ ਗਰੀਬ ਆਦਮੀ ਦੀ ਵੀ ਇਕ ਤਿਹਾਈ ਕਮਾਈ ਸਿਰਫ਼ ਬਿਮਾਰੀ ਵਿਚ ਖਪ ਜਾਂਦੀ ਹੈ। ਇਸ ਦੌਰਾਨ ਹੋਣ ਵਾਲੀ ਕਮਾਈ ਦਾ ਨੁਕਸਾਨ ਵੱਖਰਾ। ਇਸ ਨੀਤੀ ਤਹਿਤ ਜਿਸ ਸਿਹਤ ਬੀਮਾ ਯੋਜਨਾ ਦੀ ਗੱਲ ਕਹੀ ਗਈ ਹੈ, ਜੇਕਰ ਉਸ ਨੂੰ ਲਾਗੂ ਕੀਤਾ ਜਾ ਸਕਿਆ ਤਾਂ ਇਹ ਇਕ ਤਰ੍ਹਾਂ ਨਾਲ ਲੋਕਾਂ ਦੀ (ਸਿਰਫ਼ ਗਰੀਬਾਂ ਦੀ ਨਹੀਂ) ਉਮਰ ਵਿਚ 30 ਫੀਸਦੀ ਦਾ ਵਾਧਾ ਕਰਨ ਵਰਗਾ ਹੋਵੇਗਾ। ਪ੍ਰਧਾਨ ਮੰਤਰੀ ਜਨ ਧਨ ਖਾਤਾ ਯੋਜਨਾ ਨੇ ਇਸ ਦੇ ਸਫਲ ਹੋਣ ਦੀ ਸੰਭਾਵਨਾ ਦੀ ਭੂਮਿਕਾ ਪਹਿਲਾਂ ਹੀ ਤਿਆਰ ਕਰ ਦਿੱਤੀ ਹੈ ਤੇ ਫਿਰ ਲੋਕਾਂ ਦੇ ਜੀਵਨ 'ਤੇ ਇਸ ਦਾ ਜੋ ਅਸਰ ਹੋਵੇਗਾ, ਉਸ ਦਾ ਨਤੀਜਾ ਮਿਲ ਜਾਵੇਗਾ ਸਾਲ 2019 ਦੀਆਂ ਆਮ ਚੋਣਾਂ ਵਿਚ। ਸ਼ਾਇਦ ਵਿਰੋਧੀ ਦਲ ਇਸ ਨੂੰ ਮਹਿਸੂਸ ਕਰ ਗਏ ਹਨ, ਇਸ ਲਈ ਨਿਰਾਸ਼ ਵੀ ਹਨ।

RADIO GAL PUNJAB DI USA

LISTEN & SUPPORT ਨਿਰਪੱਖ

ਰੇਡੀਓ ਗੱਲ ਪੰਜਾਬ ਦੀ ਯੂਐਸਏ

ਅਸੀਂ ਧਾਰਮਿਕ, ਰਾਜਨੀਤਿਕ, ਸਮਾਜਿਕ

ਅਤੇ ਸਮਾਜ ਦੇ ਹੋਰ ਵੱਖ-ਵੱਖ ਖੇਤਰਾਂ ਦੀਆਂ ਉਂਘੀਆਂ ਸਖ਼ਸ਼ੀਅਤਾਂ ਨੂੰ ਤੁਹਾਡੇ ਰੂਬਰੂ ਲੈ ਕੇ ਆਵਾਂਗੇ

001-510-541-7344
galpunjabdi1@gmail.com

www.radiogalpunjabdiusa.com

Download App From

STAFF/PARTNERS
NEEDED AROUND THE WORLD
ਕ੍ਰਿਪਾ ਕਰਕੇ ਸਾਡੇ ਨਾਲ ਜੁੜੇ ਰਹੋ, ਅਸੀਂ ਤੁਹਾਡੀ ਸਾਰੀਆਂ ਉਮੀਦਾਂ ਤੇ ਖਰੇ ਉਤਰਾਂਗੇ।

CALL TO LISTEN
USA : +1-563-999-3276
CAN : +1-867-675-1499
UK : +44-0330-606-1304
AUS : +61-028-080-5101

Free announcements for Religious, Political, and Social Events

ਕਮਜ਼ੋਰੀ ਦਾ ਜੜ ਤੋਂ ਖਾਤਮਾਂ



VAID HARSHBIR SINGH

ਕਿਸੇ ਵੀ ਕਾਰਨ ਨਾਲ ਆਈ ਕਮਜ਼ੋਰੀ (ਗੁਪਤ ਰੋਗ), ਸ਼ੁਕਰਾਣੂ ਦੀ ਕਮੀ (ਸੰਤਾਨਹੀਨਤਾ), ਵਰਗੇ ਗੁਪਤ ਰੋਗਾਂ ਦਾ ਸ਼ੁੱਧ ਦੇਸੀ ਇਲਾਜ 184 ਕੀਸਮਾਂ ਦੀਆਂ ਕੀਮਤੀ ਜੜੀ ਬੂਟੀਆਂ ਰਾਹੀ ਕੀਤਾ ਜਾਂਦਾ ਹੈ। ਜੋ ਕਿ ਹਰ ਉਮਰ ਵਿੱਚ ਤੁਰੰਤ ਫਾਇਦਾ ਕਰਦੀ ਹੈ। ਤੁਹਾਡੇ ਰੋਗ ਬਾਰੇ ਪੁੱਛ ਕੇ ਉਸ ਦਾ ਸਹੀ ਕਾਰਣ ਜਾਣ ਕੇ ਜੜ ਤੋਂ ਹੀ ਉਸ ਦਾ ਇਲਾਜ ਕੀਤਾ ਜਾਂਦਾ ਹੈ ਤਾਂ ਕਿ ਦਵਾਈ ਬਾਰ ਬਾਰ ਨਾ ਖਾਣੀ ਪਵੇ। ਸੋ ਆਪਣੇ ਗੁਪਤ ਰੋਗ ਨੂੰ ਲੁਕਾ ਕੇ ਵਧਾਓ ਨਾ,ਬਲਕੀ ਸਾਨੂੰ ਦਸ ਕੇ ਉਸ ਦਾ ਇਲਾਜ ਕਰਵਾਓ। ਹਰ ਪਾਸੇ ਤੋਂ ਨਿਰਾਸ਼ ਹੋਏ ਰੋਗੀ ਇੱਕ ਕੋਰਸ ਜਰੂਰ ਕਰ ਕੇ ਫਰਕ ਦੇਖਣ। ਬਜ਼ੁਰਗਾਂ ਅਤੇ ਨਵੇਂ ਵਿਆਹ ਕਰਵਾਉਣ ਵਾਲੇ ਗਭਰੂਆਂ ਲਈ ਖਾਸ ਸ਼ੈਹਨਸ਼ਾਹੀ ਕੋਰਸ ਤੇ ਤਿਲਾਂ ਤਿਆਰ ਕੀਤਾ ਜਾਂਦਾ ਹੈ, ਜਿਸ ਦਾ ਬਹੁਤ ਜਬਰਦਸਤ ਅਤੇ ਤੁਰੰਤ ਫਾਇਦਾ ਮਿਲਦਾ ਹੈ। ਆਪਣਾ ਰੋਗ ਦਸ ਕੇ ਖਰਚਾ ਪੁਛੋ। ਕਮਜ਼ੋਰ ਅਤੇ ਅਣਵਿਕਸਤ ਅੰਗਾਂ ਦੇ ਵਿਕਾਸ ਲੇਪ 100 ਪ੍ਰਤੀਸ਼ਤ ਕਾਮਯਾਬ ਹਨ।

ਵਿਦੇਸ਼ਾਂ ਵਿੱਚ ਦਵਾਈ ਭੇਜਣ ਦਾ ਖਾਸ ਪ੍ਰਬੰਧ ਹੈ।

ਸ਼ਹਿਨਸ਼ਾਹ ਦਵਾਖਾਨਾ (ਰਜਿ)

ਨੇੜੇ ਬੱਸ ਸਟੈਂਡ, ਜਲੰਧਰ, (ਪੰਜਾਬ) INDIA

USA : 786 528 0001 | INDIA : +91-98888 00060

Email us : harshbir.singh1313@gmail.com




REDUCE YOUR DEBT BY UP TO 60%

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਰਹੋ

✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ

ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ

ਅੱਜ ਹੀ ਸਾਨੂੰ ਕਾਲ ਕਰੋ!
1.888.888.9914

ooraa


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM
GLOBAL PUNJAB
channel punjabi
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


JUS DO IT!
Subscribe to the JUS pack today
subscribe now
JUS Pack
has it all!
jus punjabi
one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a worth $150
for advertisement & more information call: +1-718-752-9290
www.jusbroadcasting.com


HAPPY VAISAKHI
SHER ATTA
ਵਿਸਾਖੀ ਦੀਆਂ ਲੱਖ - ਲੱਖ ਵਧਾਈਆਂ
VAISAKHI SALE
Visit your nearest grocery store today
Limited Time Offer
SHER
DURUM ATTA
DESI STYLE
DESI STYLE
www.sherbrarmills.com
SHER ATTA GHAR LAAO